@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
ਦਿੱਲੀ, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।
Tuesday, 6 January 2026
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਮੰਗਲਵਾਰ 6 ਜਨਵਰੀ 2026, 23 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 63, qpatrika@gmail.com ਫੋਨ : 9971359517 www.qaumipatrika.org

## ਭਾਜਪਾ ਆਗੂ ਨੇ ਊਧਵ ਠਾਕਰੇ 'ਤੇ ਲਾਇਆ 3 ਕਰੋੜ ਦਾ ਘਪਲਾ ਕਰਨ ਦਾ ਇਲਜ਼ਾਮ

ਨੈਸ਼ਨਲ ਡੈਸਕ 5 ਜਨਵਰੀ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਆਗੂ ਅਮਿਤ ਸਾਟਮ ਨੇ ਐਤਵਾਰ ਨੂੰ ਸ਼ਿਵ ਸੈਨਾ (ਯੂ.ਬੀ.ਟੀ.) ਦੇ ਪ੍ਰਧਾਨ ਅਤੇ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ 'ਤੇ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ 'ਚ ਸ਼ਾਮਲ ਹੋਣ ਦਾ ਦੋਸ਼ ਲਾਇਆ ਹੈ। ਇਸ ਦੇ ਨਾਲ ਹੀ ਸਾਟਮ ਨੇ ਕਿਹਾ ਕਿ ਉਨ੍ਹਾਂ ਨੇ ਆਪਣੀਆਂ ਟਿੱਪਣੀਆਂ ਰਾਹੀਂ 'ਮਰਾਠੀ ਭਾਈਚਾਰੇ ਦਾ ਅਪਮਾਨ' ਕੀਤਾ ਹੈ। ਸਾਟਮ ਦੀਆਂ ਇਹ ਟਿੱਪਣੀਆਂ ਠਾਕਰੇ ਦੇ ਉਸ ਦਾਅਵੇ ਦਰਮਿਆਨ ਆਈਆਂ ਹਨ ਕਿ ਜੇਕਰ ਬ੍ਰਿਹਨਮੁੰਬਈ ਮਿਊਂਸੀਪਲ ਕਾਰਪੋਰੇਸ਼ਨ (ਬੀ.ਐੱਮ.ਸੀ.) ਦਾ ਖਰਚਾ ਬਜਟ 15,000 ਕਰੋੜ ਰੁਪਏ ਸੀ, ਤਾਂ ਵੱਖ-ਵੱਖ ਕੰਮਾਂ ਲਈ ਠੇਕੇਦਾਰਾਂ ਨੂੰ ਪੇਸ਼ਗੀ ਵਜੋਂ ਦਿੱਤੀ ਜਾਣ ਵਾਲੀ ਰਾਸ਼ੀ ਤਿੰਨ ਲੱਖ ਕਰੋੜ ਰੁਪਏ ਹੈ, ਜੋ ਕਿ ਇਕ 'ਘਪਲਾ' ਹੈ। ਉਨ੍ਹਾਂ ਦੋਸ਼ ਲਾਇਆ ਕਿ ਮਿਊਂਸੀਪਲ ਕਾਰਪੋਰੇਸ਼ਨ ਚੋਣਾਂ ਲਈ ਰਿਸ਼ਵਤ ਦੇ ਪੈਸੇ ਦੀ ਵਰਤੋਂ ਕੀਤੀ ਜਾ ਰਹੀ ਹੈ। ਭਾਜਪਾ ਦੀ ਮੁੰਬਈ ਇਕਾਈ ਦੇ ਪ੍ਰਧਾਨ ਸਾਟਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੋਸ਼ ਲਾਇਆ ਕਿ ਠਾਕਰੇ 3 ਲੱਖ ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਲਈ ਜ਼ਿੰਮੇਵਾਰ ਸਨ। ਸਾਟਮ ਨੇ ਠਾਕਰੇ ਦੇ ਇਕ ਤਾਜ਼ਾ ਵਿਅੰਗ ਦੀ ਵੀ ਸਖ਼ਤ ਨਿੰਦਾ ਕੀਤੀ ਅਤੇ ਕਿਹਾ ਕਿ ਇਹ ਟਿੱਪਣੀ ਨਿੱਜੀ ਅਪਮਾਨ ਨਹੀਂ, ਸਗੋਂ ਹਰ ਮਰਾਠੀ ਵਿਅਕਤੀ ਦਾ ਅਪਮਾਨ ਹੈ। ਸਾਟਮ ਨੇ ਦਾਅਵਾ ਕੀਤਾ ਕਿ ਭਾਵੇਂ ਪਿਛਲੇ 10 ਸਾਲਾਂ 'ਚ ਸੜਕਾਂ 'ਤੇ 21,000 ਕਰੋੜ ਰੁਪਏ ਖਰਚ ਕੀਤੇ ਗਏ ਸਨ ਪਰ ਸ਼ਹਿਰ ਦੀ ਹਾਲਤ ਅਜਿਹੀ ਸੀ ਕਿ 'ਇਹ ਦੱਸਣਾ ਮੁਸ਼ਕਲ ਸੀ ਕਿ ਸੜਕਾਂ 'ਤੇ ਟੋਏ ਹਨ ਜਾਂ ਟੋਇਆਂ ਦੇ ਅੰਦਰ ਸੜਕਾਂ ਹਨ'।

## ਮਨਰੇਗਾ ਤੋਂ ਬਿਹਤਰ ਯੋਜਨਾ ਹੈ ਵਿਕਸਿਤ ਭਾਰਤ-ਜੀ ਰਾਮ ਜੀ : ਸ਼ਿਵਰਾਜ ਚੌਹਾਨ

ਨਵੀਂ ਦਿੱਲੀ 5 ਜਨਵਰੀ। ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਤਹਿਤ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਕੀਤੇ ਜਾਣ ਦਾ ਦੋਸ਼ ਲਾਉਂਦੇ ਹੋਏ ਐਤਵਾਰ ਨੂੰ ਕਿਹਾ ਕਿ ਵਿਕਸਿਤ ਭਾਰਤ-ਰੁਜ਼ਗਾਰ ਅਤੇ ਆਜੀਵਿਕਾ ਗਾਰੰਟੀ ਮਿਸ਼ਨ (ਵਿਕਸਿਤ ਭਾਰਤ-ਜੀ ਰਾਮ ਜੀ) ਯੋਜਨਾ



ਨੂੰ ਲੈ ਕੇ ਕਾਂਗਰਸ ਗਲਤ ਸੂਚਨਾ ਫੈਲਾਅ ਰਹੀ ਹੈ। ਚੌਹਾਨ ਨੇ ਇੱਥੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਵਿਕਸਿਤ ਭਾਰਤ-ਜੀ ਰਾਮ ਜੀ ਯੋਜਨਾ ਖਿਲਾਫ ਕਾਂਗਰਸ ਦੀ ਆਉਣ ਵਾਲੀ ਮੁਹਿੰਮ ਦੀ ਆਲੋਚਨਾ ਕੀਤੀ ਅਤੇ ਸਵਾਲ ਕੀਤਾ ਕਿ ਇਸ ਮੁੱਦੇ 'ਤੇ ਚਰਚਾ ਦੌਰਾਨ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਮੌਜੂਦ ਕਿਉਂ ਨਹੀਂ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਨੇ 'ਮਨਰੇਗਾ ਬਚਾਓ ਸੰਗਰਾਮ' ਦਾ ਐਲਾਨ ਕੀਤਾ ਹੈ। ਇਹ ਅਸਲ ਵਿਚ ਭ੍ਰਿਸ਼ਟਾਚਾਰ ਬਚਾਓ ਮੁਹਿੰਮ ਹੈ। ਉਨ੍ਹਾਂ ਕਿਹਾ ਕਿ ਮਨਰੇਗਾ 'ਚ ਭ੍ਰਿਸ਼ਟਾਚਾਰ ਹੋਣ ਲੱਗ ਗਿਆ ਸੀ। ਗ੍ਰਾਮ ਸਭਾਵਾਂ ਵੱਲੋਂ ਕੀਤੇ ਗਏ ਸਮਾਜਿਕ ਆਡਿਟ ਵਿਚ 10,51,000 ਤੋਂ ਵੱਧ ਸ਼ਿਕਾਇਤਾਂ ਮਿਲੀਆਂ। ਇਕੋ ਕੰਮ ਨੂੰ ਦੁਹਰਾਇਆ ਗਿਆ, ਕੰਮ ਮਸ਼ੀਨਾਂ ਰਾਹੀਂ ਕਰਵਾਇਆ ਗਿਆ, ਨਹਿਰਾਂ ਅਤੇ ਸੜਕਾਂ ਦੀ ਸਫਾਈ ਦੇ ਨਾਂ 'ਤੇ ਪੈਸਿਆਂ ਦੀ ਹੇਰਾਫੇਰੀ ਕੀਤੀ ਗਈ। 30 ਫੀਸਦੀ ਮਜ਼ਦੂਰ 60 ਸਾਲ ਤੋਂ ਉੱਪਰ ਸਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਤਹਿਤ 8,48,000 ਕਰੋੜ ਰੁਪਏ ਤੋਂ ਵੱਧ ਦਿੱਤੇ ਗਏ, ਜਦਕਿ ਯੂ. ਪੀ. ਏ. ਦੀ ਪਿਛਲੀ ਸਰਕਾਰ ਦੌਰਾਨ 2 ਲੱਖ ਕਰੋੜ ਰੁਪਏ ਤੋਂ ਵੱਧ ਦਿੱਤੇ ਗਏ। ਕੀ ਸਥਾਈ ਜਾਇਦਾਦਾਂ ਬਣਾਈਆਂ ਗਈਆਂ? ਕੀ ਇਸ ਪੈਸੇ ਦੀ ਵਰਤੋਂ ਵਿਕਾਸ ਲਈ ਹੋ ਸਕੀ? ਉਨ੍ਹਾਂ ਕਿਹਾ ਕਿ ਕਾਂਗਰਸ ਝੂਠ ਦੀ ਫੈਕਟਰੀ ਹੈ। ਹੁਣ ਉਹ ਕਹਿ ਰਹੇ ਹਨ ਕਿ ਮਜ਼ਦੂਰਾਂ ਨੂੰ ਕੰਮ ਨਹੀਂ ਮਿਲੇਗਾ। ਉਨ੍ਹਾਂ ਦਾਅਵਾ ਕੀਤਾ ਕਿ ਵਿਕਸਿਤ ਭਾਰਤ-ਜੀ ਰਾਮ ਜੀ ਤਹਿਤ ਮਜ਼ਦੂਰਾਂ ਦੇ ਹਿੱਤ ਬਿਹਤਰ ਢੰਗ ਨਾਲ ਸੁਰੱਖਿਅਤ ਰਹਿਣਗੇ।

# 2020 ਦੇ ਦਿੱਲੀ ਦੰਗੇ ਮਾਮਲੇ 'ਚ ਸੁਪਰੀਮ ਕੋਰਟ ਨੇ ਉਮਰ ਖਾਲਿਦ ਤੇ ਸ਼ਰਜੀਲ ਇਮਾਮ ਦੀ ਜ਼ਮਾਨਤ ਪਟੀਸ਼ਨ ਕੀਤੀ ਖਾਰਜ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 5 ਜਨਵਰੀ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਦਿੱਲੀ ਦੰਗਿਆਂ ਦੇ ਵੱਡੇ ਸਾਜ਼ਿਸ਼ ਮਾਮਲੇ ਦੇ ਦੋਸ਼ੀ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਪਰ 5 ਹੋਰ ਮੁਲਜ਼ਮਾਂ ਦੀਆਂ ਜ਼ਮਾਨਤ ਪਟੀਸ਼ਨਾਂ ਨੂੰ ਸਵੀਕਾਰ ਕਰ ਲਿਆ। ਅਦਾਲਤ ਨੇ ਕਿਹਾ ਕਿ ਉਪਲਬਧ ਸਮੱਗਰੀ ਉਨ੍ਹਾਂ ਵਿਰੁੱਧ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ, 1967 ਦੇ ਤਹਿਤ ਪਹਿਲੀ ਨਜ਼ਰੇ ਕੇਸ ਬਣਾਉਂਦੀ ਹੈ। ਸੁਪਰੀਮ ਕੋਰਟ ਨੇ ਇਸੇ ਮਾਮਲੇ ਦੇ ਦੋ ਹੋਰ ਦੋਸ਼ੀਆਂ ਗੁਲਫਿਸ਼ਾਂ ਫਾਤਿਮਾ, ਮੀਰਾ ਹੈਦਰ, ਸ਼ਿਫਾ-ਉਰ ਰਹਿਮਾਨ, ਮੁਹੰਮਦ ਸਲੀਮ ਖਾਨ ਅਤੇ ਸ਼ਾਦਾਬ ਅਹਿਮਦ ਨੂੰ ਵੀ ਜ਼ਮਾਨਤ ਦੇ ਦਿੱਤੀ। ਜਸਟਿਸ ਅਰਵਿੰਦ ਕੁਮਾਰ ਅਤੇ ਐੱਨ.ਵੀ. ਅੰਜਾਰੀਆ ਦੇ ਬੈਂਚ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਇਸ ਨੇ ਮਾਮਲੇ ਦਾ ਇੱਕ ਆਮ ਦ੍ਰਿਸ਼ਟੀਕੋਣ ਅਪਣਾਉਣ ਦੀ ਬਜਾਏ ਹਰੇਕ ਦੋਸ਼ੀ ਦੀ ਭੂਮਿਕਾ ਦਾ ਸੁਤੰਤਰ ਤੌਰ 'ਤੇ ਵਿਸ਼ਲੇਸ਼ਣ ਕੀਤਾ ਹੈ। ਅਦਾਲਤ ਨੇ ਹੇਠਲੀ ਅਦਾਲਤ ਨੂੰ ਕਾਰਵਾਈ ਤੇਜ਼ ਕਰਨ ਦੇ ਵੀ ਨਿਰਦੇਸ਼ ਦਿੱਤੇ। ਜਿਨ੍ਹਾਂ ਦੋਸ਼ੀਆਂ ਨੂੰ ਜ਼ਮਾਨਤ



ਦਿੱਤੀ ਗਈ ਸੀ ਉਹ 12 ਸ਼ਰਤਾਂ ਦੇ ਅਧੀਨ ਸਨ, ਅਤੇ ਅਦਾਲਤ ਨੇ ਸਪੱਸ਼ਟ ਕੀਤਾ ਕਿ ਜੇਕਰ ਇਨ੍ਹਾਂ ਸ਼ਰਤਾਂ ਦੀ ਉਲੰਘਣਾ ਕੀਤੀ ਗਈ ਤਾਂ ਉਨ੍ਹਾਂ ਦੀ ਜ਼ਮਾਨਤ ਰੱਦ ਕੀਤੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ 2020 ਦੇ ਦਿੱਲੀ ਦੰਗੇ ਉੱਤਰ-ਪੂਰਬੀ ਦਿੱਲੀ ਵਿੱਚ 24 ਫਰਵਰੀ, 2020 ਨੂੰ ਉਸ ਸਮੇਂ ਸ਼ੁਰੂ ਹੋਏ, ਜਦੋਂ ਨਾਗਰਿਕਤਾ (ਸੋਧ) ਐਕਟ ਅਤੇ ਨੈਸ਼ਨਲ ਰਜਿਸਟਰ ਆਫ ਸਿਟੀਜ਼ਨ ਦੇ ਵਿਰੁੱਧ ਵਿਆਪਕ ਪ੍ਰਦਰਸ਼ਨ ਹੋ ਰਹੇ ਸਨ। ਇਹ ਦੰਗੇ ਰਾਸ਼ਟਰੀ ਰਾਜਧਾਨੀ ਵਿੱਚ ਪਿਛਲੇ ਕਈ ਦਹਾਕਿਆਂ ਵਿੱਚ ਹੋਈਆਂ ਸਭ ਤੋਂ ਘਾਤਕ ਘਟਨਾਵਾਂ ਵਿੱਚੋਂ ਇੱਕ ਸਨ। ਕਈ ਦਿਨਾਂ ਤੱਕ ਚੱਲੀ ਇਸ ਹਿੰਸਾ ਵਿੱਚ 50 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚ ਜ਼ਿਆਦਾਤਰ ਮੁਸਲਮਾਨ ਸਨ, ਜਦਕਿ 700 ਤੋਂ ਵੱਧ ਲੋਕ ਜ਼ਖਮੀ ਹੋਏ ਸਨ। ਇਨ੍ਹਾਂ ਦੰਗਿਆਂ ਨੂੰ ਭੜਕਾਉਣ ਦੀ ਇੱਕ ਵੱਡੀ ਸਾਜ਼ਿਸ਼ ਵਿੱਚ ਕਥਿਤ ਤੌਰ 'ਤੇ ਸ਼ਾਮਲ ਹੋਣ ਲਈ 20 ਲੋਕਾਂ ਵਿਰੁੱਧ ਦੋਸ਼ ਲਗਾਏ ਗਏ ਹਨ। ਇਨ੍ਹਾਂ 'ਚ ਉਮਰ ਖਾਲਿਦ, ਸ਼ਾਰਜੀਲ ਇਮਾਮ ਦਾ ਨਾਂ ਮੁੱਖ ਤੌਰ 'ਤੇ ਸ਼ਾਮਲ ਹੈ।

## ਭਾਰਤ 'ਤੇ ਛੇਤੀ ਲੱਗੇਗਾ ਨਵਾਂ ਟੈਰਿਫ਼ ! ਟਰੰਪ ਨੇ ਦੇ'ਤੀ ਵਾਰਨਿੰਗ

ਇੰਟਰਨੈਸ਼ਨਲ ਡੈਸਕ 5 ਜਨਵਰੀ। ਬੀਤੇ ਦਿਨੀਂ ਵੈਨੇਜ਼ੁਏਲਾ 'ਤੇ ਕੀਤੀ ਏਅਰਸਟ?ਰਾਈਕ ਮਗਰੋਂ ਜਿੱਥੇ ਅਮਰੀਕਾ ਦੀ ਕਈ ਦੇਸ਼ਾਂ ਵੱਲੋਂ ਨਿਖੇਧੀ ਕੀਤੀ ਜਾ ਰਹੀ ਹੈ, ਉੱਥੇ ਹੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਭਾਰਤ ਨੂੰ ਟੈਰਿਫ਼ ਵਧਾਉਣ ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਰਤ ਨੇ ਰੂਸ ਤੋਂ ਤੇਲ ਖਰੀਦਣ ਦੇ ਮੁੱਦੇ 'ਤੇ ਅਮਰੀਕਾ ਦਾ ਸਹਿਯੋਗ ਨਾ ਦਿੱਤਾ ਤਾਂ ਉਹ ਭਾਰਤ 'ਤੇ ਟੈਰਿਫ ਹੋਰ ਵਧਾ ਸਕਦੇ ਹਨ। ਵ?ਹਾਈਟ ਹਾਊਸ ਦੁਆਰਾ ਜਾਰੀ ਇੱਕ ਆਡੀਓ ਵਿੱਚ ਟਰੰਪ ਨੇ ਕਿਹਾ ਕਿ ਉਹ ਭਾਰਤ 'ਤੇ ਬਹੁਤ ਜਲਦੀ ਨਵੇਂ ਟੈਰਿਫ ਲਗਾ ਸਕਦੇ ਹਨ। ਆਪਣੀ ਇਸ ਚਿਤਾਵਨੀ ਦੇ ਬਾਵਜੂਦ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ਼ ਕਰਦਿਆਂ ਉਨ੍ਹਾਂ ਨੂੰ ਇੱਕ ਬਹੁਤ ਚੰਗਾ ਇਨਸਾਨ ਦੱਸਿਆ। ਟਰੰਪ ਨੇ ਦਾਅਵਾ ਕੀਤਾ ਕਿ ਮੋਦੀ ਜਾਣਦੇ ਸਨ ਕਿ ਮੈਂ ਭਾਰਤ ਦੁਆਰਾ ਰੂਸ ਤੋਂ ਤੇਲ ਖਰੀਦਣ ਕਾਰਨ ਖੁਸ਼ ਨਹੀਂ ਸੀ, ਅਤੇ ਉਹ ਮੈਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਅਮਰੀਕਾ ਨੇ ਰੂਸ ਤੋਂ ਕੱਚਾ ਤੇਲ ਖਰੀਦਣ ਕਾਰਨ ਭਾਰਤ 'ਤੇ ਪਹਿਲਾਂ ਹੀ 50 ਫ਼ੀਸਦੀ ਟੈਰਿਫ ਲਗਾਇਆ ਹੋਇਆ ਹੈ, ਜਿਸ ਵਿੱਚ 25 ਫ਼ੀਸਦੀ ਟੈਰਿਫ਼ ਪੇਨਾਲਟੀ ਵਜੋਂ ਲਾਇਆ ਗਿਆ ਹੈ। ਇਹ ਟੈਰਿਫ ਪਿਛਲੇ ਸਾਲਾਂ ਵਿੱਚ 10 ਫ਼ੀਸਦੀ ਤੋਂ ਵਧ ਕੇ 50 ਫ਼ੀਸਦੀ ਤੱਕ ਪਹੁੰਚ ਗਿਆ ਹੈ। ਅਮਰੀਕਾ ਵੱਲੋਂ ਲਗਾਈਆਂ ਗਈਆਂ ਵਪਾਰਕ ਪਾਬੰਦੀਆਂ ਅਤੇ ਟੈਰਿਫ ਕਾਰਨ ਭਾਰਤ ਦੇ ਨਿਰਯਾਤ ਵਿੱਚ ਵੱਡੀ ਕਮੀ ਆਈ ਹੈ। ਮਈ ਤੋਂ ਸਤੰਬਰ 2025 ਦੇ ਵਿਚਕਾਰ ਭਾਰਤ ਦਾ ਅਮਰੀਕਾ ਨੂੰ ਨਿਰਯਾਤ 37.5 ਫ਼ੀਸਦੀ ਘਟ ਕੇ 8.8 ਅਰਬ ਡਾਲਰ ਤੋਂ 5.5 ਅਰਬ ਡਾਲਰ ਰਹਿ ਗਿਆ ਹੈ। ਅਮਰੀਕੀ ਸੈਨੇਟਰ ਲਿੰਡਸੇ ਗ੍ਰਾਹਮ ਅਨੁਸਾਰ, ਅਜਿਹਾ ਕਾਨੂੰਨ ਲਿਆਂਦਾ ਜਾ ਰਿਹਾ ਹੈ ਜੋ ਰਾਸ਼ਟਰਪਤੀ ਨੂੰ ਰੂਸੀ ਤੇਲ ਖਰੀਦਣ ਵਾਲੇ ਦੇਸ਼ਾਂ 'ਤੇ 500 ਫ਼ੀਸਦੀ ਤੱਕ ਟੈਰਿਫ ਲਗਾਉਣ ਦਾ ਅਧਿਕਾਰ ਦੇਵੇਗਾ। ਗ੍ਰਾਹਮ ਨੇ ਦਾਅਵਾ ਕੀਤਾ ਕਿ ਅਮਰੀਕੀ ਦਬਾਅ ਕਾਰਨ ਹੁਣ ਭਾਰਤ ਨੇ ਰੂਸ ਤੋਂ ਤੇਲ ਦੀ ਖਰੀਦ ਕਾਫੀ ਘਟਾ ਦਿੱਤੀ ਹੈ। ਟਰੰਪ ਨੇ ਪਿਛਲੀ ਬਾਈਡਨ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਜਿੱਥੇ ਪਹਿਲਾਂ ਅਮਰੀਕਾ ਪੈਸੇ ਦੇ ਰਿਹਾ ਸੀ, ਹੁਣ ਉਨ੍ਹਾਂ ਦੀਆਂ ਨੀਤੀਆਂ ਕਾਰਨ ਅਮਰੀਕਾ ਨੂੰ ਪੈਸਾ ਮਿਲ ਰਿਹਾ ਹੈ।

# ਹੁਣ ਅਜਮੇਰ ਸ਼ਰੀ.ਫ ਦਰਗਾਹ 'ਤੇ ਚੜ੍ਹ ਸਕੇਗੀ ਪ੍ਰਧਾਨ ਮੰਤਰੀ ਮੋਦੀ ਦੀ ਚਾਦਰ !

ਕੌਮੀ ਪਤ੍ਰਿਕਾ

ਨਵੀਂ ਦਿੱਲੀ 5 ਜਨਵਰੀ। ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਜਮੇਰ ਸ਼ਰੀਫ ਦਰਗਾਹ 'ਤੇ ਰਸਮੀ ਤੌਰ 'ਤੇ 'ਚਾਦਰ' ਚੜ੍ਹਾਉਣ ਤੋਂ ਰੋਕਣ ਦੀ ਮੰਗ ਵਾਲੀ ਇਕ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜਯਮਾਲਿਆ ਬਾਗਚੀ ਦੀ ਬੈਂਚ ਨੇ ਸੋਮਵਾਰ ਨੂੰ ਇਸ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਮੁੱਦਾ ਤਰਕਸੰਗਤ ਨਹੀਂ ਹੈ। ਇਸ ਪਟੀਸ਼ਨ 'ਚ ਕੇਂਦਰ ਸਰਕਾਰ ਅਤੇ ਇਸ ਦੀਆਂ ਸੰਸਥਾਵਾਂ ਵੱਲੋਂ ਇਸਲਾਮੀ ਵਿਦਵਾਨ ਖਵਾਜਾ ਮੋਇਨੂਦੀਨ ਚਿਸ਼ਤੀ ਅਤੇ ਅਜਮੇਰ ਦਰਗਾਹ ਨੂੰ ਦਿੱਤੇ ਜਾਣ ਵਾਲੇ ਰਾਜ-ਪ੍ਰਾਯੋਜਿਤ ਰਸਮੀ ਸਨਮਾਨ ਅਤੇ ਪ੍ਰਤੀਕਾਤਮਕ ਮਾਨਤਾ ਨੂੰ ਚੁਣੌਤੀ ਦਿੱਤੀ ਗਈ ਸੀ। ਪਟੀਸ਼ਨਕਰਤਾ ਜਤਿੰਦਰ ਸਿੰਘ ਅਤੇ ਹੋਰਾਂ ਵੱਲੋਂ ਪੇਸ਼ ਹੋਏ ਵਕੀਲ ਬਰੁਣ ਸਿਨਹਾ ਨੇ ਦਲੀਲ ਦਿੱਤੀ ਕਿ ਅਜਮੇਰ ਦਰਗਾਹ 'ਤੇ 'ਚਾਦਰ' ਚੜ੍ਹਾਉਣ ਦੀ ਰਸਮ 1947 'ਚ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੁਆਰਾ ਸ਼ੁਰੂ ਕੀਤੀ ਗਈ ਸੀ, ਜੋ ਉਦੋਂ ਤੋਂ ਬਿਨਾਂ ਕਿਸੇ ਕਾਨੂੰਨੀ ਜਾਂ ਸੰਵਿਧਾਨਕ ਆਧਾਰ ਦੇ ਜਾਰੀ ਹੈ। ਵਕੀਲ ਨੇ ਇਹ ਵੀ ਦੱਸਿਆ ਕਿ ਹੇਠਲੀ ਅਦਾਲਤ 'ਚ ਇਕ ਸਿਵਲ ਮੁਕੱਦਮਾ ਪੈਂਡਿੰਗ ਹੈ, ਜਿਸ 'ਚ ਦਾਅਵਾ ਕੀਤਾ ਗਿਆ ਹੈ ਕਿ ਦਰਗਾਹ ਦਾ ਨਿਰਮਾਣ ਇਕ ਸ਼ਿਵ ਮੰਦਰ ਦੇ ਖੰਡਰਾਂ 'ਤੇ ਕੀਤਾ



ਗਿਆ ਸੀ। ਹਿੰਦੂ ਸੰਗਠਨ ਦੇ ਮੈਂਬਰਾਂ, ਜਤਿੰਦਰ ਸਿੰਘ ਅਤੇ ਵਿਸ਼ਨੂੰ ਗੁਪਤਾ ਨੇ ਆਪਣੀ ਪਟੀਸ਼ਨ 'ਚ ਦਾਅਵਾ ਕੀਤਾ ਕਿ ਇਤਿਹਾਸਕ ਰਿਕਾਰਡ ਦੱਸਦੇ ਹਨ ਕਿ ਮੋਇਨੂਦੀਨ ਚਿਸ਼ਤੀ ਉਨ੍ਹਾਂ ਵਿਦੇਸ਼ੀ ਹਮਲਿਆਂ ਨਾਲ ਜੁੜੇ ਹੋਏ ਸਨ ਜਿਨ੍ਹਾਂ ਨੇ ਸਥਾਨਕ ਆਬਾਦੀ ਦਾ ਦਮਨ ਅਤੇ ਧਰਮ ਪਰਿਵਰਤਨ ਕੀਤਾ ਸੀ, ਜੋ ਕਿ ਭਾਰਤ ਦੀ ਪ੍ਰਭੂਸੱਤਾ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਦੇ ਵਿਰੁੱਧ ਹੈ। ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਕਿ ਇਸ ਰਿਟ ਪਟੀਸ਼ਨ ਦੇ ਖਾਰਜ ਹੋਣ ਦਾ ਹੇਠਲੀ ਅਦਾਲਤ 'ਚ ਪੈਂਡਿੰਗ ਸਿਵਲ ਮੁਕੱਦਮੇ 'ਤੇ ਕੋਈ ਅਸਰ ਨਹੀਂ ਪਵੇਗਾ। ਜਸਟਿਸ ਸੂਰਿਆ ਕਾਂਤ ਨੇ ਪਟੀਸ਼ਨਕਰਤਾਵਾਂ ਨੂੰ ਕਿਹਾ,ਤੁਸੀਂ ਸਿਵਲ ਮੁਕੱਦਮੇ 'ਚ ਉਚਿਤ ਰਾਹਤ ਪਾਉਣ ਲਈ ਅੱਗੇ ਵਧੋ। ਅਦਾਲਤ ਨੇ ਇਸ ਮਾਮਲੇ 'ਤੇ ਕੋਈ ਵੀ ਹੋਰ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

# ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ 'ਚ ਪੇਸ਼ ਹੋ ਕੇ ਭਗਵੰਤ ਮਾਨ ਨਿਮਰਤਾ ਨਾਲ ਦੇਵੇ ਸਪੱਸ਼ਟੀਕਰਨ: ਸਰਨਾ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 5 ਜਨਵਰੀ। ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਅੱਗੇ ਪੇਸ਼ ਹੋਣਾ ਚਾਹੀਦਾ ਹੈ, ਅਤੇ ਸਿੱਖ ਸੰਸਥਾਵਾਂ ਬਾਰੇ ਆਪਣੀਆਂ ਵਾਰ-ਵਾਰ ਜਨਤਕ ਰੂਪ 'ਚ ਕੀਤੀਆਂ ਅਪਮਾਨਯੋਗ ਟਿੱਪਣੀਆਂ ਲਈ " ਪੂਰੀ ਨਿਮਰਤਾ ਨਾਲ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ। ਸਰਨਾ ਨੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਕਿਉਂਕਿ ਮਾਨ ਇਕ ਅਭਿਆਸੀ ਸਿੱਖ ਨਹੀਂ ਹੈ, ਇਸ ਲਈ ਸਥਾਪਿਤ ਸਿੱਖ ਮਰਿਆਦਾ ਦੀ ਲੋੜ ਹੈ ਕਿ ਕੋਈ ਵੀ ਸਪੱਸ਼ਟੀਕਰਨ ਅਕਾਲ ਤਖ਼ਤ ਸਕੱਤਰੇਤ ਵਿਖੇ ਪੇਸ਼ ਕੀਤਾ ਜਾਵੇ ਨਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ , ਕਿਉਂਕਿ ਪਤਿਤ ਹੋਣ ਕਾਰਨ ਭਗਵੰਤ ਮਾਨ ਉੱਥੇ ਪੇਸ਼ ਨਹੀਂ ਹੋ ਸਕਦਾ। ਉਨ੍ਹਾਂ ਅੱਗੇ ਕਿਹਾ ਕਿ ਅਜਿਹਾ ਪ੍ਰੋਟੋਕੋਲ ਸਿੱਖ ਸੰਸਥਾਵਾਂ ਦੀ ਸ਼ਾਨ ਅਤੇ ਅਨੁਸ਼ਾਸਨ ਨੂੰ ਬਣਾਈ ਰੱਖਣ ਲਈ ਮੌਜੂਦ ਹੈ। ਸਰਨਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਮੁੱਖ ਮੰਤਰੀ



ਨੂੰ ਸ਼੍ਰੋਮਣੀ ਕਮੇਟੀ ਦੀ ਗੋਲਕ ਜਾਂ ਦਸਵੰਧ ਦੀ ਭੇਟਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਵਾਰ-ਵਾਰ ਅਤੇ ਇਤਰਾਜ਼ਯੋਗ ਟਿੱਪਣੀਆਂ ਲਈ ਤਲਬ ਕਰਨ ਦੇ ਫੈਸਲੇ 'ਤੇ ਪ੍ਰਤੀਕਿਰਿਆ ਦੇ ਰਹੇ ਸਨ। ਜਥੇਦਾਰ ਨੇ ਇਹ ਵੀ ਕਿਹਾ ਹੈ ਕਿ ਮਾਨ ਦੀਆਂ ਟਿੱਪਣੀਆਂ ਸਿੱਖ ਰਹਿਤ ਮਰਿਆਦਾ 'ਤੇ ਹਮਲਾ ਸੀ, ਜਿਸ ਨੂੰ ਪਿਛਲੀ ਸਦੀ ਵਿਚ ਸਿੱਖ ਕੌਮ ਵੱਲੋਂ ਸਮੂਹ ਮਸ਼ਵਰੇ ਬਾਅਦ ਤਿਆਰ ਕੀਤਾ ਗਿਆ ਸੀ। ਸਰਨਾ ਨੇ ਕਿਹਾ, "ਮੁੱਖ ਮੰਤਰੀ ਨੂੰ ਇਸ ਮਾਮਲੇ ਨੂੰ ਸੰਜਮ ਅਤੇ ਸਤਿਕਾਰ ਨਾਲ ਵਿਚਾਰਨਾ ਚਾਹੀਦਾ ਹੈ। ਜੇਕਰ ਉਨ੍ਹਾਂ ਕੋਲ ਕੋਈ ਸਪੱਸ਼ਟੀਕਰਨ ਹੈ, ਤਾਂ ਇਹ ਸਿੱਖ ਨਿਯਮਾਂ ਅਤੇ ਨਿਮਰਤਾ ਨਾਲ ਦਿੱਤਾ ਜਾਣਾ ਚਾਹੀਦਾ ਹੈ।"ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਰਾਜਨੀਤਿਕ ਅਹੁਦਾ ਕਿਸੇ ਨੂੰ ਵੀ ਸਿੱਖ ਸੰਸਥਾਵਾਂ ਦੇ ਸਮੂਹਿਕ ਅਨੁਸ਼ਾਸਨ ਤੋਂ ਉੱਪਰ ਨਹੀਂ ਰੱਖਦਾ। ਸਰਨਾ ਨੇ ਅੱਗੇ ਕਿਹਾ ਕਿ ਜਨਤਕ ਨੁਮਾਇੰਦਿਆਂ ਨੂੰ ਸਿੱਖ ਧਾਰਮਿਕ ਅਭਿਆਸਾਂ ਅਤੇ ਪ੍ਰਬੰਧਨ ਨਾਲ ਜੁੜੇ ਮਾਮਲਿਆਂ 'ਤੇ ਬੋਲਦੇ ਸਮੇਂ ਸਾਵਧਾਨ ਰਹਿਣਾ ਚਾਹੀਦਾ ਹੈ, ਖਾਸ ਕਰਕੇ ਜਦੋਂ ਅਜਿਹੀਆਂ ਟਿੱਪਣੀਆਂ ਸੰਗਤ ਵਿਚ ਗਲਤਫਹਿਮੀ ਪੈਦਾ ਕਰਨ ਦਾ ਖ਼ਤਰਾ ਰੱਖਦੀਆਂ ਹਨ।

# ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸ਼ੁਰੂ ਕੀਤਾ ਗਿਆ ਮਿਸ਼ਨ ਪ੍ਰਗਤੀ

ਬਠਿੰਡਾ, 5 ਜਨਵਰੀ : ਜ਼ਿਲ੍ਹਾ ਪ੍ਰਸ਼ਾਸਨ ਵਲੋਂ 5 ਜਨਵਰੀ 2026 ਨੂੰ ਜ਼ਿਲ੍ਹਾ ਲਾਇਬਰੇਰੀ, ਬਠਿੰਡਾ ਵਿਖੇ ਪ੍ਰਮੁੱਖ ਪਹਿਲ ਕਦਮੀ 'ਮਿਸ਼ਨ-ਪ੍ਰਗਤੀ' ਅਧੀਨ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਮੁਫਤ ਕੋਚਿੰਗ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ 'ਤੇ ਬੋਲਦਿਆਂ ਸ੍ਰੀ ਰਾਜੇਸ਼ ਧੀਮਾਨ, ਆਈ.ਏ.ਐਸ. ਡਿਪਟੀ ਕਮਿਸ਼ਨਰ, ਬਠਿੰਡਾ, ਸ਼੍ਰੀਮਤੀ ਅਮਨੀਤ ਕੌਂਡਲ, ਆਈ.ਪੀ.ਐਸ, ਐਸ.ਐਸ.ਪੀ. ਅਤੇ ਹੋਰ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਦੱਸਿਆ ਕਿ ਇਸ ਪਹਿਲ ਕਦਮੀ ਦਾ ਉਦੇਸ਼ ਹੋਣਹਾਰ ਵਿਦਿਆਰਥੀਆਂ ਜਿੰਨ੍ਹਾਂ ਪਾਸ ਅਕਸਰ ਗੁਣਵੰਤਾ ਅਤੇ ਕਿਫਾਇਤੀ ਕੋਚਿੰਗ ਸਹੂਲਤਾਂ ਦੀ ਘਾਟ ਹੁੰਦੀ ਹੈ, ਦੀ ਸਹਾਇਤਾ ਕਰਨਾ ਹੈ। ਮੁੱਢਲੇ ਤੌਰ 'ਤੇ ਇਹ ਪ੍ਰੋਗਰਾਮ 35 ਚੁਣੇ ਹੋਏ ਵਿਦਿਆਰਥੀਆਂ ਨਾਲ ਸ਼ੁਰੂ ਕੀਤਾ ਗਿਆ ਹੈ। ਮਿਸ਼ਨ ਪ੍ਰਗਤੀ ਇੱਕ ਵਿਆਪਕ ਅਤੇ ਏਕੀਕ੍ਰਿਤ ਦ੍ਰਿਸ਼ਟੀਕੋਣ ਰੱਖਦਾ ਹੈ ਜਿਸ ਵਿੱਚ ਢਾਂਚਾਗਤ ਵਿਦਿਅਕ ਕੋਚਿੰਗ ਨੂੰ ਫਿਜ਼ੀਕਲ ਟਰੇਨਿੰਗ ਨਾਲ ਜੋੜਿਆ ਹੈ। ਵਿਦਿਆਰਥੀਆਂ ਨੂੰ ਗਣਿਤ, ਤਰਕ, ਜਨਰਲ ਸਟੱਡੀਜ਼/ਵਰਤਮਾਨ ਮਾਮਲੇ ਅਤੇ ਅੰਗਰੇਜ਼ੀ ਵਰਗੇ ਮੁੱਖ ਵਿਸ਼ਿਆਂ ਅਧੀਨ ਕੋਚਿੰਗ ਦੇ ਨਾਲ-ਨਾਲ ਨਿਯਮਤ ਮੌਕ ਟੈਸਟ, ਉਨ੍ਹਾਂ ਦੀ ਪ੍ਰਫਾਰਮੈਂਸ ਟਰੈਕਿੰਗ ਅਤੇ ਵਿਅੱਕਤੀਗਤ ਸਲਾਹ ਮਸ਼ਵਰਾ ਦੇਣ ਤੋਂ ਇਲਾਵਾ ਪੰਜਾਬ ਪੁਲਿਸ ਅਤੇ ਸੀ-ਪਾਈਟ ਦੇ ਸਿੱਖਿਅਕ ਇੰਸਟ?ਰਕਟਰਾਂ ਦੁਆਰਾ ਪੇਸ਼ੇਵਰ ਅਤੇ ਪ੍ਰੀਖਿਆ-ਅਧਾਰਤ ਫਿਜ਼ੀਕਲ ਟਰੇਨਿੰਗ ਦੇ ਕੇ ਉਨ੍ਹਾਂ ਨੂੰ ਐਸ.ਐਸ.ਬੀ., ਪੰਜਾਬ ਪੁਲਿਸ, ਸੀ.ਪੀ.ਓ., ਹਥਿਆਰਬੰਦ ਸੈਨਾਵਾਂ ਅਤੇ ਹੋਰ ਕੇਂਦਰੀ ਤੇ ਰਾਜ ਪੱਧਰੀ ਭਰਤੀਆਂ ਲਈ ਤਿਆਰ ਕੀਤਾ ਜਾਵੇਗਾ। ਫਿਜ਼ੀਕਲ ਟਰੇਨਿੰਗ ਸੀ-ਪਾਈਟ ਦੇ ਗਰਾਊਂਡ ਵਿੱਚ ਦਿੱਤੀ ਜਾਵੇਗੀ। ਘਰ ਵਿੱਚ ਪੜ੍ਹਨ ਲਈ ਸੁਖਾਵਾਂ ਮਾਹੌਲ ਨਹੀਂ ਹੁੰਦਾ ਅਤੇ ਪ੍ਰਤੀਯੋਗੀ ਪ੍ਰੀਖਿਆ ਲਈ ਕਿਤਾਬਾਂ ਕਾਫੀ ਮਹਿੰਗੀਆਂ ਹੋਣ ਕਾਰਨ ਬੱਚਿਆਂ ਨੂੰ ਇਹ ਕਿਤਾਬਾਂ ਖ?ਰੀਦ ਕਰਨਾ ਉਨ੍ਹਾਂ ਲਈ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਚੁਣੇ ਹੋਏ ਵਿਦਿਆਰਥੀਆਂ ਨੂੰ ਜ਼ਿਲ੍ਹਾ ਲਾਇਬਰੇਰੀ ਦੇ ਮੈਂਬਰ ਵਜੋਂ ਇਨਰੋਲ ਕਰਕੇ ਉਨ੍ਹਾਂ ਨੂੰ ਲਾਇਬਰੇਰੀ ਤੋਂ ਮੁਫਤ ਕਿਤਾਬਾਂ ਜਾਰੀ ਕੀਤੀਆਂ ਜਾਣਗੀਆਂ। ਮੈਂਬਰਸ਼ਿਪ ਬਹੁਤ ਨਾ-ਮਾਤਰ ਰੱਖੀ ਗਈ ਹੈ। ਇਸ ਪ੍ਰੋਗਰਾਮ ਦੀ ਇੱਕ ਵਿਲੱਖਣ ਵਿਸ਼ੇਸ਼ਤਾ ਇਸ ਦਾ ਅਧਿਆਪਕ ਮਾਰਗਦਰਸ਼ਕ ਮਾਡਲ ਹੈ ਜਿੱਥੇ ਫੈਕਲਟੀ ਮੈਂਬਰ ਖੁਦ ਪ੍ਰਤੀਯੋਗੀ ਪ੍ਰੀਖਿਆਵਾਂ ਦੇਣ ਵਾਲੇ ਉਮੀਦਵਾਰ ਵੀ ਹਨ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਉਨ੍ਹਾਂ ਅਧਿਆਪਕਾਂ ਦੀ ਵੀ ਸਹਾਇਤਾ ਕੀਤੀ ਜਾ ਰਹੀ ਹੈ ਜੋ ਅਜਿਹੀਆਂ ਪ੍ਰੀਖਿਆਵਾਂ ਦੀ ਖੁਦ ਵੀ ਤਿਆਰੀ ਕਰ ਰਹੇ ਹਨ। ਇਸ ਤਰ੍ਹਾਂ ਇਹ ਪ੍ਰੋਗਰਾਮ 'ਨੌਜਵਾਨਾਂ ਵਲੋਂ ਨੌਜਵਾਨਾਂ ਦੀ ਸਹਾਇਤਾ' ਮਾਡਲ ਬਣ ਗਿਆ ਹੈ। ਬਹੁਤੇ ਅਧਿਆਪਕ ਪੇਂਡੂ ਪਿਛੋਕੜ ਦੇ ਹੋਣ ਕਾਰਨ ਵਿਦਿਆਰਥੀਆਂ ਦੀਆਂ ਸਮਾਜਿਕ-ਆਰਥਿਕ ਹਕੀਕਤਾਂ ਨੂੰ ਬੇਹਤਰ ਢੰਗ ਨਾਲ ਸਮਝਦੇ ਹੋਏ ਵਧੇਰੇ ਪ੍ਰਭਾਵਸ਼ਾਲੀ ਮਾਰਗਦਰਸ਼ਨ ਅਤੇ ਪ੍ਰੇਰਣਾ ਪ੍ਰਦਾਨ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਵਲੋਂ ਅੱਗੇ ਦੱਸਿਆ ਗਿਆ ਕਿ ਭਾਵੇਂ ਇਸ ਪਹਿਲਕਦਮੀ ਨੂੰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸੰਕਲਪਿਤ ਕੀਤਾ ਗਿਆ ਹੈ ਪਰ ਇਸ ਨੂੰ ਸਮਾਜ ਦੇ ਸਾਰੇ ਵਰਗਾਂ ਜਿਵੇਂ ਕਿ ਸਿੱਖਿਆ ਸ਼ਾਸਤਰੀ, ਯੂਨੀਵਰਸਿਟੀਆਂ, ਪੁਲਿਸ, ਖਿਡਾਰੀ, ਪ੍ਰਸ਼ਾਸਨਿਕ ਅਧਿਕਾਰੀ ਤੇ ਵਿਦਿਆਰਥੀਆਂ ਦਾ ਸਮੁੱਚਾ ਸਮਰਥਨ ਪ੍ਰਾਪਤ ਹੋਣ ਕਾਰਨ ਇਹ ਉੱਦਮ ਸੱਚਮੁੱਚ ਹੀ ਸਹਿਯੋਗੀ ਅਤੇ ਭਾਈਚਾਰਕ-ਅਧਾਰਤ ਬਣ ਗਿਆ ਹੈ। 'ਕੋਈ ਵੀ ਪਿੱਛੇ ਨਾ ਰਹੇ' ਦੀ ਫਿਲਾਸਫੀ ਦੇ ਆਧਾਰ 'ਤੇ ਮਿਸ਼ਨ ਪ੍ਰਗਤੀ ਜ਼ਿਲ੍ਹਾ ਪ੍ਰਸ਼ਾਸਨ ਦੀ ਨੌਜਵਾਨ-ਸਸ਼ਕਤੀਕਰਨ, ਬਰਾਬਰ ਵਿਦਿਅਕ ਮੌਕੇ ਅਤੇ ਸਰਕਾਰੀ ਸੇਵਾਵਾਂ ਵਿੱਚ ਬਠਿੰਡਾ ਦੇ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਪ੍ਰਤੀਨਿਧਤਾ ਪ੍ਰਤੀ ਵਚਨਬਧਤਾ ਨੂੰ ਉਜਾਗਰ ਕਰਦਾ ਹੈ। ਬਾਅਦ ਵਿੱਚ ਡਿਪਟੀ ਕਮਿਸ਼ਨਰ ਤੇ ਹਾਜ਼ਰ ਅਧਿਕਾਰੀਆਂ ਨੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਵੀ ਕੀਤੀ।

## ਖਾਲਿਸਤਾਨੀ ਅੱਤਵਾਦੀਆਂ ਨਾਲ ਜੁੜੇ ਨੀਮਰਾਣਾ ਹੋਟਲ ਗੋਲੀਬਾਰੀ ਮਾਮਲੇ 'ਚ ਚਾਰਜਸ਼ੀਟ ਦਾਖਲ

ਨਵੀਂ ਦਿੱਲੀ 5 ਜਨਵਰੀ। ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਖਾਲਿਸਤਾਨੀ ਅੱਤਵਾਦੀ ਅਰਸ਼ ਡੱਲਾ ਨਾਲ ਜੁੜੇ 2024 ਦੇ ਨੀਮਰਾਣਾ ਹੋਟਲ ਗੋਲੀਬਾਰੀ ਮਾਮਲੇ ਵਿਚ ਕਥਿਤ ਤੌਰ 'ਤੇ ਸ਼ਾਮਲ 2 ਮੁੱਖ ਹਮਲਾਵਰਾਂ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ




ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਪੁਨੀਤ ਅਤੇ ਨਰਿੰਦਰ ਲੱਲੀ ਖਿਲਾਫ ਸ਼ਨੀਵਾਰ ਨੂੰ ਰਾਜਸਥਾਨ ਦੇ ਜੈਪੁਰ ਦੀ ਇਕ ਅਦਾਲਤ 'ਚ ਭਾਰਤੀ ਨਿਆਂ ਸੰਹਿਤਾ, ਅਸਲਾ ਐਕਟ ਅਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਤਹਿਤ ਵੱਖ-ਵੱਖ ਅਪਰਾਧਾਂ ਲਈ ਚਾਰਜਸ਼ੀਟ ਦਾਖਲ ਕੀਤੀ ਗਈ। ਐੱਨ.ਆਈ.ਏ. ਵੱਲੋਂ ਜਾਰੀ ਇਕ ਬਿਆਨ 'ਚ ਦੋਸ਼ ਲਾਇਆ ਗਿਆ ਕਿ ਪੰਜਾਬ ਦੇ ਰਹਿਣ ਵਾਲੇ ਹਮਲਾਵਰਾਂ ਨੇ ਗੋਲੀਬਾਰੀ ਕੀਤੀ ਸੀ ਅਤੇ ਉਹ ਨੀਮਰਾਣਾ (ਹਰਿਆਣਾ) ਸਥਿਤ ਹਾਈਵੇਅ ਕਿੰਗ ਹੋਟਲ ਦੇ ਮਾਲਕਾਂ ਨੂੰ ਧਮਕਾਉਣ ਅਤੇ ਫਿਰੌਤੀ ਮੰਗਣ ਵਿਚ ਵੀ ਸ਼ਾਮਲ ਸਨ। ਇਸ ਦੇ ਨਾਲ ਹੀ, ਇਸ ਮਾਮਲੇ ਵਿਚ ਹੁਣ ਤੱਕ ਕੁੱਲ 9 ਮੁਲਜ਼ਮਾਂ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਜਾ ਚੁੱਕੀ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਹੋਟਲ 'ਤੇ ਹਮਲਾ ਸਤੰਬਰ 2024 ਵਿਚ ਖਾਲਿਸਤਾਨ ਟਾਈਗਰ ਫੋਰਸ (ਕੇ. ਟੀ. ਐੱਫ.) ਦੇ ਅੱਤਵਾਦੀ-ਗੈਂਗਸਟਰ ਸਿੰਡੀਕੇਟ ਵੱਲੋਂ ਕੀਤਾ ਗਿਆ ਸੀ। ਇਸ ਸਿੰਡੀਕੇਟ ਦੀ ਅਗਵਾਈ ਐਲਾਨੇ ਗਏ ਅੱਤਵਾਦੀ ਅਰਸ਼ਦੀਪ ਸਿੰਘ ਉਰਫ ਅਰਸ਼ ਡੱਲਾ ਅਤੇ ਬੰਬੀਹਾ ਗਿਰੋਹ ਕਰ ਰਹੇ ਸਨ।

# ਲਾਲ ਕਿਲ੍ਹਾ ਧਮਾਕਾ ਮਾਮਲੇ 'ਚ ਇਕ ਹੋਰ ਵੱਡਾ ਖੁਲਾਸਾ !

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਸ਼੍ਰੀਨਗਰ 5 ਜਨਵਰੀ। ਦਿੱਲੀ ਦੇ ਲਾਲ ਕਿਲ੍ਹੇ ਦੇ ਕੋਲ ਪਿਛਲੇ ਸਾਲ 10 ਨਵੰਬਰ ਨੂੰ ਹੋਏ ਧਮਾਕੇ ਨਾਲ ਜੁੜੇ 'ਸਫੈਦਪੋਸ਼' ਅੱਤਵਾਦੀ ਮਾਡਿਊਲ ਦੀ ਜਾਂਚ 'ਚ ਖੁਲਾਸਾ ਹੋਇਆ ਹੈ ਕਿ ਉੱਚ ਸਿੱਖਿਆ ਪ੍ਰਾਪਤ ਡਾਕਟਰਾਂ ਨੇ ਪਾਕਿਸਤਾਨੀ ਆਕਾਵਾਂ ਨਾਲ ਗੱਲ ਕਰਨ ਲਈ 'ਘੋਸਟ' ਸਿਮ ਕਾਰਡ ਅਤੇ ਇਨਕ੍ਰਿਪਟਡ ਐਪਸ ਦੇ ਗੁੰਝਲਦਾਰ ਨੈੱਟਵਰਕ ਦੀ ਵਰਤੋਂ ਕੀਤੀ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਦਾਅਵਾ ਕੀਤਾ। ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਹੀ ਦੂਰਸੰਚਾਰ ਵਿਭਾਗ (ਡੀ. ਓ. ਟੀ.) ਨੇ ਪਿਛਲੇ ਸਾਲ 28 ਨਵੰਬਰ ਨੂੰ ਇਕ ਵਿਆਪਕ ਹੁਕਮ ਜਾਰੀ ਕੀਤਾ ਸੀ। ਇਸ ਹੁਕਮ ਤਹਿਤ ਵ?ਹਟਸਐਪ, ਟੈਲੀਗ੍ਰਾਮ ਅਤੇ ਸਿਗਨਲ ਵਰਗੀਆਂ ਐਪ-ਅਧਾਰਿਤ ਸੰਚਾਰ ਸੇਵਾਵਾਂ ਨੂੰ ਲਾਜ਼ਮੀ ਤੌਰ 'ਤੇ ਉਪਕਰਣ 'ਚ ਮੌਜੂਦ ਸਰਗਰਮ ਅਤੇ ਭੌਤਿਕ ਸਿਮ ਕਾਰਡ ਨਾਲ ਲਗਾਤਾਰ ਜੁੜੇ ਰਹਿਣਾ ਹੋਵੇਗਾ। ਅਧਿਕਾਰੀਆਂ ਨੇ ਦੱਸਿਆ ਕਿ 'ਸਫੈਦਪੋਸ਼' ਅੱਤਵਾਦੀ ਮਾਡਿਊਲ ਅਤੇ ਧਮਾਕੇ ਦੀ ਜਾਂਚ 'ਚ ਇਹ ਸਾਹਮਣੇ ਆਇਆ ਕਿ ਗ੍ਰਿਫ਼ਤਾਰ ਕੀਤੇ ਗਏ ਡਾਕਟਰਾਂ-ਮੁਜ਼ਮਿਲ ਗਨਈ, ਅਦੀਲ ਰਾਥਰ ਅਤੇ ਹੋਰਾਂ ਨੇ ਸੁਰੱਖਿਆ ਏਜੰਸੀਆਂ ਤੋਂ ਬਚਣ ਲਈ ਇਕ ਰਣਨੀਤਕ 'ਡੁਅਲ-ਫੋਨ' ਪ੍ਰੋਟੋਕਾਲ ਤਹਿਤ 'ਘੋਸਟ' ਸਿਮ ਕਾਰਡਾਂ ਦੀ ਵਰਤੋਂ ਕੀਤੀ। 'ਘੋਸਟ ਸਿਮ ਕਾਰਡ' ਅਜਿਹਾ ਸਿਮ ਕਾਰਡ ਹੁੰਦਾ ਹੈ, ਜੋ ਕਿਸੇ ਅਸਲੀ ਅਤੇ ਪ੍ਰਮਾਣਿਤ ਪਛਾਣ ਨਾਲ ਜੁੜਿਆ ਨਹੀਂ ਹੁੰਦਾ। ਇਸ ਦੀ ਵਰਤੋਂ ਲੋਕ ਆਪਣੀ ਪਛਾਣ ਲੁਕਾਉਣ ਲਈ ਕਰਦੇ ਹਨ। 'ਉਕਾਸਾ', 'ਫੈਜ਼ਾਨ' ਅਤੇ 'ਹਾਸ਼ਮੀ' ਕੋਡ ਨਾਵਾਂ ਨਾਲ ਪਾਕਿਸਤਾਨੀ ਆਕਿਆਂ ਨਾਲ ਕਰਦੇ ਸਨ ਗੱਲ। ਅਧਿਕਾਰੀਆਂ ਨੇ ਦੱਸਿਆ ਕਿ ਲਾਲ ਕਿਲੇ ਦੇ ਕੋਲ ਧਮਾਕਾਖੇਜ਼ ਪਦਾਰਥਾਂ ਨਾਲ ਲੱਦਿਆ ਵਾਹਨ ਚਲਾਉਂਦੇ ਸਮੇਂ ਹੋਏ ਧਮਾਕੇ 'ਚ ਮਾਰੇ ਗਏ ਡਾਕਟਰ ਉਮਰ-ਉਨ-ਨਬੀ ਸਮੇਤ ਹਰੇਕ ਮੁਲਜ਼ਮ ਕੋਲ 2 ਤੋਂ 3 ਮੋਬਾਈਲ ਹੈਂਡਸੈੱਟ ਸਨ। ਮੁਲਜ਼ਮਾਂ ਕੋਲ ਸ਼ੱਕ ਤੋਂ ਬਚਣ ਲਈ ਵੱਖ-ਵੱਖ ਫੋਨ ਸਨ। ਇਨ੍ਹਾਂ 'ਚੋਂ ਇਕ ਉਨ੍ਹਾਂ ਦੇ ਆਪਣੇ ਨਾਂ 'ਤੇ ਰਜਿਸਟਰਡ ਸੀ, ਜਿਸ ਦੀ ਵਰਤੋਂ ਉਹ ਆਮ ਨਿੱਜੀ ਅਤੇ ਪੇਸ਼ੇਵਰ ਕੰਮਾਂ ਲਈ ਕਰਦੇ ਸਨ, ਜਦੋਂ ਕਿ ਦੂਜੇ ਫੋਨ ਦੀ ਵਰਤੋਂ ਅੱਤਵਾਦੀ ਸਰਗਰਮੀਆਂ ਲਈ ਕੀਤੀ ਜਾਂਦੀ ਸੀ। ਉਹ ਦੂਜੇ ਫੋਨ ਰਾਹੀਂ ਪਾਕਿਸਤਾਨ 'ਚ ਬੈਠੇ



ਆਪਣੇ ਆਕਿਆਂ (ਜਿਨ੍ਹਾਂ ਨੂੰ 'ਉਕਾਸਾ', 'ਫੈਜ਼ਾਨ' ਅਤੇ 'ਹਾਸ਼ਮੀ' ਕੋਡ ਨਾਂ ਨਾਲ ਪਛਾਣਿਆ ਜਾਂਦਾ ਸੀ) ਨਾਲ ਵ?ਹਟਸਐਪ ਅਤੇ ਟੈਲੀਗ੍ਰਾਮ ਰਾਹੀਂ ਗੱਲਬਾਤ ਕਰਦੇ ਸਨ। ਅਧਿਕਾਰੀਆਂ ਨੇ ਦੱਸਿਆ ਕਿ ਦੂਜੇ ਫੋਨ ਲਈ ਜਾਰੀ ਕੀਤੇ ਗਏ ਸਿਮ ਕਾਰਡ ਗੈਰ-ਸ਼ੱਕੀ ਨਾਗਰਿਕਾਂ ਦੇ ਨਾਂ 'ਤੇ ਸਨ, ਜਿਨ੍ਹਾਂ ਦੇ ਆਧਾਰ ਕਾਰਡ ਦੀ ਜਾਣਕਾਰੀ ਦੀ ਦੁਰਵਰਤੋਂ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਜੰਮੂ-ਕਸ਼ਮੀਰ ਪੁਲਸ ਨੇ ਇਕ ਵੱਖਰੇ ਰੈਕੇਟ ਦਾ ਵੀ ਪਰਦਾਫਾਸ਼ ਕੀਤਾ ਹੈ, ਜਿਸ 'ਚ ਫਰਜ਼ੀ ਆਧਾਰ ਕਾਰਡਾਂ ਦੀ ਵਰਤੋਂ ਕਰ ਕੇ ਸਿਮ ਕਾਰਡ ਜਾਰੀ ਕੀਤੇ ਜਾ ਰਹੇ ਸਨ। ਅਧਿਕਾਰੀਆਂ ਅਨੁਸਾਰ ਸੁਰੱਖਿਆ ਏਜੰਸੀਆਂ ਨੇ ਇਕ ਚਿੰਤਾਜਨਕ ਰੁਝਾਨ ਦਾ ਪਤਾ ਲਾਇਆ ਹੈ, ਜਿਸ 'ਚ ਇਹ ਸਿਮ ਕਾਰਡ ਸਰਹੱਦ ਪਾਰ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ. ਓ. ਕੇ.) ਜਾਂ ਪਾਕਿਸਤਾਨ 'ਚ ਮੈਸੇਜਿੰਗ ਪਲੇਟਫਾਰਮਾਂ 'ਤੇ ਸਰਗਰਮ ਸਨ। ਉਪਕਰਣ 'ਚ ਭੌਤਿਕ ਸਿਮ ਕਾਰਡ ਤੋਂ ਬਿਨਾਂ ਮੈਸੇਜਿੰਗ ਐਪ ਚਲਾਉਣ ਦੀ ਸਹੂਲਤ ਦਾ ਫਾਇਦਾ ਉਠਾ ਕੇ ਪਾਕਿਸਤਾਨੀ ਆਕਾ ਇਸ ਮਾਡਿਊਲ ਨੂੰ ਯੂ-ਟਿਊਬ ਰਾਹੀਂ ਆਈ. ਈ. ਡੀ. ਤਿਆਰ ਕਰਨਾ ਸਿੱਖਣ ਅਤੇ ਦੇਸ਼ ਦੇ 'ਅੰਦਰੂਨੀ ਹਿੱਸਿਆਂ' 'ਚ ਹਮਲੇ ਦੀ ਯੋਜਨਾ ਬਣਾਉਣ ਲਈ ਹਦਾਇਤਾਂ ਦੇਣ 'ਚ ਸਮਰੱਥ ਸਨ। ਹਾਲਾਂਕਿ, ਭਰਤੀ ਕੀਤੇ ਗਏ ਅਜਿਹੇ ਲੋਕ ਸ਼ੁਰੂ 'ਚ ਸੀਰੀਆ ਜਾਂ ਅਫ਼ਗਾਨਿਸਤਾਨ ਦੇ ਜੰਗ ਪ੍ਰਭਾਵਿਤ ਖੇਤਰਾਂ 'ਚ ਸ਼ਾਮਲ ਹੋਣਾ ਚਾਹੁੰਦੇ ਸਨ।

# ਮੋਹਾਲੀ ’ਚ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਦੀ ਪਤਨੀ ਦੇ ਕਤਲ ਮਾਮਲੇ ’ਚ ਵੱਡਾ ਖ਼ੁਲਾਸਾ

ਕੌਮੀ ਪਤ੍ਰਿਕਾ

ਮੋਹਾਲੀ 5 ਜਨਵਰੀ। ਮੋਹਾਲੀ ਦੇ ਫੇਜ਼-5 ਵਿਖੇ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ (117) ਕ੍ਰਿਸ਼ਨ ਕੁਮਾਰ ਗੋਇਲ ਦੀ ਪਤਨੀ ਅਸ਼ੋਕ ਗੋਇਲ (66) ਦੇ ਕਤਲ ਮਾਮਲੇ ’ਚ ਉਨ੍ਹਾਂ ਦੇ ਨੌਕਰ ਨੀਰਜ ਦੀ ਹੀ ਸ਼ਮੂਲੀਅਤ ਸਾਹਮਣੇ ਆਈ ਹੈ। ਪੁਲਸ ਨੇ ਭਾਵੇਂ ਇਹ ਮਾਮਲਾ ਸੁਲਝਾ ਲਿਆ ਹੈ ਪਰ ਨੀਰਜ ਦੇ ਕਹਿਣ ’ਤੇ ਕਤਲ ਕਰਨ ਅਤੇ ਘਰ ’ਚੋਂ ਸਾਢੇ 8 ਲੱਖ ਅਤੇ 40 ਤੋਲੇ ਸੋਨੇ ਦੇ ਗਹਿਣੇ ਲੈ ਕੇ ਫ਼ਰਾਰ ਹੋਣ ਵਾਲੇ ਫਿਲਹਾਲ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹਨ। ਪੁਲਸ ਉਨ੍ਹਾਂ ਦੀ ਗ੍ਰਿਫ਼ਤਾਰੀ ਮਗਰੋਂ ਹੀ ਉਕਤ ਵਾਰਦਾਤ ਨੂੰ ਸੁਲਝਾਉਣ ਬਾਰੇ ਜਾਣਕਾਰੀ ਸਾਂਝੀ ਕਰੇਗੀ। ਆਉਣ ਵਾਲੇ ਦਿਨਾਂ ’ਚ ਇਸ ਕਤਲ ਬਾਰੇ ਪੁਲਸ ਅਹਿਮ ਖ਼ੁਲਾਸੇ ਕਰ ਸਕਦੀ ਹੈ। ਪੁਲਸ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਨੌਕਰ ਨੀਰਜ ਨੇ ਪੁਲਸ ਸਾਹਮਣੇ ਇਸ ਗੱਲ ਨੂੰ ਸਵੀਕਾਰ ਕਰ ਲਿਆ ਹੈ ਕਿ ਉਹ ਹੀ ਉਕਤ ਘਟਨਾ ਦਾ ਮਾਸਟਰਮਾਈਂਡ ਹੈ। ਉਸ ਨੇ ਹੀ ਉਕਤ ਘਟਨਾ ਨੂੰ ਅੰਜਾਮ ਦੇਣ ਲਈ 2 ਲੋਕਾਂ ਨਾਲ ਸੰਪਰਕ ਕੀਤਾ ਸੀ, ਜਿਨ੍ਹਾਂ ’ਚੋਂ ਇਕ ਮੁਲਜ਼ਮ ਉਸ ਦਾ ਰਿਸ਼ਤੇਦਾਰ ਹੈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਉਕਤ ਦੋਵੇਂ ਮੁਲਜ਼ਮ ਮੋਹਾਲੀ ਤੋਂ ਇਕ ਆਟੋ ਰਾਹੀਂ ਰੇਲਵੇ ਸਟੇਸ਼ਨ ਪਹੁੰਚੇ ਅਤੇ ਰੇਲਗੱਡੀ ਰਾਹੀਂ ਕਿਸੇ ਹੋਰ ਸੂਬੇ ’ਚ ਫ਼ਰਾਰ ਹੋ ਗਏ। ਇਥੇ ਦੱਸ ਦਈਏ ਕਿ ਨੌਕਰ ਨੀਰਜ ਪਿਛਲੇ 8 ਸਾਲਾਂ ਤੋਂ ਸਾਬਕਾ ਵਧੀਕ ਵਕੀਲ ਜਨਰਲ ਗੋਇਲ ਦੇ ਘਰ ਕੰਮ ਕਰ ਰਿਹਾ ਸੀ। ਨੀਰਜ ਦੀ ਉਮਰ 24 ਸਾਲ ਹੈ ਅਤੇ ਉਹ ਪਿੱਛਿਓਂ ਉੱਤਰਾਖੰਡ ਦਾ ਰਹਿਣ ਵਾਲਾ ਹੈ। ਪੁਲਸ ਨੂੰ ਵਕੀਲ ਗੋਇਲ ਵੱਲੋਂ ਦਿੱਤੇ ਬਿਆਨ ਕਿ ਕਿਸੇ ਭੇਤੀ ਨੇ ਹੀ ਵਾਰਦਾਤ ਨੂੰ ਅੰਜਾਮ ਦਿੰਤਾ ਹੈ ਕਿਉਂਕਿ ਨਕਦੀ ਤੇ ਗਹਿਣਿਆਂ ਵਾਲੀ ਅਲਮਾਰੀ ਤੋਂ ਇਲਾਵਾ ਕਿਸੇ ਹੋਰ ਚੀਜ਼ ਨੂੰ ਹੱਥ ਵੀ ਨਹੀਂ ਲਾਇਆ ਗਿਆ, ਜਿਸ ਤੋਂ ਜਾਪ ਰਿਹਾ ਸੀ ਕਿ ਮੁਲਜ਼ਮਾਂ ਨੂੰ ਪੈਸਿਆਂ ਬਾਰੇ ਪੂਰੀ ਜਾਣਕਾਰੀ ਸੀ। ਉੱਧਰ ਮੁਲਜ਼ਮਾਂ ਨੂੰ ਘਰ ’ਚ ਦਾਖ਼ਲ ਕਰਨ ਲਈ ਦੇਰ ਰਾਤ ਖੋਲ੍ਹੀ ਗਈ ਕੁੰਡੀ ਵੀ ਨੌਕਰ ਵੱਲ ਇਸ਼ਾਰਾ ਕਰ ਰਹੀ ਸੀ। ਤੀਜਾ ਘਟਨਾ ਨੂੰ ਉਸ ਵੇਲੇ ਅੰਜਾਮ ਦਿੱਤਾ ਗਿਆ, ਜਦ ਘਰ ਦਾ ਮਾਲਕ ਅਤੇ ਬਾਕੀ ਮੈਂਬਰ ਵਿਦੇਸ਼ ਗਏ ਹੋਏ ਸਨ। ਉੱਧਰ ਪੁਲਸ ਨੌਕਰ ਕੋਲੋਂ ਇਸ



ਸਬੰਧੀ ਵੀ ਪੁੱਛਗਿੱਛ ਕਰ ਰਹੀ ਹੈ ਕਿ 8 ਸਾਲਾਂ ’ਚ ਅਜਿਹਾ ਕੀ ਹੋਇਆ ਕਿ ਨੌਕਰ ਨੂੰ ਉਕਤ ਵਾਰਦਾਤ ਨੂੰ ਅੰਜਾਮ ਦੇਣਾ ਪਿਆ। ਇਸ ਸਬੰਧੀ ਐੱਸ. ਪੀ. ਸਿਟੀ ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਅਸ਼ੋਕ ਗੋਇਲ ਦੇ ਕਤਲ ਕੇਸ ਨੂੰ ਸੁਲਝਾ ਲਿਆ ਗਿਆ ਹੈ। ਮੁੱਖ ਮੁਲਜ਼ਮ ਘਰ ਦਾ ਨੌਕਰ ਹੀ ਸੀ, ਜੋ ਕਿ ਪੁਲਸ ਦੀ ਹਿਰਾਸਤ ’ਚ ਹੈ। ਨੀਰਜ ਦੇ ਫ਼ਰਾਰ ਸਾਥੀਆਂ ਦੀ ਗ੍ਰਿਫ਼ਤਾਰੀ ਲਈ ਪੁਲਸ ਛਾਪੇਮਾਰੀ ਕਰ ਰਹੀ ਹੈ ਅਤੇ ਜਲਦ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪੁਲਸ ਸੂਤਰਾਂ ਮੁਤਾਬਕ ਉਕਤ ਦੋਵੇਂ ਮੁਲਜ਼ਮ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਪੈਦਲ ਹੀ ਫੇਜ਼-5 ਤੋਂ ਫੇਜ਼ 3\5 ਦੀਆਂ ਟ?ਰੈਫਿਕ ਲਾਈਟਾਂ ਨੂੰ ਗਏ ਅਤੇ ਉਥੋਂ ਮਦਨਪੁਰ ਚੌਂਕ ਪਹੁੰਚੇ। ਮਦਨਪੁਰ ਚੌਂਕ ਤੋਂ ਪੈਟਰੋਲ ਪੰਪ ਨੂੰ ਜਾਂਦੀ ਸੜਕ ਤੋਂ ਇਕ ਆਟੋ ਲਿਆ ਤੇ ਰੇਲਵੇ ਸਟੇਸ਼ਨ ਪਹੁੰਚੇ। ਪੁਲਸ ਨੂੰ ਨੀਰਜ ਵਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਹੀ ਉੱਚ ਅਧਿਕਾਰੀਆਂ ਵੱਲੋਂ ਇਕ ਟੀਮ ਦਿੱਲੀ, ਦੂਜੀ ਉੱਤਰਾਖੰਡ ਤੇ ਤੀਜੀ ਟੀਮ ਯੂ. ਪੀ. ਭੇਜੀ ਗਈ ਹੈ ਕਿਉਂਕਿ ਮੁਲਜ਼ਮਾਂ ਦੇ ਤਿੰਨਾਂ ਰਾਜਾਂ ’ਚ ਹੋਣ ਦੀ ਪੁਖ਼ਤਾ ਜਾਣਕਾਰੀ ਪੁਲਸ ਨੂੰ ਮਿਲੀ ਹੈ।

## ਅੰਮ੍ਰਿਤਸਰ ’ਚ ਵੱਡਾ ਹਾਦਸਾ, ਟਰੈਕਟਰ ਟਰਾਲੀ ਹੇਠਾਂ ਆਉਣ ਕਾਰਨ ਨੌਜਵਾਨ ਦੀ ਮੌਤ

ਗੁਰੂ ਕਾ ਬਾਗ 5 ਜਨਵਰੀ। ਬੀਤੇ ਕੱਲ੍ਹ ਅੰਮ੍ਰਿਤਸਰ ਨੇੜੇ ਵਾਪਰੇ ਇਕ ਸੜਕ ਹਾਦਸੇ ਦੌਰਾਨ ਇਕ ਨੌਜਵਾਨ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਸ਼ਿੰਦਰਪਾਲ ਵਾਸੀ ਪਿੰਡ ਮੱਲੂਨੰਗਲ ਨੇ ਦੱਸਿਆ ਕਿ ਉਸਦਾ ਪੁੱਤਰ ਅਜੇ ਵਿਸ਼ਵਾਸ (24) ਜੋ ਕਿ ਵ੍ਰਿੰਦਾਵਨ ਕਾਲੋਨੀ ਅੰਮ੍ਰਿਤਸਰ ਵਿਖੇ ਇਕ ਬੁਟੀਕ ’ਤੇ ਦਰਜੀ ਦਾ ਕੰਮ ਕਰਦਾ ਸੀ। ਬੀਤੇ ਕੱਲ੍ਹ ਉਹ ਕੰਮ ’ਤੇ ਆਪਣੀ ਐਕਟਿਵਾ ’ਤੇ ਜਾ ਰਿਹਾ ਸੀ ਕਿ ਪਿੰਡ ਲੁਹਾਰਕਾ ਕਲਾਂ ਤੋਂ ਅੰਮ੍ਰਿਤਸਰ ਨੂੰ ਜਾਂਦੀ ਸੜਕ ’ਤੇ ਸਥਿਤ ਪਿੰਡ ਰਾਮਪੁਰਾ ਨੇੜੇ ਇਕ ਟਰਾਲੀ ਟਰੈਕਟਰ ਨੇ ਟੱਕਰ ਮਾਰ ਦਿੱਤੀ ਗਈ, ਜਿਸ ਨਾਲ ਉਸ ਦੇ ਪੁੱਤਰ ਦਾ ਸਿਰ ਟਰੈਕਟਰ ਦੇ ਪਿਛਲੇ ਟਾਇਰਾਂ ਹੇਠਾਂ ਆ ਗਿਆ, ਜਿਸ ਕਾਰਨ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦਕਿ ਟਰੈਕਟਰ ਟਰਾਲੀ ਚਾਲਕ ਮੌਕੇ ਤੋਂ ਫਰਾਰ ਹੋਣ ’ਚ ਸਫਲ ਹੋ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਇਸ ਘਟਨਾ ਸਬੰਧੀ ਥਾਣਾ ਕੰਬੋਅ ਦੀ ਪੁਲਸ ਨੂੰ ਸੂਚਨਾ ਦੇ ਦਿੱਤੀ ਗਈ ਹੈ। ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਗਾਹਕ ਬਣ ਕੇ ਆਏ ਠੱਗ ਨੇ ਦੁਕਾਨਦਾਰ ਨੂੰ ਲਗਾਇਆ 14 ਹਜ਼ਾਰ ਦਾ ਚੂਨਾ

ਕੌਮੀ ਪਤ੍ਰਿਕਾ

ਗੁਰਦਾਸਪੁਰ 5 ਜਨਵਰੀ। ਅਜੋਕੇ ਸਮੇਂ ਵਿੱਚ ਠੱਗਾਂ ਵੱਲੋਂ ਲੋਕਾਂ ਨੂੰ ਲੁੱਟਣ ਲਈ ਨਵੇਂ-ਨਵੇਂ ਤਰੀਕੇ ਅਪਣਾਏ ਜਾ ਰਹੇ ਹਨ। ਤਾਜ਼ਾ ਮਾਮਲਾ ਗੁਰਦਾਸਪੁਰ ਦੇ ਭਾਗ ਸਿੰਘ ਰੋਡ ਤੋਂ ਸਾਹਮਣੇ ਆਇਆ ਹੈ, ਜਿੱਥੇ ਇੱਕ ਚਲਾਕ ਗਾਹਕ ਇਲੈਕਟ?ਰੋਨਿਕਸ ਦੀ ਦੁਕਾਨ ਦੇ ਮਾਲਕ ਨੂੰ ਹਜ਼ਾਰਾਂ ਰੁਪਏ ਦਾ ਚੂਨਾ ਲਗਾ ਕੇ ਫ਼ਰਾਰ ਹੋ ਗਿਆ। ਜਾਣਕਾਰੀ ਦਿੰਦੇ ਦੁਕਾਨ ਦੇ ਮਾਲਕ ਵਿਜੇ ਕੁਮਾਰ ਨੇ ਦੱਸਿਆ ਕਿ ਭਾਗ ਸਿੰਘ ਰੋਡ ’ਤੇ ਸਥਿਤ ਕਪੂਰ ਇਲੈਕਟ?ਰੋਨਿਕਸ ਦੇ ਨਾਲ ਉਸ ਦੀ ਦੁਕਾਨ ਹੈ ਜਿਥੇ ਕਰੀਬ 50 ਤੋਂ 60 ਸਾਲ ਦੀ ਉਮਰ ਦਾ ਸਿੱਖ ਵਿਅਕਤੀ ਮੋਟਰਸਾਈਕਲ ’ਤੇ ਆਇਆ। ਉਸ ਨੇ ਦੁਕਾਨ ਤੋਂ ਇਕ ਹੋਮ ਥਿਏਟਰ ਅਤੇ ਇੱਕ ਇੰਡਕਸ਼ਨ ਕੁੱਕਰ ਪਸੰਦ ਕੀਤਾ। ਦੁਕਾਨਦਾਰ ਨੇ ਗਾਹਕ ਦੇ ਕਹਿਣ ’ਤੇ ਸਾਮਾਨ ਪੈਕ ਕਰ ਦਿੱਤਾ, ਜਿਸ ਦੀ ਕੁੱਲ ਕੀਮਤ 13,800 ਰੁਪਏ ਬਣੀ। ਸਾਮਾਨ ਪੈਕ ਹੋਣ ਤੋਂ ਬਾਅਦ ਉਸ ਵਿਅਕਤੀ ਨੇ ਦੁਕਾਨਦਾਰ ਨੂੰ ਕਿਹਾ ਕਿ ਉਹ ਸਾਮਾਨ ਮੋਟਰਸਾਈਕਲ ’ਤੇ ਬੰਨ੍ਹ ਕੇ ਆਉਂਦਾ ਹੈ ਤੇ ਫਿਰ ਪੈਸਿਆਂ ਦੀ ਅਦਾਇਗੀ ਕਰੇਗਾ ਪਰ ਜਿਵੇਂ ਹੀ ਦੁਕਾਨਦਾਰ ਦਾ ਧਿਆਨ ਭਟਕਿਆ, ਉਹ ਵਿਅਕਤੀ ਪੈਸੇ ਦੇਣ ਦੀ ਬਜਾਏ ਸਾਮਾਨ ਸਮੇਤ ਮੋਟਰਸਾਈਕਲ ’ਤੇ ਤੇਜ਼ੀ ਨਾਲ ਉੱਥੋਂ ਫ਼ਰਾਰ ਹੋ ਗਿਆ।



ਦੁਕਾਨਦਾਰ ਵਿਜੇ ਕਪੂਰ ਅਨੁਸਾਰ ਉਸ ਨੇ ਇਸ ਘਟਨਾ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਹੈ। ਦੁਕਾਨਦਾਰ ਵੱਲੋਂ ਹੁਣ ਆਲੇ-ਦੁਆਲੇ ਦੀਆਂ ਦੁਕਾਨਾਂ ’ਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਮੁਲਜ਼ਮ ਦੀ ਪਹਿਚਾਣ ਕੀਤੀ ਜਾ ਸਕੇ।

## ਰੈਸਟੋਰੈਂਟ ਦੀ ਪਲਾਸਟਿਕ ਸ਼ੈੱਡ ਤੋਂ ਡਿੱਗ ਕੇ 11ਵੀਂ ਦੇ ਵਿਦਿਆਰਥੀ ਦੀ ਮੌਤ

ਨਵੀਂ ਦਿੱਲੀ 5 ਜਨਵਰੀ। ਉੱਤਰ-ਪੱਛਮੀ ਦਿੱਲੀ ਦੇ ਗੁਜਰਾਂਵਾਲਾ ਇਲਾਕੇ ’ਚ ਇਕ ਰੈਸਟੋਰੈਂਟ ਦੇ ਪਲਾਸਟਿਕ ਸ਼ੈੱਡ ਤੋਂ ਡਿੱਗ ਕੇ ਇਕ ਮੁੰਡੇ ਦੀ ਮੌਤ ਹੋ ਗਈ। ਪੁਲਸ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਉਸ ਨੂੰ ਸ਼ਨੀਵਾਰ ਨੂੰ ਘਟਨਾ ਦੇ ਸੰਬੰਧ ’ਚ ਸੂਚਨਾ ਮਿਲੀ ਸੀ। ਮੌਕੇ ’ਤੇ ਪਹੁੰਚਣ ’ਤੇ ਪੁਲਸ ਨੂੰ ਪਤਾ ਲੱਗਾ ਕਿ ਜ਼ਖ਼ਮੀ ਮੁੰਡਾ ਕਬੀਨ (16) ਨੂੰ ਉਸ ਦੇ ਦੋਸਤ ਹਸਪਤਾਲ ਲੈ ਗਏ ਹਨ। ਕਬੀਨ 11ਵੀਂ ਜਮਾਤ ਦਾ ਵਿਦਿਆਰਥੀ ਸੀ ਅਤੇ ਇਸੇ ਇਲਾਕੇ ਦਾ ਵਾਸੀ ਸੀ। ਪੁਲਸ ਅਨੁਸਾਰ, ਕਬੀਨ ਆਪਣੇ ਸਹਿਪਾਠੀਆਂ ਆਰੀਆਮਨ, ਕਬੀਰ ਅਤੇ ਯਸ਼ ਤਿਆਗੀ ਨਾਲ ਰੈਸਟੋਰੈਂਟ ਆਇਆ ਸੀ। ਪੁਲਸ ਦੇ ਇਕ ਅਧਿਕਾਰੀ ਨੇ



ਦੱਸਿਆ,’’ਸ਼ੁਰੂਆਤੀ ਪੁੱਛ-ਗਿੱਛ ਤੋਂ ਪਤਾ ਲੱਗਾ ਹੈ ਕਿ ਇਹ ਸਮੂਹ ਪੌੜੀਆਂ ਰਾਹੀਂ ਇਮਾਰਤ ਦੀ ਛੱਤ ’ਤੇ ਪਹੁੰਚਿਆ ਸੀ। ਕਬੀਨ ਉੱਥੇ ਨਾਲ ਦੀਆਂ ਦੁਕਾਨਾਂ ਵਿਚਾਲੇ ਗੈਲਰੀ ਨੂੰ ਢੱਕਣ ਲਈ ਲਗਾਈ ਗਈ ਇਕ ਪਲਾਸਟਿਕ ਸ਼ੈੱਡ ’ਤੇ ਚੜ੍ਹ ਗਿਆ।’’ ਅਧਿਕਾਰੀ ਨੇ ਦੱਸਿਆ,’’ਸ਼ੈੱਡ ਕਬੀਨ ਦਾ ਭਾਰ ਨਹੀਂ ਸਹਿ ਸਕੀ ਅਤੇ ਟੁੱਟ ਗਈ, ਜਿਸ ਨਾਲ ਉਹ ਹੇਠਾਂ ਜ਼ਮੀਨ ’ਤੇ ਡਿੱਗ ਗਿਆ।’’ ਉਨ੍ਹਾਂ ਦੱਸਿਆ ਕਿ ਉੱਚਾਈ ਤੋਂ ਡਿੱਗਣ ਕਾਰਨ ਮੁੰਡੇ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਹਸਪਤਾਲ ਲਿਜਾਣ ’ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਨੇ ਦੱਸਿਆ ਕਿ ਘਟਨਾ ਦੇ ਸਹੀ ਕ੍ਰਮ ਦਾ ਪਤਾ ਲਗਾਉਣ ਲਈ ਅਪਰਾਧ ਜਾਂਚ ਟੀਮ ਅਤੇ ਫੋਰੈਂਸਿਕ ਮਾਹਿਰਾਂ ਨੇ ਹਾਦਸੇ ਵਾਲੀ ਜਗ?ਹਾ ਦਾ ਪ੍ਰੀਖਣ ਕੀਤਾ ਹੈ।

## ’ਨਸ਼ੇੜੀ ਚੂਹਿਆਂ’ ਦਾ ਕਾਰਨਾਮਾ ! ਚੱਟ ਕਰ ਗਏ 1 ਕਰੋੜ ਦਾ ਗਾਂਜਾ, ਸਬੂਤ ਨਾ ਮਿਲਣ ’ਤੇ ਮੁਲਜ਼ਮ ਬਰੀ

ਨੈਸ਼ਨਲ ਡੈਸਕ 5 ਜਨਵਰੀ। ਝਾਰਖੰਡ ਦੀ ਰਾਜਧਾਨੀ ਰਾਂਚੀ ਤੋਂ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਪੁਲਸ ਦੀ ਕਾਰਜਪ੍ਰਣਾਲੀ ਤੇ ਪੂਰੇ ਸਿਸਟਮ ’ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ। ਰਾਂਚੀ ਪੁਲਸ ਮੁਤਾਬਕ ਥਾਣੇ ਦੇ ਮਾਲਖਾਨੇ ਵਿੱਚ ਰੱਖਿਆ 200 ਕਿਲੋ ਗਾਂਜਾ ’ਨਸ਼ੇੜੀ ਚੂਹੇ’ ਖਾ ਗਏ। ਪੁਲਸ ਵੱਲੋਂ ਅਦਾਲਤ ਵਿੱਚ ਸਬੂਤ ਪੇਸ਼ ਨਾ ਕੀਤੇ ਜਾਣ ਕਾਰਨ ’ਤੇ ਅਦਾਲਤ ਨੇ ਗਾਂਜਾ ਤਸਕਰੀ ਦੇ ਮੁਲਜ਼ਮ ਨੂੰ ਬਰੀ ਕਰਨ ਦਾ ਹੁਕਮ ਸੁਣਾ ਦਿੱਤਾ ਹੈ। ਇਹ ਮਾਮਲਾ ਸਾਲ 2022 ਦਾ ਹੈ, ਜਦੋਂ ਰਾਂਚੀ ਦੇ ਓਰਮਾਂਝੀ ਥਾਣਾ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ ’ਤੇ ਇਕ ਚਿੱਟੇ ਰੰਗ ਦੀ ਬੋਲੈਰੋ ਗੱਡੀ ਨੂੰ ਰੋਕਿਆ ਸੀ। ਤਲਾਸ਼ੀ ਦੌਰਾਨ ਗੱਡੀ ਵਿੱਚੋਂ ਲਗਭਗ 200 ਕਿਲੋ ਗਾਂਜਾ ਬਰਾਮਦ ਹੋਇਆ, ਜਿਸ ਦੀ ਬਾਜ਼ਾਰੀ ਕੀਮਤ 1 ਕਰੋੜ ਰੁਪਏ ਦੇ ਕਰੀਬ ਦੱਸੀ ਜਾਂਦੀ ਹੈ। ਪੁਲਸ ਨੇ ਮੌਕੇ ਤੋਂ ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਦੇ ਰਹਿਣ ਵਾਲੇ ਇੰਦਰਜੀਤ ਰਾਏ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਉਸ ਵਿਰੁੱਧ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕੀਤਾ ਸੀ। ਜਦੋਂ ਇਹ ਮਾਮਲਾ ਸੁਣਵਾਈ ਲਈ ਅਦਾਲਤ ਵਿੱਚ ਪਹੁੰਚਿਆ ਤਾਂ ਪੁਲਸ ਜ਼ਬਤ ਕੀਤਾ ਹੋਇਆ ਗਾਂਜਾ ਬਤੌਰ ਸਬੂਤ ਪੇਸ਼ ਨਹੀਂ ਕਰ ਸਕੀ। ਪੁਲਸ ਨੇ ਅਦਾਲਤ ਨੂੰ ਦੱਸਿਆ ਕਿ ਥਾਣੇ ਦੇ ਮਾਲਖਾਨੇ ਵਿੱਚ ਰੱਖਿਆ ਸਾਰਾ ਗਾਂਜਾ ਚੂਹਿਆਂ ਨੇ ਖਾ ਲਿਆ ਹੈ। ਪੁਲਸ ਨੇ ਇਸ ਸਬੰਧੀ ਸਾਲ 2024 ਵਿੱਚ ਦਰਜ ਕੀਤੀ ਗਈ ਇੱਕ ਰਿਪੋਰਟ (ਸਨਹਾ) ਦਾ ਹਵਾਲਾ ਵੀ ਦਿੱਤਾ। ਅਦਾਲਤ ਨੇ ਇਸ ਨੂੰ ਪੁਲਸ ਦੀ ਗੰਭੀਰ ਲਾਪਰਵਾਹੀ ਮੰਨਿਆ। ਅਦਾਲਤ ਨੇ ਸਪੱਸ਼ਟ ਕਿਹਾ ਕਿ ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਦੀ ਸੁਰੱਖਿਆ ਕਰਨਾ ਪੁਲਸ ਦੀ ਜ਼ਿੰਮੇਵਾਰੀ ਹੁੰਦੀ ਹੈ। ਸਬੂਤਾਂ ਦੀ ਘਾਟ ਅਤੇ ਜਾਂਚ ਵਿੱਚ ਲਾਪਰਵਾਹੀ ਕਾਰਨ ਅਦਾਲਤ ਨੇ ਮੁਲਜ਼ਮ ਇੰਦਰਜੀਤ ਰਾਏ ਨੂੰ ਬਰੀ ਕਰ ਦਿੱਤਾ। ਇਸ ਘਟਨਾ ਨੇ ਝਾਰਖੰਡ ਪੁਲਸ ਦੀ ਨਿਗਰਾਨੀ ਅਤੇ ਕਰੋੜਾਂ ਰੁਪਏ ਦੇ ਜ਼ਬਤ ਮਾਲ ਦੀ ਸੁਰੱਖਿਆ ’ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

## ਦੋਸਤਾਂ ਨਾਲ ਪਾਰਟੀ ਕਰਨ ਗਏ 19 ਸਾਲਾ ਮੁੰਡੇ ਦਾ ਗੋਲੀਆਂ ਮਾਰ ਕੇ ਕਤਲ

ਪਟਿਆਲਾ 5 ਜਨਵਰੀ। ਪਟਿਆਲਾ ਦੀ ਸੰਜੇ ਕਲੋਨੀ ਵਿਚ ਰਹਿਣ ਵਾਲੇ 19 ਸਾਲਾ ਵੀਰੂ ਨਾਮਕ ਨੌਜਵਾਨ ਦਾ ਦੇਰ ਰਾਤ ਕਤਲ ਕਰ ਦਿੱਤਾ ਗਿਆ। ਮ੍ਰਿਤਕ ਨੌਜਵਾਨ ਦੇ ਪਰਿਵਾਰਿਕ ਮੈਂਬਰਾਂ ਨੇ ਸਬੰਧਤ ਥਾਣੇ ਦੇ ਬਾਹਰ ਭਾਰੀ ਇਕੱਠ ਕੀਤਾ ਗਿਆ। ਪਰਿਵਾਰਿਕ ਮੈਂਬਰਾਂ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਵੀਰੂ ਰਾਤ ਆਪਣੇ ਦੋਸਤਾਂ ਨਾਲ ਪਾਰਟੀ ਕਰਨ ਗਿਆ ਸੀ ਪਰ ਬਾਅਦ ਵਿਚ ਪੁਲਸ ਨੇ ਉਨ੍ਹਾਂ ਨੂੰ ਸੂਚਨਾ ਦਿੱਤੀ ਕਿ ਵੀਰੂ ਦਾ ਕਤਲ ਹੋ ਗਿਆ ਹੈ ਅਤੇ ਉਸ ਦੀ ਲਾਸ਼ ਰਜਿੰਦਰ ਹਸਪਤਾਲ ਵਿਚ ਪਈ ਹੈ। ਸੂਚਨਾਂ ਮਿਲਣ ਤੋਂ ਬਾਅਦ ਪਰਿਵਾਰ ਰਜਿੰਦਰਾ ਹਸਪਤਾਲ ਪਹੁੰਚਿਆ ਤਾਂ ਪਤਾ ਲੱਗਾ ਕਿ ਉਨ੍ਹਾਂ ਦੇ ਪੁੱਤ ਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰਿਆ ਗਿਆ ਹੈ। ਫਿਲਹਾਲ ਪੁਲਸ ਵੱਲੋਂ ਸਾਰੇ ਮਾਮਲੇ ਦੀ ਜਾਂਚ ਕੀਤੇ ਜਾਣ ਦੀ ਗੱਲ ਆਖੀ ਜਾ ਰਹੀ ਹੈ।

## ਕਾਰਾਂ ਦੀ ਭਿਆਨਕ ਟੱਕਰ ਦੌਰਾਨ ਨੌਜਵਾਨ ਦੀ ਮੌਤ

ਮੋਹਾਲੀ 5 ਜਨਵਰੀ। ਇੱਥੇ ਸੈਕਟਰ-76 ਤੋਂ ਚੱਪੜਚਿੜੀ ਰੋਡ ’ਤੇ ਸੋਮਵਾਰ ਸਵੇਰੇ ਦੋ ਕਾਰਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਇਹ ਹਾਦਸਾ ਇੰਨਾ ਭਿਆਨਕ ਸੀ ਕੀ ਮੌਕੇ ’ਤੇ ਹੀ ਇਕ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸਾਹਿਬ ਸਿੰਘ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਇਹ ਹਾਦਸਾ ਚੌਂਕੀ ਇੰਡਸਟਰੀਅਲ ਏਰੀਆ ਫੇਜ਼-8ਬੀ ਦੀ ਹੱਦ ਅੰਦਰ ਵਾਪਰਿਆ, ਜਿੱਥੇ ਇੱਕ ਫਾਰਚੂਨਰ ਅਤੇ ਇੱਕ ਆਈ-20 ਕਾਰ ਦੀ ਜ਼ਬਰਦਸਤ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਦੋਵੇਂ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ ’ਤੇ ਪਹੁੰਚੀ ਅਤੇ ਜ਼ਖਮੀਆਂ ਨੂੰ ਤੁਰੰਤ ਸਿਵਲ ਹਸਪਤਾਲ ਪਹੁੰਚਾਇਆ ਗਿਆ। ਡਾਕਟਰਾਂ ਨੇ ਆਈ-20 ਵਿੱਚ ਬੈਠੇ ਸਾਹਿਬ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਘਟਨਾ ਦੇ ਸਬੰਧ ਵਿੱਚ ਅਗਲੇਰੀ ਕਾਰਵਾਈ ਕਰ ਰਹੀ ਹੈ ਅਤੇ ਹਾਦਸੇ ਦੇ ਸਹੀ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# 50 ਲੱਖ ਨਾ ਦੇਣ ’ਤੇ ਪੰਜਾਬ ’ਚ ਵਾਰਦਾਤ, ਗੋਲੀਆਂ ਦੀ ਤਾੜ-ਤਾੜ ਨਾਲ ਕੰਬ ਗਿਆ ਇਲਾਕਾ

ਕੌਮੀ ਪਤ੍ਰਿਕਾ

ਤਰਨਤਾਰਨ 5 ਜਨਵਰੀ। ਗੈਂਗਸਟਰ/ਅੱਤਵਾਦੀ ਲਖਬੀਰ ਲੰਡਾ ਵੱਲੋਂ ਫਿਰੌਤੀ ਦੀ ਮੰਗੀ ਰਕਮ ਨਾ ਦੇਣ ਦੇ ਚੱਲਦਿਆਂ ਫਤਿਹਾਬਾਦ ਵਿਖੇ ਮੌਜੂਦ ਖੇਤੀ ਸਟੋਰ ਉੱਪਰ ਦੋ ਅਣਪਛਾਤਿਆਂ ਵੱਲੋਂ ਫਾਇਰਿੰਗ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਹਾਲਾਂਕਿ ਇਸ ਵਾਰਦਾਤ ਦੌਰਾਨ ਦੁਕਾਨ ਵਿਚ ਬੈਠੇ ਮਾਲਕ ਦਾ ਜਾਨੀ ਨੁਕਸਾਨ ਨਹੀਂ ਹੋਇਆ ਪ੍ਰੰਤੂ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ। ਵਾਰਦਾਤ ਦੀ ਸੂਚਨਾ ਮਿਲਣ ਤੋਂ ਤੁਰੰਤ ਬਾਅਦ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੇ ਮੁਖੀ ਰਾਜਕੁਮਾਰ ਸਮੇਤ ਪੁਲਸ ਪਾਰਟੀ ਮੌਕੇ ’ਤੇ ਪੁੱਜੇ ਅਤੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ। ਦੁਕਾਨ ਮਾਲਕ ਆਸ਼ੂ ਚੋਪੜਾ ਪੁੱਤਰ ਰਕੇਸ਼ ਕੁਮਾਰ ਨੇ ਦੱਸਿਆ ਕਿ ਬੀਤੇ ਕਰੀਬ ਇਕ ਹਫਤਾ ਪਹਿਲਾਂ ਉਨ੍ਹਾਂ ਨੂੰ ਅੱਤਵਾਦੀ ਲਖਬੀਰ ਸਿੰਘ ਲੰਡਾ ਦਾ ਨਾਮ ਲੈਂਦੇ ਹੋਏ ਫੋਨ ਕਾਲ ਉੱਪਰ 50 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਸੀ। ਜਿਸ ਤੋਂ ਬਾਅਦ ਅੱਜ ਸੋਮਵਾਰ ਸਵੇਰੇ ਕਰੀਬ 11 ਵਜੇ ਜਦੋਂ ਉਸਦਾ ਵੱਡਾ ਭਰਾ ਪੰਕਜ ਚੋਪੜਾ ਖੇਤੀ ਸਟੋਰ, ਫਤਿਹਾਬਾਦ ਜ਼ਿਲਾ ਤਰਨਤਾਰਨ ਵਿਚ ਮੌਜੂਦ ਸੀ ਤਾਂ ਦੋ ਵਿਅਕਤੀ ਪੈਦਲ ਆਏ ਅਤੇ ਉਨ੍ਹਾਂ ਵੱਲੋਂ ਦੁਕਾਨ ਉੱਪਰ ਸਿੱਧੀ ਫਾਇਰਿੰਗ ਕਰਨੀ ਸ਼ੁਰੂ



ਕਰ ਦਿੱਤੀ ਜਿਸ ਦੇ ਚੱਲਦਿਆਂ ਦੁਕਾਨ ਅੱਗੇ ਲੱਗਾ ਸ਼ੀਸ਼ਾ ਟੁੱਟ ਗਿਆ ਅਤੇ ਮੁਲਜ਼ਮ ਮੌਕੇ ਤੋਂ ਪੈਦਲ ਦਾਣਾ ਮੰਡੀ ਵੱਲ ਫਰਾਰ ਹੋ ਗਏ। ਚੋਪੜਾ ਪਰਿਵਾਰ ਦੇ ਸਾਰੇ ਰਿਸ਼ਤੇਦਾਰਾਂ ਨੂੰ ਬੀਤੇ ਮਹੀਨਿਆਂ ਦੌਰਾਨ ਲੱਖਾਂ ਰੁਪਏ ਦੀ ਫਿਰੌਤੀ ਸਬੰਧੀ ਧਮਕੀਆਂ ਆ ਚੁੱਕੀਆਂ ਹਨ ਜਿਸ ਦੇ ਸੰਬੰਧ ਵਿਚ ਵੱਖ-ਵੱਖ ਮੁਕੱਦਮੇ ਵੀ ਦਰਜ ਕੀਤੇ ਗਏ ਹਨ। ਇਸ ਵਾਰਦਾਤ ਤੋਂ ਬਾਅਦ ਫਤਿਹਾਬਾਦ ਵਿਖੇ ਮੌਜੂਦ ਸਮੂਹ ਦੁਕਾਨਦਾਰਾਂ ਵਿਚ ਸਹਿਮ ਵੇਖਣ ਨੂੰ ਮਿਲ ਰਿਹਾ ਹੈ। ਉਧਰ ਮੌਕੇ ’ਤੇ ਪੁੱਜੀ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਵੱਲੋਂ ਫਾਇਰਿੰਗ ਦੌਰਾਨ ਸੀਸੀਟੀਵੀ ਨੂੰ ਆਪਣੇ ਕਬਜ਼ੇ ਵਿਚ ਲੈਂਦੇ ਹੋਏ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਪੰਜਾਬ ’ਚ ਕੈਂਸਰ ਨੂੰ ਲੈ ਕੇ ਡਰਾਉਣੀ ਰਿਪੋਰਟ, ਇਹ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ

ਕੌਮੀ ਪਤ੍ਰਿਕਾ

ਅੰਮ੍ਰਿਤਸਰ 5 ਜਨਵਰੀ। ਕੈਂਸਰ ਦੀ ਬੀਮਾਰੀ ਲਗਾਤਾਰ ਤੇਜ਼ੀ ਨਾਲ ਪੰਜਾਬ ਵਿਚ ਪੈਰ ਪਸਾਰ ਦੀ ਜਾ ਰਹੀ ਹੈ। ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਵਿਕਾਸ ਸਥਿਤ ਸਟੇਟ ਕੈਂਸਰ ਇੰਸਟੀਟਿਊਟ ਦੇ ਵਿਚ ਰੋਜ਼ਾਨਾ 60 ਤੋਂ 70 ਨਵੇਂ ਮਰੀਜ਼ ਇਲਾਜ ਲਈ ਆ ਰਹੇ ਹਨ। ਇੰਸਟੀਚਿਊਟ ਵਿਚ ਪੰਜਾਬ ਅਤੇ ਭਾਰਤ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਤਹਿਤ ਮਰੀਜ਼ਾਂ ਨੂੰ ਵਧੀਆ ਇਲਾਜ ਦੇ ਕੇ ਨਵੀਂ ਮਿਸਾਲ ਪੈਦਾ ਕੀਤੀ ਜਾ ਰਹੀ ਹੈ। ਇੰਸਟੀਚਿਊਟ ਦੇ ਮੁਖੀ ਡਾਕਟਰ ਰਾਜੀਵ ਦੇਵਗਨ ਦੀ ਅਗਵਾਈ ਵਿਚ ਸਮੁੱਚਾ ਸਟਾਫ ਮਰੀਜ਼ਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੋ ਕੇ ਕੰਮ ਕਰ ਰਿਹਾ ਹੈ ਜਾਣਕਾਰੀ ਅਨੁਸਾਰ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ 120 ਕਰੋੜ ਰੁਪਏ ਦੀ ਲਾਗਤ ਨਾਲ ਸਟੇਟ ਕੈਂਸਰ ਇੰਸਟੀਚਿਊਟ ਬਣਾਇਆ ਗਿਆ ਹੈ। 150 ਬੈੱਡਾਂ ਦੇ ਕੈਂਸਰ ਇੰਸਟੀਚਿਊਟ ਵਿਚ ਜਿੱਥੇ ਮਰੀਜ਼ਾਂ ਦਾ ਸਫਲ ਇਲਾਜ ਹੋ ਰਿਹਾ ਹੈ, ਉਥੇ ਹੀ ਸਰਜਰੀ ਤੱਕ ਕੈਂਸਰ ਨਾਲ ਸੰਬੰਧਤ ਕੀਤੀ ਜਾ ਰਹੀ ਹੈ। ਹਰ ਇਕ ਪ੍ਰਕਾਰ ਦੇ ਡਾਕਟਰ ਇੰਸਟੀਚਿਊਟ ਵਿਚ ਟੀਮ ਵਰਕ ਨਾਲ ਮਰੀਜ਼ਾਂ ਦੀ ਬੀਮਾਰੀ ਦੀ ਰੋਕਥਾਮ ਲਈ ਕੰਮ ਕਰ ਰਹੇ ਹਨ। ਇੰਸਟੀਚਿਊਟ ਵਿਚ ਰੋਜ਼ਾਨਾ 60 ਤੋਂ 70 ਨਵੇਂ ਮਰੀਜ਼ ਸਾਹਮਣੇ ਆ ਰਹੇ ਹਨ ਜਦਕਿ ਹਰ ਮਹੀਨੇ 2000 ਦੇ ਕਰੀਬ ਮਰੀਜ਼ ਇੰਸਟੀਚਿਊਟ ਵਿਚ ਆ ਕੇ ਸਫਲ ਇਲਾਜ ਪਾ ਰਹੇ ਹਨ। ਇੰਸਟੀਚਿਊਟ ਦਾ ਫਾਇਦਾ ਪੰਜਾਬ




ਤੋਂ ਇਲਾਵਾ ਬਾਹਰੀ ਸੂਬਿਆਂ ਦੇ ਕੈਂਸਰ ਨਾਲ ਜੂਝ ਰਹੇ ਮਰੀਜ਼ਾਂ ਨੂੰ ਵੀ ਭਰਪੂਰ ਹੋ ਰਿਹਾ ਹੈ ਪਰ ਹੁਣ ਜ਼ਿਆਦਾ ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਗੁਰਦਾਸਪੁਰ, ਪਠਾਨਕੋਟ ਆਦਿ ਜ਼ਿਲ੍ਹਿਆਂ ਦੇ ਲੋਕ ਕਾਫੀ ਵੱਡੀ ਗਿਣਤੀ ਵਿਚ ਸਾਹਮਣੇ ਆ ਰਹੇ ਹਨ। ਕੈਂਸਰ ਦੀ ਬੀਮਾਰੀ ਨਾਲ ਜੂਝ ਰਹੇ ਮਰੀਜ਼ਾਂ ਲਈ ਸਰਕਾਰ ਵੱਲੋਂ ਮੁਹੱਈਆ ਕਰਵਾਇਆ ਗਿਆ। ਡੇਢ ਲੱਖ ਤੱਕ ਦਾ ਮੁਫਤ ਇਲਾਜ ਇਕ ਵਰਦਾਨ ਸਾਬਿਤ ਹੋ ਰਿਹਾ ਹੈ। ਮਰੀਜ਼ ਪਹਿਲਾਂ ਹੀ ਬੀਮਾਰੀ ਦੀ ਸਮੱਸਿਆ ਕਾਰਨ ਪ੍ਰੇਸ਼ਾਨ ਹੁੰਦੇ ਹਨ। ਦੂਸਰਾ ਉਨ੍ਹਾਂ ਕੋਲ ਪੈਸਾ ਨਾ ਹੋਣ ਕਾਰਨ ਉਨ੍ਹਾਂ ਦੀ ਬੀਮਾਰੀ ਹੋਰ ਵੱਧ ਜਾਂਦੀ ਹੈ ਪਰ ਅਜਿਹੇ ਵਿਚ ਡੇਢ ਲੱਖ ਰੁਪਏ ਤੱਕ ਦਾ ਮੁਫਤ ਇਲਾਜ ਉਨ੍ਹਾਂ ਲਈ ਕਾਫੀ ਕਾਰਾਗਰ ਸਾਬਿਤ ਹੋ ਰਿਹਾ ਹੈ। ਇੰਸਟੀਚਿਊਟ ਦੇ ਮੁਖੀ ਡਾਕਟਰ ਰਾਜੀਵ ਦੇਵਗਨ ਨੇ ਦੱਸਿਆ ਕਿ ਜਲਦ ਹੀ ਮੈਮੋਗ੍ਰਾਫੀ ਅਤੇ ਬ੍ਰੈਸਟ ਕੈਂਸਰ ਦਾ ਇਲਾਜ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇੰਸਟੀਚਿਊਟ ਵਿਚ ਪੰਜਾਬ ਸਰਕਾਰ ਵੱਲੋਂ ਅਤੀ ਆਧੁਨਿਕ ਤਕਨੀਕਾਂ ਨਾਲ ਲੈਸ ਮਸ਼ੀਨਰੀ ਮੁਹੱਈਆ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਪ੍ਰਕਾਰ ਦੇ ਕੈਂਸਰ ਦੇ ਇਲਾਜ ਲਈ ਇੰਸਟੀਚਿਊਟ ਦੇ ਮਾਧਿਅਮ ਰਾਹੀਂ ਸਰਜਰੀ ਦੀ ਸਹੂਲਤ ਵੀ ਮੁਹੱਈਆ ਹੈ। ਮਾਹਿਰ ਡਾਕਟਰਾਂ ਵੱਲੋਂ ਸਰਜਰੀ ਕਰ ਕੇ ਮਰੀਜ਼ ਦੇ ਕੈਂਸਰ ਬਚਾਅ ਲਈ ਕੰਮ ਕੀਤਾ ਜਾਂਦਾ ਹੈ। ਸਰਜਰੀ ਵਾਰਡ ਨੰਬਰ 1 ਵਿਚ ਮਰੀਜ਼ਾਂ ਨੂੰ ਦਾਖਲ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਨਵੀਂ ਬਣੀ ਬਿਲਡਿੰਗ ਵਿਚ ਵੀ ਜਲਦ ਹੀ ਮਰੀਜ਼ਾਂ ਨੂੰ ਦਾਖਲ ਕਰਨ ਦੀ ਪ੍ਰਕਿਰਿਆ ਵੀ ਆਰੰਭੀ ਜਾ ਰਹੀ ਹੈ।

## ਗੋਲੀਆਂ ਦੀ ਆਵਾਜ਼ ਨਾਲ ਦਹਿਲਿਆ ਪੰਜਾਬ, ਇਮੀਗ੍ਰੇਸ਼ਨ ਦਫ਼ਤਰ ’ਤੇ ਤਾਬੜਤੋੜ ਫਾਇਰਿੰਗ

ਗੁਰਦਾਸਪੁਰ 5 ਜਨਵਰੀ। ਸਥਾਨਕ ਜੇਲ੍ਹ ਰੋਡ ’ਤੇ ਸਥਿਤ ਪੁੱਡਾ ਮਾਰਕੀਟ ਵਿੱਚ ਅੱਜ ਸ਼ਾਮ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਇੱਕ ਇਮੀਗ੍ਰੇਸ਼ਨ ਦਫ਼ਤਰ ’ਤੇ ਗੋਲੀਆਂ ਚਲਾਈਆਂ। ਦੋਸ਼ੀ ਗੋਲੀਬਾਰੀ ਕਰਨ ਤੋਂ ਬਾਅਦ ਭੱਜਣ ਵਿੱਚ ਕਾਮਯਾਬ ਹੋ ਗਏ। ਸੂਚਨਾ ਮਿਲਣ ’ਤੇ ਐੱਸ.ਪੀ ਡੀ.ਕੇ. ਚੌਧਰੀ, ਡੀ.ਐੱਸ.ਪੀ ਮੋਹਨ ਸਿੰਘ, ਸਿਟੀ ਪੁਲਸ ਸਟੇਸ਼ਨ ਇੰਚਾਰਜ ਦਵਿੰਦਰ ਪ੍ਰਕਾਸ਼ ਅਤੇ ਸੀ.ਆਈ.ਏ ਸਟਾਫ ਇੰਚਾਰਜ ਗੁਰਮੀਤ ਸਿੰਘ ਪੁਲਸ ਫੋਰਸ ਨਾਲ ਮੌਕੇ ’ਤੇ ਪਹੁੰਚੇ ਅਤੇ ਸੀ.ਸੀ.ਟੀ.ਵੀ ਕੈਮਰਿਆਂ ਦੀ ਜਾਂਚ ਕਰ ਰਹੇ ਹਨ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮਿਲੇ ਕਾਰਤੂਸਾਂ ਦੇ ਖੋਲ ਪੁਰਾਣੇ ਹਨ, ਜਿਸ ਨਾਲ ਮਾਮਲਾ ਸ਼ੱਕੀ ਹੋ ਗਿਆ ਹੈ। ਮੌਕੇ ’ਤੇ ਇਕੱਠੀ ਕੀਤੀ ਗਈ ਜਾਣਕਾਰੀ ਦੇ ਅਨੁਸਾਰ ਪਲਟੀਨਾ ਮੋਟਰਸਾਈਕਲ ’ਤੇ ਸਵਾਰ ਦੋ ਅਣਪਛਾਤੇ ਨਕਾਬਪੋਸ਼ ਸ਼ਾਮ ਨੂੰ ਆਜੋਸੀ ਹੱਬ ਇਮੀਗ੍ਰੇਸ਼ਨ ਦਫਤਰ ਆਏ ਅਤੇ ਪਿਸਤੌਲ ਨਾਲ ਗੋਲੀ ਚਲਾਈ ਅਤੇ ਭੱਜ ਗਏ। ਇਮੀਗ੍ਰੇਸ਼ਨ ਸੈਂਟਰ ਦੇ ਮਾਲਕ ਹਰਮਨਜੀਤ ਸਿੰਘ ਕੰਗ, ਗੋਲੀਬਾਰੀ ਵੇਲੇ ਦਫਤਰ ਵਿੱਚ ਨਹੀਂ ਸਨ। ਉੱਥੇ ਕੰਮ ਕਰਨ ਵਾਲੇ ਕਰਮਚਾਰੀਆਂ ਨੇ ਦੱਸਿਆ ਕਿ ਮੁਲਜ਼ਮਾਂ ਦੀਆਂ ਗੋਲੀਆਂ ਇੱਕ ਕੱਧ ’ਤੇ ਲੱਗੀ ਘੜੀ ’ਚ ਲੱਗੀ । ਦੂਜੇ ਪਾਸੇ ਐੱਸ.ਪੀ (ਡਿਟੈਕਟਿਵ) ਡੀ.ਕੇ. ਚੌਧਰੀ ਨੇ ਦੱਸਿਆ ਕਿ ਘਟਨਾ ਸਥਾਨ ’ਤੇ ਦੋ ਖੋਲ ਮਿਲੇ ਹਨ, ਪਰ ਮੰਨਿਆ ਜਾ ਰਿਹਾ ਹੈ ਕਿ ਗੋਲੀ ਘੜੀ ’ਚ ਲੱਗੀ ਸੀ, ਪਰ ਗੋਲੀਬਾਰੀ ਦੇ ਕੋਈ ਹੋਰ ਨਿਸ਼ਾਨ ਨਹੀਂ ਮਿਲੇ। ਉਨ੍ਹਾਂ ਕਿਹਾ ਕਿ ਮਿਲੇ ਖੋਲ ਪੁਰਾਣੇ ਹਨ ਅਤੇ ਇੱਕ ਸ਼ੱਕੀ ਮਾਮਲਾ ਜਾਪਦਾ ਹੈ। ਉਨ੍ਹਾਂ ਕਿਹਾ ਕਿ ਪੁਲਸ ਹਰ ਪਹਿਲੂ ਦੀ ਜਾਂਚ ਕਰ ਰਹੀ ਹੈ ਅਤੇ ਜਲਦੀ ਹੀ ਸੱਚਾਈ ਸਾਹਮਣੇ ਆ ਜਾਵੇਗੀ। ਹਾਲਾਂਕਿ ਇਸ ਘਟਨਾ ਨੇ ਸ਼ਹਿਰ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ, ਅਤੇ ਘਟਨਾ ਤੋਂ ਬਾਅਦ ਘਟਨਾ ਸਥਾਨ ਦੇ ਨੇੜੇ ਦੇ ਸਾਰੇ ਬਾਜ਼ਾਰ ਬੰਦ ਕਰ ਦਿੱਤੇ ਗਏ। ਇਹ ਵੀ ਪਤਾ ਲੱਗਾ ਹੈ ਕਿ ਜਿਸ ਇਮੀਗ੍ਰੇਸ਼ਨ ਕੰਪਨੀ ਦੇ ਬਾਹਰ ਗੋਲੀਬਾਰੀ ਹੋਈ ਸੀ, ਉਸ ਨੂੰ ਫਿਰੌਤੀ ਦਾ ਕਾਲ ਆਇਆ ਸੀ, ਅਤੇ ਪੁਲਸ ਨੇ ਉੱਥੇ ਪੀਸੀਆਰ ਕਰਮਚਾਰੀਆਂ ਨੂੰ ਤਾਇਨਾਤ ਕਰ ਦਿੱਤਾ ਸੀ।

# ਜਲੰਧਰ ਵਾਸੀਆਂ ਲਈ ਰਾਹਤ ਭਰੀ ਖ਼ਬਰ ! 8 ਜਨਵਰੀ ਤੋਂ ਸ਼ੁਰੂ ਹੋਵੇਗੀ ਇਸ ਯੋਜਨਾ ਦੀ ਰਜਿਸਟਰੇਸ਼ਨ

ਕੌਮੀ ਪਤ੍ਰਿਕਾ

ਜਲੰਧਰ 5 ਜਨਵਰੀ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਦੀ ਖਾਹਿਸ਼ੀ ‘ਮੁੱਖ ਮੰਤਰੀ ਸਿਹਤ ਯੋਜਨਾ’ ਤਹਿਤ ਜਲੰਧਰ ਜ਼ਿਲ੍ਹੇ ਵਿਚ 8 ਜਨਵਰੀ 2026 ਤੋਂ ਰਜਿਸਟ?ਰੇਸ਼ਨ ਪ੍ਰਕਿਰਿਆ ਸ਼ੁਰੂ ਕੀਤੀ ਜਾ ਰਹੀ ਹੈ। ਇਸ ਯੋਜਨਾ ਤਹਿਤ ਪੰਜਾਬ ਅਤੇ ਚੰਡੀਗੜ੍ਹ ਦੇ ਸਰਕਾਰੀ ਅਤੇ ਪੈਨਲ ਵਿਚ ਸ਼ਾਮਲ ਨਿੱਜੀ ਹਸਪਤਾਲਾਂ ਵਿਚ ਹਰ ਪਰਿਵਾਰ ਨੂੰ ਪ੍ਰਤੀ ਸਾਲ 10 ਲੱਖ ਰੁਪਏ ਤਕ ਦਾ ਕੈਸ਼ਲੈੱਸ ਇਲਾਜ ਉਪਲੱਬਧ ਕਰਵਾਇਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ ਵਿਚ ਆਯੋਜਿਤ ਇਕ ਮੀਟਿੰਗ ਦੌਰਾਨ ਐਡੀਸ਼ਨਲ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਸਿਵਲ ਸਰਜਨ ਡਾ. ਰਾਜੇਸ਼ ਗਰਗ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਯੋਜਨਾ ਦੀ ਸਮੀਖਿਆ ਕੀਤੀ। ਇਸ ਦੌਰਾਨ ਉਨ੍ਹਾਂ ਨੇ ਮੁੱਖ ਮੰਤਰੀ ਸਿਹਤ ਯੋਜਨਾ ਨਾਲ ਜੁੜੇ ਮੈਪਿੰਗ, ਰਜਿਸਟ?ਰੇਸ਼ਨ ਅਤੇ ਲਾਗੂਕਰਨ ਪ੍ਰਕਿਰਿਆ ਨੂੰ ਸਰਲ ਅਤੇ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਡਾ. ਅਗਰਵਾਲ ਨੇ ਕਿਹਾ ਕਿ ਇਸ ਯੋਜਨਾ ਦਾ ਮੁੱਖ ਉਦੇਸ਼ ਜ਼ਮੀਨੀ ਪੱਧਰ ’ਤੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤਕ ਬਿਹਤਰ ਸਿਹਤ ਸਹੂਲਤਾਂ ਪਹੁੰਚਾਉਣਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕਾਰਡ ਬਣਾਉਣ ਲਈ ਵਿਅਕਤੀ ਦਾ ਪੰਜਾਬ ਦਾ ਵਾਸੀ ਹੋਣਾ ਜ਼ਰੂਰੀ ਹੈ। ਇਹ ਕਾਰਡ ਪਿੰਡ ਜਾਂ ਸ਼ਹਿਰ ਦੇ ਕਿਸੇ ਵੀ ਨਜ਼ਦੀਕੀ ਕਾਮਨ ਸਰਵਿਸ ਸੈਂਟਰ ਤੋਂ ਬਣਵਾਇਆ ਜਾ ਸਕਦਾ ਹੈ। ਰਜਿਸਟ?ਰੇਸ਼ਨ ਲਈ ਆਧਾਰ ਕਾਰਡ ਅਤੇ ਵੋਟਰ ਕਾਰਡ ਨੂੰ ਰਿਹਾਇਸ਼ ਸਰਟੀਫਿਕੇਟ ਵਜੋਂ ਜ਼ਰੂਰੀ ਕੀਤਾ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਯੋਜਨਾ ਦਾ ਲਾਭ ਉਠਾਉਣ ਲਈ ਹਰ ਯੋਗ ਵਿਅਕਤੀ ਦਾ ਵੱਖਰਾ ਕਾਰਡ ਬਣਾਉਣਾ ਜ਼ਰੂਰੀ ਹੋਵੇਗਾ। ਉਨ੍ਹਾਂ ਕਿਹਾ ਕਿ 18 ਸਾਲ ਤੋਂ ਘੱਟ ਉਮਰ ਦੇ ਲਾਭਪਾਤਰੀਆਂ ਲਈ ਆਧਾਰ ਕਾਰਡ ਨਾਲ ਮਾਤਾ-ਪਿਤਾ ਵਿਚੋਂ ਕਿਸੇ ਇਕ ਦਾ ਵੋਟਰ ਕਾਰਡ ਜਾਂ ਪੰਜਾਬ ਵਿਚ ਰਹਿਣ ਵਾਲੇ ਗਾਰਜੀਅਨ ਦਾ ਵੋਟਰ ਕਾਰਡ ਜ਼ਰੂਰੀ ਹੋਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਯਮਿਤ ਮੁਲਾਜ਼ਮ, ਪੈਨਸ਼ਨਰ ਅਤੇ ਪੰਜਾਬ ਸਰਕਾਰ ਦੇ ਅਧੀਨ ਵਿਭਾਗਾਂ, ਸੰਗਠਨਾਂ, ਸੋਸਾਇਟੀਆਂ, ਕਾਰਪੋਰੇਸ਼ਨਾਂ ਅਤੇ ਟਰੱਸਟਾਂ ਵਿਚ ਆਊਟਸੋਰਸਿੰਗ ਜਾਂ ਕਾਂਟਰੈਕਟ ਆਧਾਰ ’ਤੇ ਤਾਇਨਾਤ ਕਰਮਚਾਰੀ ਵੀ ਇਸ ਯੋਜਨਾ ਤਹਿਤ ਲਾਭ ਪਾਉਣ ਦੇ ਯੋਗ ਹੋਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀ ਲਗਭਗ 24.7 ਲੱਖ ਆਬਾਦੀ ਦੇ ਕਾਰਡ ਬਣਾਉਣ ਲਈ 649 ਕਾਮਨ ਸਰਵਿਸ ਸੈਂਟਰ ਪਛਾਣੇ ਗਏ ਹਨ। ਉਨ੍ਹਾਂ ਨੇ ਸਾਰੇ ਐੱਸ. ਡੀ. ਐੱਮਜ਼ ਨੂੰ ਆਪਣੇ-ਆਪਣੇ ਖੇਤਰਾਂ ਵਿਚ ਪੂਰੀ ਪ੍ਰਕਿਰਿਆ ਦੀ ਨਿਰੰਤਰ ਮਾਨੀਟਰਿੰਗ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਤਾਂ ਕਿ ਕੰਮ ਸਮੇਂ ’ਤੇ ਪੂਰਾ ਹੋ ਸਕੇ। ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੱਦਾ ਦਿੱਤਾ ਕਿ ਉਹ ਪਿੰਡਾਂ ਦੇ ਸਰਪੰਚਾਂ, ਕੌਂਸਲਰਾਂ, ਪਟਵਾਰੀਆਂ, ਨੰਬਰਦਾਰਾਂ, ਆਸ਼ਾ ਵਰਕਰਾਂ, ਏ. ਐੱਨ. ਐੱਮ., ਮਲਟੀਪਰਪਜ਼ ਹੈਲਥ ਵਰਕਰਾਂ ਅਤੇ ਗੈਰ-ਸਰਕਾਰੀ ਸੰਗਠਨਾਂ ਦੇ ਸਹਿਯੋਗ ਨਾਲ ਟੀਮ ਭਾਵਨਾ ਨਾਲ ਕੰਮ ਕਰਨ। ਇਸ ਮੀਟਿੰਗ ਵਿਚ ਐੱਸ. ਡੀ. ਐੱਮ. ਰਣਦੀਪ ਸਿੰਘ ਹੀਰ ਅਤੇ ਸ਼ੁਭੀ ਆਂਗਰਾ, ਸੀ. ਐੱਮ. ਐੱਫ. ਓ. ਨਵਦੀਪ ਸਿੰਘ, ਡੀ. ਐੱਮ. ਸੀ. ਡਾ. ਜਸਵਿੰਦਰ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਜਲੰਧਰ ਜ਼ਿਲ੍ਹੇ ਵਿਚ ਇਸ ਯੋਜਨਾ ਤਹਿਤ ਹੁਣ ਤਕ 15 ਸਰਕਾਰੀ ਅਤੇ 47 ਨਿੱਜੀ ਹਸਪਤਾਲ ਪੈਨਲ ਵਿਚ ਸ਼ਾਮਲ ਕੀਤੇ ਜਾ ਚੁੱਕੇ ਹਨ। ਇਸ ਸੂਚੀਬੱਧ ਪ੍ਰਮੁੱਖ ਨਿੱਜੀ ਹਸਪਤਾਲਾਂ ਵਿਚ ਦੋਆਬਾ ਹਸਪਤਾਲ, ਡਾ. ਜਗਨਪ੍ਰੀਤ ਮੁਲਤਾਨੀ ਪਲਾਸਟਿਕ ਸਰਜਰੀ ਹਸਪਤਾਲ, ਕਮਲ ਮਲਟੀਸਪੈਸ਼ਲਿਟੀ ਹਸਪਤਾਲ, ਨਿਊ ਹੋਪ ਸਟੋਨ ਅਤੇ ਫਰਟੀਲਿਟੀ ਕਲੀਨਿਕ, ਪਸਰੀਚਾ ਹਸਪਤਾਲ ਅਤੇ ਮੈਟਰਨਿਟੀ ਹੋਮ, ਅਪੈਕਸ ਹਸਪਤਾਲ ਮੈਟਰਨਿਟੀ ਹੋਮ, ਅਰਮਾਨ ਹਸਪਤਾਲ, ਮਾਨ ਮੈਡੀਸਿਟੀ, ਡਾਂਗ ਨਰਸਿੰਗ ਹੋਮ, ਨਿਊ ਰੂਬੀ ਹਸਪਤਾਲ, ਰਣਜੀਤ ਹਸਪਤਾਲ, ਅਰੋੜਾ ਆਈ ਹਸਪਤਾਲ ਅਤੇ ਰੈਟਿਨਾ ਸੈਂਟਰ, ਗਲੋਬਲ ਹਸਪਤਾਲ, ਜੋਸ਼ੀ ਹਸਪਤਾਲ ਅਤੇ ਟਰੌਮਾ ਸੈਂਟਰ, ਅਮਰ ਹਸਪਤਾਲ, ਸਿਗਮਾ ਹਸਪਤਾਲ, ਅਕਾਲ ਆਈ ਹਸਪਤਾਲ, ਰਤਨ ਹਸਪਤਾਲ, ਸ਼ਕੁੰਤਲਾ ਦੇਵੀ ਵਿਗ ਹਸਪਤਾਲ, ਕੇਅਰ ਬੈਸਟ ਸੁਪਰਸਪੈਸ਼ਲਿਟੀ ਹਸਪਤਾਲ, ਮਹਾਜਨ ਆਈ ਹਸਪਤਾਲ, ਅਰੋੜਾ ਨਰਸਿੰਗ ਹੋਮ ਫਿਲੌਰ, ਘਈ ਹਸਪਤਾਲ, ਬੀ. ਬੀ. ਸੀ. ਹਾਰਟ ਕੇਅਰ, ਸਿੱਕਾ ਹਸਪਤਾਲ, ਦੁੱਗਲ ਆਈ ਹਸਪਤਾਲ, ਐੱਨ. ਐੱਚ. ਐੱਸ. ਹਸਪਤਾਲ, ਸਰਵੋਦਿਆ ਹਸਪਤਾਲ, ਕਿਡਨੀ ਹਸਪਤਾਲ, ਲਾਈਫਲਾਈਨ ਮੈਡੀਕਲ ਇੰਸਟੀਚਿਊਟ, ਪੀ. ਐੱਮ. ਜੀ. ਚਿਲਡਰਨ ਹਸਪਤਾਲ, ਏ. ਐੱਨ. ਨਿਊਰੋ ਕ੍ਰਿਟੀਕਲ ਕੇਅਰ ਸੈਂਟਰ, ਸੀ. ਐੱਮ. ਸੀ. ਹਸਪਤਾਲ, ਸ਼ਰਨਜੀਤ ਹਸਪਤਾਲ, ਕੈਪੀਟੋਲ ਹਸਪਤਾਲ, ਡਾ. ਥਿੰਦ ਆਈ ਹਸਪਤਾਲ, ਗੰਗਾ ਆਰਥੋਕੇਅਰ, ਏਮਜ਼ ਸੰਜੀਵਨੀ ਹਸਪਤਾਲ, ਕਮਲ ਹਸਪਤਾਲ, ਐੱਚ. ਪੀ. ਆਰਥੋਕੇਅਰ, ਐਟਲਸ ਮਲਟੀਸਪੈਸ਼ਲਿਟੀ, ਕਪੂਰ ਬੋਨ ਐਂਡ ਚਿਲਡਰਨ ਹਸਪਤਾਲ, ਗੋਇਲ ਕਿਡਨੀ ਕੇਅਰ, ਅਸਥਾ ਹਸਪਤਾਲ, ਕਪਿਲ ਹਸਪਤਾਲ, ਐੱਸ. ਕੇ. ਸੰਜੀਵ ਮਲਟੀਸਪੈਸ਼ਲਿਟੀ, ਨੈਸ਼ਨਲ ਆਈ ਕੇਅਰ ਹਸਪਤਾਲ ਅਤੇ ਡੀ. ਐੱਮ. ਸੀ. ਹਸਪਤਾਲ ਐਂਡ ਟਰੌਮਾ ਸੈਂਟਰ ਸ਼ਾਮਲ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਧੁੰਦ ਕਾਰਨ ਟਰੇਨਾਂ ਦੀ ਘਟੀ ਰਫ਼ਤਾਰ, ਠੰਢ 'ਚ ਕੰਬਦੇ ਯਾਤਰੀ ਕਰਦੇ ਰਹੇ ਟ?ਰੇਨਾਂ ਦੀ ਉਡੀਕ

**ਕੌਮੀ ਪੱਤ੍ਰਿਕਾ**

ਲੁਧਿਆਣਾ 5 ਜਨਵਰੀ। ਧੁੰਦ ਅਤੇ ਕੋਹਰੇ ਕਾਰਨ ਟ?ਰੇਨਾਂ ਦੀ ਰਫ਼ਤਾਰ ਹੌਲੀ ਹੋ ਗਈ ਹੈ। ਰਫ਼ਤਾਰ ਘੱਟ ਹੋਣ ਕਾਰਨ ਟ?ਰੇਨਾਂ ਆਪਣੇ ਸਟੇਸ਼ਨ 'ਤੇ ਦੇਰੀ ਨਾਲ ਪਹੁੰਚ ਰਹੀਆਂ ਹਨ। ਹਾਲਾਂਕਿ ਰੇਲਵੇ ਵਿਭਾਗ ਵਲੋਂ ਸਪੀਡ 'ਤੇ ਕਾਬੂ ਰੱਖਣ ਲਈ ਕਈ ਕਦਮ ਚੁੱਕੇ ਗਏ ਹਨ। ਡਰਾਈਵਰਾਂ ਨੂੰ ਧੁੰਦ ਵਾਲੇ ਯੰਤਰਾਂ ਤੋਂ ਇਲਾਵਾ ਅਤੇ ਹੋਰ ਉਪਕਰਣ ਵੀ ਪ੍ਰਦਾਨ ਕੀਤੇ ਗਏ ਹਨ ਪਰ ਫਿਰ ਵੀ ਕਈ ਲੰਬੀ ਦੂਰੀ ਦੀਆਂ ਟ?ਰੇਨਾਂ ਆਪਣੇ ਨਿਰਧਾਰਿਤ ਸਮੇਂ ਤੋਂ ਪੱਛੜ ਕੇ ਚੱਲ ਰਹੀਆਂ ਹਨ। ਟ?ਰੇਨਾਂ ਦੀ ਦੇਰੀ ਕਾਰਨ ਜ਼ਿਆਦਾਤਰ ਯਾਤਰੀਆਂ ਨੂੰ ਪਲੇਟਫਾਰਮ 'ਤੇ ਠੰਢ 'ਚ ਕੰਬਦੇ ਟ?ਰੇਨਾਂ ਦੀ ਉਡੀਕ ਕਰਨੀ ਪਈ। ਇੱਕ ਤਾਂ ਨਵਨਿਰਮਾਣ ਦੇ ਚਲਦੇ ਪਲੇਟਫਾਰਮ ਨੰਬਰ 2 ਤੇ 3 'ਤੇ ਕੰਮ



ਚੱਲ ਰਿਹਾ ਹੈ, ਜਿਸ ਕਾਰਨ ਟ?ਰੇਨਾਂ ਦੀ ਬਰਥ ਵੀ ਬਦਲੀ ਗਈ ਹੈ। ਯਾਤਰੀਆਂ ਦਾ ਕਹਿਣਾ ਹੈ ਕਿ ਵਿਭਾਗ ਨੂੰ ਯਾਤਰੀਆਂ ਦੇ ਬੈਠਣ ਦਾ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ। ਸ਼ੁੱਕਰਵਾਰ ਨੂੰ ਵੀ ਲੁਧਿਆਣਾ ਤੋਂ ਦਿੱਲੀ ਅਤੇ ਜੰਮੂ ਵੱਲ ਜਾਣ ਵਾਲਿਆਂ ਕਈ ਟ?ਰੇਨਾਂ ਆਪਣੇ ਨਿਰਧਾਰਿਤ ਸਮੇਂ ਤੋਂ ਪੱਛੜ ਕੇ ਚੱਲੀਆਂ। ਜਾਣਕਾਰੀ ਅਨੁਸਾਰ ਨਵੀਂ ਦਿੱਲੀ ਤੋਂ ਸ੍ਰੀ ਮਾਤਾ ਵੈਸ਼ਨੋ ਦੇਵੀ ਕੱਟੜਾ ਵੱਲ ਜਾਣ ਵਾਲੀ ਵੰਦੇ ਭਾਰਤ ਐਕਸਪ੍ਰੈਸ 1 ਘੰਟਾ 21 ਮਿੰਟ, ਗੰਗਾ ਸਤਲੁਜ ਐਕਸਪ੍ਰੈਸ ਫਿਰੋਜ਼ਪੁਰ ਕੈਂਟ ਤੋਂ ਧਨਬਾਦ ਵੱਲ ਜਾਣ ਵਾਲੀ 30 ਮਿੰਟ, ਅੰਮ੍ਰਿਤਸਰ ਜਨਸ਼ਤਾਬਦੀ ਹਰਿਦੁਆਰ ਤੋਂ ਅੰਮ?ਰਤਸਰ ਵੱਲ ਜਾਣ ਵਾਲੀ 30 ਮਿੰਟ, ਸੱਚਖੰਡ ਐਕਸਪ੍ਰੈਸ ਡੇਢ ਘੰਟਾ, ਅੰਬਾਲਾ-ਜਲੰਧਰ ਡੀਐਮਯੂ 1 ਘੰਟਾ, ਗਰੀਬ ਰਥ ਐਕਸਪ੍ਰੈਸ ਸਹਰਸਾ ਤੋਂ ਅੰਮ੍ਰਿਤਸਰ ਵੱਲ ਜਾਣ ਵਾਲੀ 7 ਘੰਟੇ, ਫਿਰੋਜ਼ਪੁਰ ਇੰਟਰ ਸਿਟੀ, ਅੰਮ੍ਰਿਤਸਰ ਤੋਂ ਨਿਊ ਤੀਨਸੁਕੀਆ, ਅਮਰਨਾਥ ਐਕਸਪ੍ਰੈਸ, ਦਰਭੰਗਾ ਤੋਂ ਅੰਮ੍ਰਿਤਸਰ ਜਾਣ ਵਾਲੀ ਦਰਭੰਗਾ ਐਕਸਪ੍ਰੈਸ, ਜੰਮੂ ਤਵੀ-ਜਬਲਪੁਰ ਐਕਸਪ੍ਰੈਸ, ਹੇਮਕੁੰਟ ਐਕਸਪ੍ਰੈਸ, ਅੰਮ੍ਰਿਤਸਰ-ਦੇਹਰਾਦੂਨ ਐਕਸਪ੍ਰੈਸ, ਅਤੇ ਬਰਮਾੜ ਤੋਂ ਜੰਮੂ ਤਵੀ ਵੱਲ ਜਾਣ ਵਾਲੀ ਸ਼ਾਲੀਮਾਰ ਮਾਲਨੀ ਐਕਸਪ੍ਰੈਸ ਵੀ ਆਪਣੇ ਨਿਰਧਾਰਿਤ ਸਮੇਂ ਤੋਂ ਦੇਰੀ ਨਾਲ ਚੱਲੀਆਂ। ਟ?ਰੇਨਾਂ ਦੇ ਦੇਰੀ ਨਾਲ ਚੱਲਣ ਕਾਰਨ ਯਾਤਰੀਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

## ਪੰਜਾਬ 'ਚ ਕੱਪੜਾ ਵਪਾਰੀ ਦੀ ਦੁਕਾਨ 'ਤੇ ਫਾਇਰਿੰਗ ! ਕੰਬਿਆ ਇਹ ਇਲਾਕਾ

ਫਗਵਾੜਾ 5 ਜਨਵਰੀ। ਫਗਵਾੜਾ ਦੇ ਪਿੰਡ ਬੋਹਾਨੀ 'ਚ ਇਕ ਕੱਪੜਾ ਵਪਾਰੀ ਦੀ ਦੁਕਾਨ 'ਤੇ ਪੁੱਜੇ ਇਕ ਨੌਜਵਾਨ ਵੱਲੋਂ ਵੇਖਦੇ ਹੀ ਵੇਖਦੇ ਫਾਇਰਿੰਗ ਕਰ ਦਿੱਤੀ ਗਈ। ਪਿੰਡ 'ਚ ਹੋਈ ਫਾਇਰਿੰਗ ਦੀ ਵਾਰਦਾਤ ਸੀ. ਸੀ. ਟੀ. ਵੀ. ਕੈਮਰੇ ਵਿ ਕੈਦ ਹੋਈ ਦੱਸੀ ਜਾਂਦੀ ਹੈ। ਇਸ ਦੌਰਾਨ ਪੁਲਸ ਥਾਣਾ ਰਾਵਲਪਿੰਡੀ ਦੇ ਪੁਲਸ ਅਧਿਕਾਰੀਆਂ ਨੇ ਪੱਤਰਕਾਰਾਂ ਨੂੰ ਪਿੰਡ ਬੋਹਾਨੀ 'ਚ ਹੋਈ ਫਾਇਰਿੰਗ ਦੀ ਅਧਿਕਾਰਿਤ ਤੌਰ 'ਤੇ ਤਸਦੀਕ ਕਰਦੇ ਹੋਏ ਦੱਸਿਆ ਕਿ ਪੁਲਸ ਨੇ ਗੋਲ?ੀ ਚਲਾਉਣ ਵਾਲੇ ਨੌਜਵਾਨ ਦੀ ਪਛਾਣ ਹਰਿੰਦਰ ਸਿੰਘ ਲਾਡੀ ਵਾਸੀ ਪਿੰਡ ਨੰਗਲ ਫਗਵਾੜਾ ਵਜੋਂ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਸੁਖਵਿੰਦਰ ਰਾਮ ਪੁੱਤਰ ਚਰਨ ਦਾਸ ਵਾਸੀ ਪਿੰਡ ਬੋਹਾਨੀ ਦੇ ਬਿਆਨ 'ਤੇ ਦੋਸ਼ੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ ਪਰ ਇਹ ਫਾਇਰਿੰਗ ਕਿਉਂ ਕੀਤੀ ਗਈ ਹੈ ਅਤੇ ਇਸ ਦੇ ਪਿੱਛੇ ਕੀ ਕਾਰਨ ਰਿਹਾ ਹੈ, ਇਸ ਦੀ ਪੁਲਸ ਵੱਲੋਂ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਬੀਤੀ ਦਿਨੀ ਇਸੇ ਪਿੰਡ ਦੇ ਸਾਬਕ ਸਰਪੰਚ ਦੀਆਂ ਬੰਦ ਦੁਕਾਨਾਂ 'ਤੇ ਫਾਇਰਿੰਗ ਕੀਤੀ ਗਈ ਸੀ, ਜਿਸ ਸਬੰਧੀ ਪੁਲਸ ਨੇ 2 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਪੁਲਸ ਵੱਲੋਂ ਦੋਸ਼ੀਆਂ ਪਾਸੋਂ ਪੁੱਛਗਿਛ ਕੀਤੀ ਜਾ ਰਹੀ ਹੈ। ਹਾਲੇ ਪਿੰਡ 'ਚ ਸਾਬਕਾ ਸਰਪੰਚ ਦੀਆਂ ਬੰਦ ਦੁਕਾਨਾਂ 'ਤੇ ਹੋਈ ਫਾਇਰਿੰਗ ਦੇ ਮਾਮਲੇ ਦੀ ਜਿੱਥੇ ਪੁਲਸ ਜਾਂਚ ਜਾਰੀ ਹੈ

# ਅੰਮ੍ਰਿਤਸਰ 'ਚ ਆਮ ਆਦਮੀ ਪਾਰਟੀ ਦੇ ਸਰਪੰਚ ਦਾ ਗੋਲੀਆਂ ਮਾਰ ਕੇ ਕਤਲ

ਅੰਮ੍ਰਿਤਸਰ 5 ਜਨਵਰੀ। ਅੰਮ੍ਰਿਤਸਰ 'ਚ ਵੱਡੀ ਵਾਰਦਾਤ ਵਾਪਰੀ ਹੈ ਜਿਥੇ ਤਰਨਤਾਰਨ ਦੇ ਆਮ ਆਦਮੀ ਪਾਰਟੀ ਦੇ ਇੱਕ ਸਰਪੰਚ ਦੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਇਸ ਮੰਦਭਾਗੀ ਘਟਨਾ ਨੇ ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਇਲਾਕੇ ਵਿੱਚ ਸਹਿਮ ਦਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ । ਜਾਣਕਾਰੀ ਮੁਤਾਬਕ ਸਰਪੰਚ ਜਰਮਲ ਸਿੰਘ ਅੰਮ੍ਰਿਤਸਰ ਵਿਖੇ ਇਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਏ ਸਨ। ਇਸ ਦੌਰਾਨ ਬਦਮਾਸ਼ਾਂ ਨੇ ਮੈਰਿਜ ਪੈਲੇਸ ਵਿੱਚ ਆ ਕੇ ਅਚਾਨਕ ਫਾਇਰਿੰਗ ਸ਼ੁਰੂ ਕਰ ਦਿੱਤੀ। ਬਦਮਾਸ਼ਾਂ ਨੇ ਸਰਪੰਚ ਦੇ ਸਿਰ ਵਿੱਚ ਗੋਲੀਆਂ ਮਾਰੀਆਂ। ਗੋਲੀ ਲੱਗਣ ਕਾਰਨ ਸਰਪੰਚ ਜਰਮਲ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਉਨ੍ਹਾਂ ਨੂੰ ਗੰਭੀਰ ਹਾਲਤ ਵਿੱਚ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਨ੍ਹਾਂ ਨੇ ਦਮ ਤੋੜ ਦਿੱਤਾ। ਮ੍ਰਿਤਕ ਸਰਪੰਚ ਜਰਮਲ ਸਿੰਘ ਤਰਨਤਾਰਨ ਜ਼ਿਲ੍ਹੇ ਦੇ ਵਲਟੋਹਾ ਪਿੰਡ ਦੇ ਰਹਿਣ ਵਾਲੇ ਸਨ ਅਤੇ ਮੌਜੂਦਾ ਸਰਪੰਚ ਸਨ। ਪੁਲਸ ਜਾਂਚ ਦੇ ਅਨੁਸਾਰ, ਉਨ੍ਹਾਂ 'ਤੇ ਪਹਿਲਾਂ ਵੀ 3 ਵਾਰ ਹਮਲਾ ਹੋ ਚੁੱਕਾ ਸੀ। ਫਾਇਰਿੰਗ ਦੀ ਸੂਚਨਾ ਮਿਲਣ 'ਤੇ ਪੁਲਸ ਪੈਲੇਸ ਪਹੁੰਚੀ ਅਤੇ ਪੂਰੇ ਪੈਲੇਸ ਨੂੰ ਘੇਰ ਕੇ ਜਾਂਚ ਕੀਤੀ ਜਾ ਰਹੀ ਹੈ। ਪੁਲਸ ਵਿਆਹ ਸਮਾਗਮ ਵਿੱਚ ਆਏ ਲੋਕਾਂ ਤੋਂ ਵੀ ਪੁੱਛਗਿੱਛ ਕਰ ਰਹੀ ਹੈ ਪੁਲਸ ਨੂੰ ਸ਼ੱਕ ਹੈ ਕਿ ਸਰਪੰਚ ਦੀ ਰੈਕੀ ਕੀਤੀ ਜਾ ਰਹੀ ਸੀ। ਪੁਲਸ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵੀ ਖੰਗਾਲ ਰਹੀ ਹੈ। ਫਿਲਹਾਲ ਹਮਲੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ, ਪਰ ਪੁਲਸ ਹਰ ਪਹਿਲੂ ਤੋਂ ਮਾਮਲੇ ਦੀ ਜਾਂਚ ਕਰ ਰਹੀ ਹੈ।

### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/O BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
ਨੈਸ਼ਨਲ ਯੂਥ ਪ੍ਰੋਜੈਕਟ ਨਵੀਂ ਦਿੱਲੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਵੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੱਤ ਰੋਜ਼ਾ ਕੌਮੀ ਏਕਤਾ ਕੈਂਪ ਦਾ ਆਯੋਜਨ ਡਾਕਟਰ ਗੁਰਦੇਵ ਸਿੰਘ ਸਿੱਧੂ ਟਰੱਸਟੀ ਮੈਬਰ ਨੈਸ਼ਨਲ ਯੂਥ ਪ੍ਰੋਜੈਕਟ ਅਤੇ ਅਮਰੀਕ ਸਿੰਘ ਕਲੇਰ ਪੰਜਾਬ ਪ੍ਰਧਾਨ ਨੈਸ਼ਨਲ ਯੂਥ ਪ੍ਰੋਜੈਕਟ ਦੀ ਅਗਵਾਈ ਅਤੇ ਡਾਕਟਰ ਜਸਬੀਰ ਸਿੰਘ ਪ੍ਰਿੰਸੀਪਲ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਜੀ ਦੇ ਸਹਿਯੋਗ ਨਾਲ ਕੀਤਾ ਗਿਆ।ਜਿਸ ਵਿੱਚ ਭਾਰਤ ਦੇ ਵੱਖ ਵੱਖ ਸੂਬਿਆਂ ਤੋਂ 400 ਤੋਂ ਉੱਪਰ ਨੌਜਵਾਨ ਸ਼ਮੂਲੀਅਤ ਕਰ ਰਹੇ ਹਨ। ਇਸ ਕੈਂਪ ਦੌਰਾਨ ਵਿਸ਼ੇਸ਼ ਤੌਰ ਤੇ ਰਘਬੀਰ ਸਿੰਘ ਮਾਨ ਸਾਬਕਾ ਐਸਟਿਟ ਡਾਇਰੈਕਟਰ ਯੂਥ ਸਰਵਿਸ ਪੰਜਾਬ ਨੂੰ ਕੈਂਪ ਦੌਰਾਨ ਦਿੱਤੀਆਂ ਜਾ ਰਹੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।ਇਸ ਕੌਮੀ ਏਕਤਾ ਕੈਂਪ ਦੌਰਾਨ ਦਿਨ ਦੀ ਸ਼ੁਰੂਆਤ ਸਵੇਰੇ 6.30 ਯੁਵਾ ਗੀਤ ਨਾਲ ਕੀਤੀ ਜਾਂਦੀ ਹੈ ,ਉਸ ਤੋਂ ਬਾਅਦ ਸਵੇਰ ਦਾ ਨਾਸ਼ਤਾ,8.45 ਤੋਂ ਲੈ ਕੇ 11 ਵਜੇ ਤੱਕ ਸ੍ਰੀ ਅਨੰਦਪੁਰ ਸਾਹਿਬ ਜੀ ਦੇ ਵੱਖ ਵੱਖ ਸਥਾਨਾਂ ਦੀ ਸਾਫ ਸਫਾਈ ਕੀਤੀ ਜਾਂਦੀ ਹੈ। 12 ਵਜੇ ਤੋਂ ਲੈ ਕੇ 1.30 ਵਜੇ ਤੱਕ ਦੁਪਹਿਰ ਦਾ ਖਾਣਾ। 2 ਵਜੇ ਤੋਂ ਲੈ ਕੇ 4 ਵਜੇ ਤੱਕ ਵੱਖ ਵੱਖ ਬੁਲਾਰਿਆਂ ਵੱਲੋਂ ਅਲੱਗ ਅਲੱਗ ਵਿਸ਼ਿਆਂ ਉਪਰ ਨੌਜਵਾਨਾ ਨੂੰ ਜਾਗਰੂਕ ਕੀਤਾ ਜਾਂਦਾ ਹੈ। ਸ਼ਾਮ ਨੂੰ 4.30 ਵਜੇ ਤੋਂ ਲੈ ਕੇ 5.30 ਵਜੇ ਤੱਕ ਕੈਂਪ ਦੌਰਾਨ ਆਏਂ ਨੌਜਵਾਨਾ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ। 6 ਵਜੇ ਤੋਂ ਲੈ ਕੇ 8 ਵਜੇ ਤੱਕ ਵੱਖ ਵੱਖ ਸੂਬਿਆਂ ਤੋਂ ਆਏ ਨੌਜਵਾਨਾ ਵੱਲੋਂ ਆਪਣੇ ਆਪਣੇ ਸੂਬਿਆਂ ਦੀ ਸੰਸਕ੍ਰਿਤੀ ਬਾਰੇ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਂਦਾ ਹੈ। 8.15 ਤੋਂ ਲੈ ਕੇ 9.15 ਤੱਕ ਰਾਤ ਦਾ ਖਾਣਾ ਖਾ ਕੇ ਸਾਰੇ ਰਾਤ ਦੇ ਅਰਾਮ ਲਈ ਚੱਲੇ ਜਾਂਦੇ ਹਨ। ਇਸ ਮੌਕੇ ਸਤਪਾਲ ਆਸੀਮ ਜਰਨਲ ਸਕੱਤਰ ਨੈਸ਼ਨਲ ਯੂਥ ਪ੍ਰੋਜੈਕਟ ਪੰਜਾਬ,ਅਜੇ ਕੁਮਾਰ ਪਾਂਡੇ( ਸਾਬਕਾ ਆਈ ਏ ਐਸ ) ਟਰੱਸਟੀ ਮੈਬਰ ਨੈਸ਼ਨਲ ਯੂਥ ਪ੍ਰੋਜੈਕਟ, ਰਘਬੀਰ ਸਿੰਘ ਮਾਨ ਸਾਬਕਾ ਐਸਟਿਟ ਡਾਇਰੈਕਟਰ ਯੂਥ ਸਰਵਿਸ ਵਿਭਾਗ ਪੰਜਾਬ,ਸੰਜੇ ਰਾਏ ਟਰੱਸਟੀ ਮੈਬਰ ਨੈਸ਼ਨਲ ਯੂਥ ਪ੍ਰੋਜੈਕਟ, ਸੁਰੇਸ਼ ਰਾਠੀ ਟਰੱਸਟੀ ਮੈਬਰ ਨੈਸ਼ਨਲ ਯੂਥ ਪ੍ਰੋਜੈਕਟ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਪ੍ਰੋਫੈਸਰ ਭੁਪਿੰਦਰ ਕੌਰ ਸੰਧੂ ਮਲੋਟ ਅਤੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਸਮੂਚੇ ਸਟਾਫ਼ ਵੱਲੋਂ ਭਰਭੂਰ ਸਹਿਯੋਗ ਦਿੱਤਾ ਜਾ ਰਿਹਾ ਹੈ।

# ਦੇਵ ਮਾਨ ਨੇ ਨਵੇਂ ਸਾਲ ਦੀ ਆਮਦ ਤੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਨਾਭਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵੇਂ ਸਾਲ ਦੀ ਆਮਦ ਤੇ ਨਾਭਾ ਨਗਰ ਕੌਂਸਲ ਦੇ ਸਮੂਹ ਸਟਾਫ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਸਮਾਗਮ ਵਿੱਚ ਨਾਭਾ ਦੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵਮਾਨ ਨੇ ਸ਼ਿਰਕਤ ਕੀਤੀ ਅਤੇ ਕਿਹਾ ਕਿ ਨਵੇਂ ਸਾਲ ਦੀ ਆਮਦ ਤੇ ਅੱਜ ਵੱਖ-ਵੱਖ ਥਾਵਾਂ ਤੇ ਕਰੋੜਾਂ ਰੁਪਏ ਦੇ ਉਦਘਾਟਨ ਕਰ ਰਹੇ ਹਾਂ। ਕਿਉਂਕਿ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਸਰਕਾਰ ਵਚਨ ਵੱਧ ਹੈ। ਇਸ ਮੌਕੇ ਉਨਾਂ ਵੱਲੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਵੀ ਤੰਜ ਕੱਸੇ ਤੇ ਕਿਹਾ ਕਿ ਜੋ ਅੱਜ ਅਸੀਂ 50 ਲੱਖ ਰੁਪਏ ਦੀ ਲਾਗਤ ਨਾਲ ਬੱਸ ਸਟੈਂਡ ਦੇ ਅੰਦਰ ਸੀਵਰੇਜ ਪਵਾ ਰਹੇ ਹਾਂ, ਪਹਿਲਾ ਕਾਂਗਰਸ ਸਰਕਾਰ ਸਮੇਂ ਰਾਜਾ ਵੜਿੰਗ ਨੇ 4 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਬੱਸ ਸਟੈਂਡ ਦੇ ਨਵੀਨੀਕਰਨ ਨੂੰ ਲੈ ਕੇ ਨੀਹ ਪੱਥਰ ਰੱਖਿਆ ਸੀ, ਪਰ ਇਹਨਾਂ ਵੱਲੋਂ ਸ਼ੋਸ਼ੇਬਾਜ਼ੀ ਹੀ ਕੀਤੀ ਗਈ ਸੀ। ਉਹਨਾਂ ਕਿਹਾ ਕਿ ਨਗਰ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਸਾਡੀ ਤਿਆਰੀ ਪੂਰੀ ਹੈ। ਉਨਾ ਕਿਹਾ ਕਿ ਨਵੇਂ ਸਾਲ ਦੀ ਆਮਦ ਤੇ ਅੱਜ ਵੱਖ-ਵੱਖ ਥਾਵਾਂ ਤੇ ਕਰੋੜਾਂ ਰੁਪਏ ਦੇ ਉਦਘਾਟਨ ਕਰ ਰਹੇ ਹਾਂ। ਕਿਉਂਕਿ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਇਸ ਮੌਕੇ ਤੇ ਨਗਰ ਕੌਂਸਲ ਦੇ ਕਾਰਜਕਾਰਨੀ ਪ੍ਰਧਾਨ ਜਸਦੀਪ ਸਿੰਘ ਖੰਨਾ, ਸਾਬਕਾ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਅਮਰਦੀਪ ਸਿੰਘ ਖੰਨਾ ਨੇ ਕਿਹਾ ਕਿ ਨਗਰ ਕੌਂਸਲ ਵੱਲੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਅੱਜ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾ ਰਹੇ ਹਨ ਅਤੇ ਨਾਭਾ ਦੇ ਬੱਸ ਸਟੈਂਡ ਵਿੱਚ 50 ਲੱਖ ਰੁਪਏ ਦੀ ਲਾਗਤ ਨਾਲ ਸੀਵਰੇਜ ਪਵਾ ਰਹੇ ਆ ਤਾਂ ਜੋ ਆਉਣ ਜਾਣ ਵਾਲੇ ਯਾਤਰੀਆ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ ਇਸ ਮੌਕੇ ਉਨਾਂ ਦੇ ਨਾਲ ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ , ਜਸਵੀਰ ਸਿੰਘ ਵਜੀਦਪੁਰ , ਦੀਪਕ ਨਾਗਪਾਲ , ਜਸਵੀਰ ਸਿੰਘ ਵਜੀਦਪੁਰ , ਭੁਪਿੰਦਰ ਸਿੰਘ ਕੱਲਰ ਮਾਜਰੀ , ਸੁਖਦੀਪ ਸਿੰਘ ਖਹਿਰਾ , ਭੁਪੇਸ਼ ਬਾਂਸਲ ਭਾਸੀ , ਗੁਰਵਰਿੰਦਰ ਸਿੰਘ ਗੁਰਮ , ਮਲਕੀਤ ਸਿੰਘ , ਠੇਕੇਦਾਰ ਧਰਮਪਾਲ , ਮਾਟੂ ਪਹੂਜਾ ਅਤੇ ਵੱਡੀ ਗਿਣਤੀ ਵਿੱਚ ਅਹੁਦੇਦਾਰਾਂ ਮੌਜੂਦ ਸਨ

# ਨਵੇਂ ਵਰ੍ਹੇ ਦੀ ਆਮਦ ਮੌਕੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਹਿਬ ਸੰਗਤਾਂ ਨਤਮਸਤਕ



**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਤੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਨਵੇਂ ਵਰ੍ਹੇ ਦੀ ਆਮਦ ਮੌਕੇ ਸੰਗਤਾਂ ਵੱਡੀ ਗਿਣਤੀ ਵਿਚ ਨਤਮਸਤਕ ਹੋਈਆਂ ਅਤੇ ਗੁਰੂ ਦਰਬਾਰ ਵਿਚ ਸੰਗਤਾਂ ਨੇ ਹਜ਼ੂਰੀ ਰਾਗੀ ਕੀਰਤਨੀ ਜੱਥਿਆਂ ਪਾਸੋਂ ਗੁਰਬਾਣੀ ਕੀਰਤਨ ਇਤਿਹਾਸ ਸਰਵਣ ਕੀਤਾ।

ਨਵੇਂ ਵਰ੍ਹੇ ਦੀ ਆਮਦ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਸਮੇਰ ਸਿੰਘ ਲਾਛੜੂ ਨੇ ਸੰਗਤਾਂ ਨੂੰ ਨਵੇਂ ਵਰ੍ਹੇ ਦੀ ਮਬਾਰਕਬਾਦ ਦਿੱਤੀ ਅਤੇ ਪ੍ਰਮਾਤਮਾ ਅੱਗੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸੰਗਤਾਂ ਜਿਥੇ ਗੁਰੂ ਘਰ ਨਤਮਸਤਕ ਹੋ ਰਹੀਆ ਹਨ, ਉਥੇ ਹੀ ਗੁਰੂ ਇਤਿਹਾਸ ਅਤੇ ਗੁਰਮਤਿ ਸੱਭਿਆਚਾਰ ਨਾਲ ਜੁੜਨਾ ਚਾਹੀਦਾ ਅਤੇ ਪ੍ਰਮਾਤਮਾ ਦੇ ਭਾਣੇ ਵਿਚ ਹੀ ਰਹਿ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਜਾ ਸਕਦਾ। ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਨਵੇਂ ਵਰ੍ਹੇ 'ਤੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਗੁਰਮਤਿ ਦਾ ਫਲਸਾਫ ਸਾਰਿਆਂ ਨੂੰ ਭਾਣੇ 'ਚ ਰਹਿਣ ਦੀ ਜੀਵਨ ਜਾਂਚ ਪ੍ਰਦਾਨ ਕਰਦਾ ਇਸ ਵਰ੍ਹੇ ਮੌਕੇ ਸਾਰਿਆਂ ਨੂੰ ਸਰਬੱਤ ਦੇ ਭਲੇ ਦੀ ਕਾਰਜਾਂ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾਉਣਾ ਚਾਹੀਦਾ।

ਇਸ ਮੌਕੇ ਗੁਰਦੁਆਰਾ ਪ੍ਰਬੰਧਕ ਮੈਨੇਜਰ ਭਾਗ ਸਿੰਘ ਨੇ ਵੀ ਸੰਗਤਾਂ ਨੂੰ ਨਵੇਂ ਵਰ੍ਹੇ ਦੀ ਮੁਬਾਰਕ ਦਿੱਤੀ ਅਤੇ ਕਿਹਾ ਕਿ ਨਵਾਂ ਸਾਲ ਹੋਣ ਕਰਕੇ ਸੰਗਤਾਂ ਵੱਡੀ ਗਿਣਤੀ ਵਿਚ ਗੁਰੂ ਘਰ ਨਤਮਸਕ ਹੋ ਰਹੀਆਂ ਹਨ, ਜਿਨ੍ਹਾਂ ਦੀ ਆਮਦ ਨੂੰ ਲੈ ਕੇ ਪੁਖਤਾ ਪ੍ਰਬੰਧ ਵੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੰਗਤਾਂ ਲਈ ਅਤੁੱਟ ਲੰਗਰ ਦਾ ਪ੍ਰਬੰਧ ਤੋਂ ਇਲਾਵਾ ਕੜਾਹ ਪ੍ਰਸ਼ਾਦ ਕਾਊਂਟਰ ਦੇ ਸੁਚਾਰੂ ਪ੍ਰਬੰਧ ਤੇ ਟਰੈਫਿਕ ਵਿਵਸਥਾ ਨੂੰ ਲੈ ਕੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ ਤਾਂ ਜੋ ਕਿ ਸੰਗਤਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇਗਾ।

# ਬਰਜਿੰਦਰ ਸਿੰਘ ਹਮਦਰਦ ਦੀ ਮਾਤਾ ਬੀਬੀ ਪ੍ਰਕਾਸ਼ ਕੌਰ ਹਮਦਰਦ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅਜੀਤ ਅਖ਼ਬਾਰ ਸਮੂਹ ਦੇ ਮੁੱਖ ਸੰਪਾਦਕ ਸ. ਬਰਜਿੰਦਰ ਸਿੰਘ ਹਮਦਰਦ ਦੀ ਮਾਤਾ ਬੀਬੀ ਪ੍ਰਕਾਸ਼ ਕੌਰ ਹਮਦਰਦ ਦੇ ਦੇਹਾਂਤ 'ਤੇ ਦੁੱਖ ਦਾ ਇਜ਼ਹਾਰ ਕੀਤਾ।



ਸਪੀਕਰ ਸੰਧਵਾਂ ਨੂੰ ਬੀਬੀ ਪ੍ਰਕਾਸ਼ ਕੌਰ ਦੇ ਦੇਹਾਂਤ ਦੀ ਖ਼ਬਰ ਨਾਲ ਬਹੁਤ ਦੁੱਖ ਲੱਗਿਆ। ਉਨ੍ਹਾਂ ਨੇ ਵਿਛੜੀ ਰੂਹ ਦੀ ਸ਼ਾਂਤੀ ਅਤੇ ਦੁਖੀ ਪਰਿਵਾਰ ਨੂੰ ਇਸ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਝੱਲਣ ਦਾ ਬਲ ਬਖ਼ਸ਼ਣ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਬੀਬੀ ਪ੍ਰਕਾਸ਼ ਕੌਰ ਪਿਛਲੇ ਕਈ ਦਿਨਾਂ ਤੋਂ ਬਿਮਾਰ ਚਲੇ ਆ ਰਹੇ ਸਨ। ਇਸ ਮੌਕੇ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਸਬੰਧਤ ਸਖਸ਼ੀਅਤਾਂ ਨੇ ਮ੍ਰਿਤਕ ਦੇਹ 'ਤੇ ਫੁੱਲ ਮਾਲਾਵਾਂ ਤੇ ਦੁਸ਼ਾਲੇ ਚੜ੍ਹਾ ਕੇ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਵੱਖ-ਵੱਖ ਅਖ਼ਬਾਰਾਂ ਦੇ ਮੁੱਖ ਸੰਪਾਦਕਾਂ ਨੇ ਸ. ਬਰਜਿੰਦਰ ਸਿੰਘ ਹਮਦਰਦ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

# ਸਾਬਕਾ ਆਈਜੀ ਨਾਲ 8.10 ਕਰੋੜ ਦੀ ਠੱਗੀ ਮਾਰਨ ਵਾਲਿਆਂ 'ਚੋਂ ਦੋ ਕਾਬੂ

## ਮਹਾਰਾਸ਼ਟਰ 'ਚ ਹੋਈ ਗ੍ਰਿਫਤਾਰੀ; ਦੁਬਈ ਨਾਲ ਵੀ ਜੁੜੀਆਂ ਗਰੋਹ ਦੀਆਂ ਤਾਰਾਂ

**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲੀਸ ਦੇ ਸੇਵਾਮੁਕਤ ਆਈ ਜੀ ਅਮਰ ਸਿੰਘ ਚਾਹਲ ਨਾਲ 8.10 ਕਰੋੜ ਦੀ ਠੱਗੀ ਮਾਰਨ ਵਾਲੇ ਗਰੋਹ ਦੀਆਂ ਤਾਰਾਂ ਦੁਬਈ ਨਾਲ ਜੁੜੀਆਂ ਹੋਈਆਂ ਹਨ। ਇਸ ਧੰਦੇ ਦਾ ਨੈੱਟਵਰਕ ਮੁੱਖ ਰੂਪ 'ਚ ਦੁਬਈ ਤੋਂ



ਚਲਾਇਆ ਜਾਂਦਾ ਸੀ। ਉਂਜ ਪੁਲੀਸ ਨੇ ਇਸ ਗਰੋਹ ਦੇ ਦੋ ਮੈਂਬਰਾਂ ਨੂੰ ਮਹਾਰਾਸ਼ਟਰ ਤੋਂ ਕਾਬੂ ਕੀਤਾ ਹੈ ਤੇ ਇਹ ਮਹਾਰਾਸ਼ਟਰ ਸੂਬੇ ਨਾਲ ਹੀ ਸਬੰਧਤ ਹਨ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਈ ਜੀ ਕੁਲਦੀਪ ਚਾਹਲ ਦੱਸਿਆ ਕਿ ਲੋੜੀਂਦੀ ਕਾਨੂੰਨੀ ਕਾਰਵਾਈ ਕਰ ਕੇ ਦੋਵੇਂ ਮੁਲਜ਼ਮਾਂ ਨੂੰ ਜਲਦੀ ਹੀ ਪੰਜਾਬ ਪੁਲੀਸ ਪਟਿਆਲਾ ਲੈ ਕੇ ਆਵੇਗੀ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਤੱਕ ਪਹੁੰਚਣ ਲਈ ਐੱਸ ਐੱਸ ਪੀ ਵਰੁਣ ਸ਼ਰਮਾ ਦੀ ਅਗਵਾਈ ਹੇਠਾਂ ਪਟਿਆਲਾ ਪੁਲੀਸ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਆਈਜੀ ਕੁਲਦੀਪ ਚਾਹਲ ਨੇ ਦੱਸਿਆ ਕਿ ਗਰੋਹ ਦੇ 50 ਬੈਂਕ ਖਾਤੇ ਸੀਜ਼ ਕਰਵਾ ਕੇ 3.50 ਕਰੋੜ ਰੁਪਏ ਰੁਕਵਾ ਵੀ ਲਏ ਗਏ ਹਨ, ਜੋ ਪੀੜਤ ਨੂੰ ਮਿਲਣ ਦੀ ਸੰਭਾਵਨਾ ਹੈ।

# ਦਿ ਯੰਗ ਸਟਾਰ ਵੈਲਫੇਅਰ ਕਲੱਬ ਵੱਲੋਂ ਲਗਾਏ ਗਏ ਪੌਦੇ: ਮੇਅਰ



**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿ ਯੰਗ ਸਟਾਰ ਵੈਲਫੇਅਰ ਕਲੱਬ ਵੱਲੋਂ 'ਆਓ ਪਟਿਆਲਾ ਕੋ ਦੇਂ ਹਰਿਆਲੀ ਕਾ ਉਪਹਾਰ' ਨਾਅਰੇ ਤਹਿਤ ਚਲਾਈ ਜਾ ਰਹੀ ਪੌਦੇ ਲਗਾਉਣ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਸਰਕਟ ਹਾਊਸ ਦੇ ਸਾਹਮਣੇ ਗੋਲ ਚੱਕਰ ਵਿਖੇ ਪੌਦੇ ਲਗਾਏ ਗਏ। ਇਸ ਸਮਾਗਮ ਵਿੱਚ ਮੇਅਰ ਕੁੰਦਨ ਗੋਗੀਆ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਪੌਦੇ ਲਗਾ ਕੇ ਮੁਹਿੰਮ ਦੀ ਸ਼ੁਰੂਆਤ ਕੀਤੀ ਅਤੇ ਕਲੱਬ ਦੇ ਇਸ ਕੰਮ ਦੀ ਸਲਾਘਾ ਕੀਤੀ।

ਇਸ ਮੌਕੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਪੌਦੇ ਮਨੁੱਖੀ ਜੀਵਨ ਲਈ ਆਕਸੀਜ਼ਨ ਦਾ ਮੁੱਖ ਸਰੋਤ ਹਨ ਤੇ ਵਾਤਾਵਰਣ ਦੀ ਸ਼ੁੱਧਤਾ ਲਈ ਇਹੋ ਜਿਹੀਆਂ ਮੁਹਿੰਮਾਂ ਬਹੁਤ ਜ਼ਰੂਰੀ ਹਨ। ਉਨ੍ਹਾਂ ਸ਼ਹਿਰ ਦੀਆਂ ਹੋਰ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਇਸ ਕਾਰਜ ਵਿਚ ਹਿੱਸਾ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਆਪਣੇ ਜਨਮਦਿਨ ਜਾਂ ਕਿਸੇ ਖਾਸ ਮੌਕੇ 'ਤੇ ਘੱਟੋ-ਘੱਟ ਇੱਕ ਪੌਦਾ ਲਗਾਉਣਾ ਚਾਹੀਦਾ ਹੈ, ਤਾਂ ਜੋ ਭਵਿੱਖੀ ਪੀੜ੍ਹੀ ਲਈ ਸਾਫ ਅਤੇ ਸਿਹਤਮੰਦ ਵਾਤਾਵਰਣ ਤਿਆਰ ਕੀਤਾ ਜਾ ਸਕੇ।

ਕਲੱਬ ਦੇ ਪ੍ਰਧਾਨ ਗੁਲਾਬ ਰਾਏ ਗਰਗ ਅਤੇ ਜਨਰਲ ਸਕੱਤਰ ਕੁਮਾਰ ਨੇ ਦੱਸਿਆ ਕਿ ਕਲੱਬ ਵੱਲੋਂ ਪਟਿਆਲਾ ਨੂੰ ਸੁੰਦਰ ਅਤੇ ਸਾਫ-ਸੁਥਰਾ ਬਣਾਉਣ ਦੇ ਉਦੇਸ਼ ਨਾਲ ਛਾਂਦਾਰ ਅਤੇ ਫਲਦਾਰ ਪੌਦੇ ਲਗਾਉਣ ਦਾ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਅਧੀਨ ਵੀਰ ਹਕੀਕਤ ਰਾਏ ਪਾਰਕ, ਪੁਰਾਣਾ ਬੱਸ ਸਟੈਂਡ, ਰੇਲਵੇ ਪੁਲਸ ਕਾਲੋਨੀ, ਰੇਲਵੇ ਸਟੇਸ਼ਨ, ਇਨਵਾਇਰਮੈਂਟ ਪਾਰਕ ਪਾਸੀ ਰੋਡ, ਐਸ. ਐਸ. ਟੀ. ਨਗਰ ਪਾਰਕ, ਐਸ. ਡੀ. ਭਵਨ ਰਾਜਪੁਰਾ ਰੋਡ ਅਤੇ ਸ੍ਰੀ ਹਨੂੰਮਾਨ ਮੰਦਿਰ ਸਮੇਤ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਕਲੱਬ ਵੱਲੋਂ ਸੈਂਕੜਿਆਂ ਪੌਦੇ ਲਗਾਏ ਜਾ ਚੁੱਕੇ ਹਨ। ਅਗਲੇ ਹਫ਼ਤਿਆਂ ਵਿੱਚ ਹੋਰ ਕਈ ਸਥਾਨਾਂ 'ਤੇ ਵੀ ਪੌਦੇ ਲਗਾਏ ਜਾਣਗੇ।

ਇਸ ਮੌਕੇ ਕਲੱਬ ਵੱਲੋਂ ਮੇਅਰ ਕੁੰਦਨ ਗੋਗੀਆ ਨੂੰ ਤੁਲਸੀ ਦਾ ਪੌਦਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਬਾਂਗਾ, ਆਰ. ਕੇ. ਗਾਂਧੀ, ਰਣਜੀਤ ਟੱਕਰ, ਅਸ਼ੋਕ ਕੁਮਾਰ, ਰਾਜਨ ਸਿੰਗਲਾ, ਮੁਕੇਸ਼ ਗੁਪਤਾ, ਪ੍ਰਵੀਨ ਬਜਾਜ, ਪਵਨ ਬਾਂਸਲ, ਗੁਰਮੀਤ ਸਿੰਘ ਨਿੱਕਾ, ਬਲਜਿੰਦਰ ਆਦਿ ਵੀ ਹਾਜ਼ਰ ਸਨ।

# ਸਿਵਲ ਸਰਜਨ ਵੱਲੋਂ ਕੀਤੀ ਗਈ ਐਸ.ਐਮ.ਓ ਅਤੇ ਸੀ.ਐਚ.ਓ ਨਾਲ ਵਰਚੁਅਲ ਮੀਟਿੰਗ



**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਪਟਿਆਲਾ ਡਾ. ਜਸਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਸਿਵਲ ਸਰਜਨ ਦਫਤਰ ਵਿਖੇ ਸੀਨੀਅਰ ਮੈਡੀਕਲ ਅਫਸਰਾਂ ਅਤੇ ਕਮਿਉਨਿਟੀ ਹੇਲਥ ਅਫਸਰਾਂ ਨਾਲ ਵਰਚੁਅਲ ਮੀਟਿੰਗ ਕੀਤੀ ਗਈ। ਉਹਨਾਂ ਆਯੁਸ਼ਮਾਨ ਆਰੋਗਿਆ ਕੇਂਦਰਾ ਵਿੱਚ ਉਪਲਬਧ ਕਰਵਾਈਆਂ ਜਾ ਰਹੀਆਂ ਗੈਰ-ਸੰਚਾਰੀ ਬਿਮਾਰੀਆਂ ਸਬੰਧੀ ਸੇਵਾਵਾਂ ਦਾ ਜਾਇਜ਼ਾ ਲਿਆ। ਇਸ ਮੌਕੇ ਸਿਵਲ ਸਰਜਨ ਨੇ ਕਿਹਾ ਕਿ ਗੈਰ-ਸੰਚਾਰੀ ਸੇਵਾਵਾਂ ਦਾ ਦਿੱਤਾ ਗਿਆ ਟੀਚਾ ਪੂਰਾ ਕੀਤਾ ਜਾਵੇ। ਉਹਨਾਂ ਕਿਹਾ ਕਿ ਹਰੇਕ 30 ਸਾਲ ਤੋਂ ਉਪਰ ਵਿਅਕਤੀ ਦੀ ਸ਼ੁਗਰ ਅਤੇ ਬੀ.ਪੀ ਦੀ ਜਾਂਚ ਕੀਤੀ ਜਾਵੇ ਅਤੇ ਇਸਦੇ ਨਾਲ ਹੀ ਕੇਂਸਰ ਸਕਰੀਨਿੰਗ ਦਾ ਬਣਦਾ ਟੀਚਾ ਪੂਰਾ ਕੀਤਾ ਜਾਵੇ। ਉਹਨਾਂ ਆਯੁਸ਼ਮਾਨ ਆਰੋਗਿਆ ਕੇਂਦਰਾ ਵਿੱਚ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਗੁਣਵੱਤਾ ਵਿੱਚ ਹੋਰ ਸੁਧਾਰ ਕਰਨ ਲਈ ਸਟਾਫ ਨੂੰ ਤਨਦੇਹੀ ਨਾਲ ਕੰਮ ਕਰਨ ਦੀ ਅਪੀਲ ਵੀ ਕੀਤੀ।

ਇਸ ਮੌਕੇ ਜ਼ਿਲਾ ਪਰਿਵਾਰ ਭਲਾਈ ਅਫਸਰ ਡਾ. ਬਲਕਾਰ ਸਿੰਘ , ਜਿਲ੍ਹਾ ਡੇਂਟਲ ਹੇਲਥ ਅਫਸਰ ਡਾ.ਸੁਨੰਦਾ ਗਰੋਵਰ, ਡੀਪੀਐਮ ਰਿਤੀਕਾ ਗਰੋਵਰ ਅਤੇ ਜਿਲ੍ਹਾ ਮੋਨਿਟਰਿੰਗ ਅਤੇ ਇਵੇਲੁਏਸ਼ਨ ਅਫਸਰ ਮੋਨਿਕਾ ਸ਼ਰਮਾ ਮੌਜੂਦ ਸਨ।

# ਸੜਕਾਂ 'ਤੇ ਜ਼ਿੰਦਗੀਆਂ ਬਚਾਉਣ ਲਈ ਹਰ ਨਾਗਰਿਕ ਅਹਿਮ ਭੂਮਿਕਾ ਨਿਭਾ ਸਕਦਾ ਹੈ: ਮੇਅਰ

**ਪਟਿਆਲਾ, 1 ਜਨਵਰੀ**
**-ਨਿਊਜ਼ਲਾਈਨ ਐਕਸਪ੍ਰੈਸ-**

ਪਟਿਆਲਾ ਸ਼ਹਿਰ ਨੂੰ ਸਾਫ, ਸੁੰਦਰ ਅਤੇ ਮਨੁੱਖਤਾ ਦੀ ਮਿਸਾਲ ਬਣਾਉਣ ਲਈ ਨਗਰ ਨਿਗਮ ਵੱਲੋਂ ਚੱਲ ਰਹੀਆਂ ਕੋਸ਼ਿਸ਼ਾਂ ਨੂੰ ਹੋਰ ਮਜ਼ਬੂਤੀ ਮਿਲੇ, ਇਸ ਦਿਸ਼ਾ ਵਿੱਚ ਮੇਅਰ ਕੁੰਦਨ ਗੋਗੀਆ ਨੇ ਸ਼ਹਿਰਵਾਸੀਆਂ ਨੂੰ ਇੱਕ ਖ਼ਾਸ ਅਪੀਲ ਕੀਤੀ ਹੈ। ਮੇਅਰ ਨੇ ਕਿਹਾ ਕਿ ਸ਼ਹਿਰ ਵਿੱਚ ਕਈ ਲੋਕ ਗਰੀਬੀ, ਲਾਚਾਰੀ ਜਾਂ ਸਮਾਜਿਕ ਅਣਜਾਣਤਾ ਕਰਕੇ ਰਾਤਾਂ ਸੜਕਾਂ 'ਤੇ ਬਿਤਾਉਣ ਲਈ ਮਜਬੂਰ ਹਨ, ਜਿਸ ਕਾਰਨ ਨਾ ਕੇਵਲ ਸ਼ਹਿਰ ਦੀ ਸੁੰਦਰਤਾ ਪ੍ਰਭਾਵਿਤ ਹੁੰਦੀ ਹੈ, ਬਲਕਿ ਸਰਦੀ ਦੇ ਮੌਸਮ ਵਿੱਚ ਉਹਨਾਂ ਦੀ ਜਾਨ ਨੂੰ ਵੀ ਖ਼ਤਰਾ ਬਣਿਆ ਰਹਿੰਦਾ ਹੈ।



ਮੇਅਰ ਗੋਗੀਆ ਨੇ ਦੱਸਿਆ ਕਿ ਨਗਰ ਨਿਗਮ ਵਲੋਂ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਸਹੂਲਤ ਦੇ ਨਾਲ ਲੈਸ ਰਹਿਣ ਬਸੇਰੇ ਚਲਾਏ ਜਾ ਰਹੇ ਹਨ, ਜਿੱਥੇ ਬਿਸਤਰੇ, ਦਿਨ-ਰਾਤ ਦਾ ਖਾਣਾ, ਗਰਮ ਕੱਪੜੇ, ਹੀਟਰ ਅਤੇ ਬੁਨਿਆਦੀ ਸਹੂਲਤਾਂ ਦਾ ਪ੍ਰਬੰਧ ਹੈ। ਪਰ ਜਾਣਕਾਰੀ ਦੀ ਕਮੀ ਕਾਰਨ ਕਈ ਲੋਕ ਇਨ੍ਹਾਂ ਸਹੂਲਤਾਂ ਤੋਂ ਬੇਖ਼ਬਰ ਰਹਿੰਦੇ ਹਨ ਅਤੇ ਸੜਕਾਂ 'ਤੇ ਹੀ ਰਹਿਣਾ ਚੁਣਦੇ ਹਨ, ਜਿਸ ਨਾਲ ਉਹਨਾਂ ਦੀ ਜਾਨ ਨੂੰ ਖ਼ਤਰਾ ਵਧ ਜਾਂਦਾ ਹੈ।

ਮੇਅਰ ਨੇ ਸ਼ਹਿਰਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਸੜਕਾਂ 'ਤੇ ਰਾਤ ਬਿਤਾਉਂਦੇ ਲੋਕ ਦਿਖਣ, ਤਾਂ ਉਹ ਮਨੁੱਖਤਾ ਦੇ ਨਾਤੇ ਨਗਰ ਨਿਗਮ ਦੀ ਟੀਮ ਨੂੰ ਸੂਚਿਤ ਕਰਨ ਜਾਂ ਉਹਨਾਂ ਲੋਕਾਂ ਨੂੰ ਰਹਿਣ ਬਸੇਰਿਆਂ ਤੱਕ ਲਿਜਾਣ ਵਿੱਚ ਸਹਿਯੋਗ ਦੇਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜਿਹੜੇ ਲੋਕ ਆਪ ਸੜਕਾਂ 'ਤੇ ਸੌਂਦੇ ਹਨ, ਉਹ ਵੀ ਆਪ ਮੁਹਾਰੇ ਹੋ ਕੇ ਨਿਗਮ ਵੱਲੋਂ ਬਣਾਏ ਰਹਿਣ ਬਸੇਰੇ ਤੱਕ ਜਾ ਕੇ ਰਹਿ ਸਕਦੇ ਹਨ ਤਾਂ ਜੋ ਸ਼ਹਿਰ ਦੀ ਸੁੰਦਰਤਾ ਵੀ ਬਣੀ ਰਹੇ ਅਤੇ ਕਿਸੇ ਦੀ ਜਾਨ 'ਤੇ ਠੰਢ ਦਾ ਖ਼ਤਰਾ ਨਾ ਆਵੇ।

ਮੇਅਰ ਗੋਗੀਆ ਨੇ ਕਿਹਾ, ਸ਼ਹਿਰ ਸਾਡਾ ਹੈ, ਜ਼ਿੰਮੇਵਾਰੀ ਵੀ ਸਾਡੀ ਹੈ। ਸੜਕਾਂ 'ਤੇ ਜ਼ਿੰਦਗੀਆਂ ਬਚਾਉਣ ਲਈ ਹਰ ਨਾਗਰਿਕ ਅਹਿਮ ਭੂਮਿਕਾ ਨਿਭਾ ਸਕਦਾ ਹੈ। ਨਗਰ ਨਿਗਮ ਹਮੇਸ਼ਾ ਤਿਆਰ ਹੈ ਪਰ ਮਿਸ਼ਨ ਤਦ ਹੀ ਪੂਰਾ ਹੋਵੇਗਾ ਜਦ ਲੋਕ ਵੀ ਆਪਣੇ ਤੌਰ 'ਤੇ ਅੱਗੇ ਆਉਣ।

## ਸੰਪਾਦਕੀ

# ਭਾਰਤੀ ਚੋਣ ਪ੍ਰਣਾਲੀ ਦੀਆਂ ਖ਼ਾਮੀਆਂ

ਭਾਰਤੀ ਚੋਣਾਂ ਨੂੰ ਆਮ ਤੌਰ 'ਤੇ ਜਮਹੂਰੀਅਤ ਦਾ ਜਸ਼ਨ ਮੰਨਿਆ ਜਾਂਦਾ ਹੈ, ਜਿਸ ਦੌਰਾਨ ਜ਼ਿਆਦਾਤਰ ਖੇਤਰਾਂ ਵਿੱਚ ਚੰਗੀ ਖ਼ਾਸੀ ਗਿਣਤੀ ਵਿੱਚ ਵੋਟਾਂ ਸ਼ਾਂਤੀਪੂਰਨ ਢੰਗ ਨਾਲ ਪੈਂਦੀਆਂ ਹਨ। ਲਗਭਗ ਇੱਕ ਅਰਬ ਲੋਕਾਂ ਲਈ ਚੋਣਾਂ ਕਰਵਾਉਣ ਦੇ ਵਿਆਪਕ ਪੈਮਾਨੇ ਨੂੰ ਇਸ ਗੱਲ ਦੇ ਸਬੂਤ ਵਜੋਂ ਪੇਸ਼ ਕੀਤਾ ਜਾਂਦਾ ਹੈ ਕਿ ਭਾਰਤ ਇੱਕ ਜੀਵੰਤ ਜਮਹੂਰੀਅਤ ਹੈ। ਭਾਰਤੀ ਚੋਣ ਕਮਿਸ਼ਨ (ਈ ਸੀ ਆਈ) ਦੀ ਟੈਗਲਾਈਨ 'ਸੁਤੰਤਰ ਅਤੇ ਨਿਰਪੱਖ ਚੋਣਾਂ' ਰਸਮੀ ਤੌਰ 'ਤੇ ਮਾਣ ਨਾਲ ਦੁਹਰਾਈ ਜਾਂਦੀ ਹੈ। ਇਸ ਪ੍ਰਕਿਰਿਆ ਦੀ ਸਫਲਤਾ ਦੇ ਹੇਠਾਂ ਇੱਕ ਡੂੰਘੀ ਬੇਚੈਨੀ ਅਤੇ ਬੇਆਰਾਮੀ ਹੈ। ਚੋਣਾਂ ਨੂੰ ਹੌਬਸਨ ਦੀ ਪਸੰਦ (ਮੌਜੂਦ ਵਿਕਲਪਾਂ ਵਿੱਚੋਂ ਹੀ ਇੱਕ ਵਿਕਲਪ ਚੁਣਨ ਦੀ ਮਜਬੂਰੀ) ਜਿਹੀ ਪ੍ਰਕਿਰਿਆ ਸਮਝਣ ਵਾਲੇ ਨਾਗਰਿਕਾਂ ਦੀ ਗਿਣਤੀ ਦਿਨੋਂ-ਦਿਨ ਵਧਦੀ ਜਾ ਰਹੀ ਹੈ: ਚੋਣ ਕਰਨ ਦੀ ਆਜ਼ਾਦੀ ਤਾਂ ਹੈ ਪਰ ਚੋਣ ਕਰਨ ਲਈ ਕੋਈ ਅਰਥਪੂਰਨ ਵਿਕਲਪ ਮੌਜੂਦ ਨਹੀਂ। ਇਉਂ ਉਨ੍ਹਾਂ ਦੇ ਅਧਿਕਾਰ ਨੂੰ ਹੌਲੀ-ਹੌਲੀ ਖੋਰਾ ਲੱਗ ਰਿਹਾ ਹੈ। ਹੌਬਸਨ ਦੀ ਪਸੰਦ ਦਾ ਅਰਥ ਵਿਕਲਪਾਂ ਦੀ ਕਮੀ ਨਹੀਂ ਹੈ; ਇਸ ਤੋਂ ਭਾਵ ਇਹ ਹੈ ਕਿ ਜੋ ਪੇਸ਼ਕਸ਼ ਕੀਤੀ ਜਾਂਦੀ ਹੈ ਬਸ ਉਸੇ ਨੂੰ ਸਵੀਕਾਰ ਕਰਨ ਜਾਂ ਅਸਵੀਕਾਰ ਕਰਨ ਦੀ ਮਜਬੂਰੀ। ਇਹ ਰੂਪਕ ਸਮਕਾਲੀ ਭਾਰਤੀ ਚੋਣ ਅਨੁਭਵ ਨੂੰ ਪਰੇਸ਼ਾਨ ਕਰਨ ਵਾਲੀ ਸਪੱਸ਼ਟਤਾ ਨਾਲ ਦਰਸਾਉਂਦਾ ਹੈ। ਘੱਟ-ਘੱਟ ਹਾਲੇ ਤੱਕ ਤਾਂ ਵੋਟਰਾਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝੇ ਨਹੀਂ ਰੱਖਿਆ ਜਾਂਦਾ, ਪਰ ਉਨ੍ਹਾਂ ਨੂੰ ਅਜਿਹੇ ਖ਼ਰੇ ਸਿਆਸੀ ਵਿਕਲਪਾਂ ਤੋਂ ਅਕਸਰ ਵਾਂਝੇ ਰੱਖਿਆ ਜਾਂਦਾ ਹੈ ਜੋ ਪ੍ਰਮੁੱਖ ਆਰਥਿਕ ਮਾਡਲਾਂ ਨੂੰ ਚੁਣੌਤੀ ਦਿੰਦੇ ਹੋਣ ਜਾਂ ਤਾਕਤ ਦੇ ਕੇਂਦਰੀਕਰਨ 'ਤੇ ਸਵਾਲ ਉਠਾਉਂਦੇ ਹੋਣ। ਇਹੋ ਗੱਲ ਵਧਦੀ ਆਮਦਨ ਨਾਬਰਾਬਰੀ ਅਤੇ ਹਾਸ਼ੀਏ 'ਤੇ ਧੱਕ ਗਏ ਲੋਕਾਂ ਦੀਆਂ ਚਿੰਤਾਵਾਂ 'ਤੇ ਵੀ ਲਾਗੂ ਹੁੰਦੀ ਹੈ। ਰਸਮੀ ਪੱਧਰ 'ਤੇ ਭਾਰਤੀ ਚੋਣਾਂ ਸੰਵਿਧਾਨਕ ਨਿਯਮਾਂ 'ਤੇ ਪੂਰੀਆਂ ਉਤਰਦੀਆਂ ਹਨ। ਬਹੁਤ ਸਾਰੀਆਂ ਪਾਰਟੀਆਂ ਚੋਣਾਂ ਲੜਦੀਆਂ ਹਨ, ਚੋਣ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ, ਵੋਟਾਂ ਪੈਂਦੀਆਂ ਹਨ ਅਤੇ ਕਈ ਵਾਰ ਸਰਕਾਰਾਂ ਬਦਲ ਜਾਂਦੀਆਂ ਹਨ। ਉਂਜ, ਜਮਹੂਰੀਅਤ ਸਿਰਫ਼ ਪ੍ਰਕਿਰਿਆਵਾਂ ਰਾਹੀਂ ਕਾਇਮ ਨਹੀਂ ਰੱਖੀ ਜਾ ਸਕਦੀ ਸਗੋਂ ਇਹ ਵੋਟਰਾਂ ਲਈ ਉਪਲਬਧ ਵਿਕਲਪਾਂ ਦੇ ਦਾਇਰੇ, ਡੂੰਘਾਈ ਅਤੇ ਭਰੋਸੇਯੋਗਤਾ 'ਤੇ ਨਿਰਭਰ ਕਰਦੀ ਹੈ। ਜੇਕਰ ਚੋਣਾਂ ਨੂੰ ਸਮਾਨ ਨੀਤੀਗਤ ਢਾਂਚੇ ਅਤੇ ਚੋਣ ਰਣਨੀਤੀਆਂ ਵਾਲੀਆਂ ਬੇਹੱਦ ਕੇਂਦਰੀਕ੍ਰਿਤ ਪਾਰਟੀਆਂ ਦਰਮਿਆਨ ਦੋ-ਪੱਖੀ ਮੁਕਾਬਲਿਆਂ ਤੱਕ ਸੀਮਿਤ ਕਰ ਦਿੱਤਾ ਜਾਂਦਾ ਹੈ ਤਾਂ ਜਮਹੂਰੀ ਚੋਣਾਂ ਦਾ ਘੇਰਾ ਅੰਤ ਸੁੰਗੜ ਜਾਂਦਾ ਹੈ। ਇਸ ਦੇ ਪ੍ਰਤੱਖ ਕਾਰਨਾਂ ਵਿੱਚੋਂ ਇੱਕ ਸੱਤਾਧਾਰੀ ਪਾਰਟੀਆਂ ਅਤੇ ਵਿਰੋਧੀ ਧਿਰ ਦਰਮਿਆਨ ਤਾਕਤ ਦਾ ਵਧਦਾ ਅਸੰਤੁਲਨ ਹੈ। ਵਿੱਤੀ ਸਰੋਤਾਂ ਤੱਕ ਪਹੁੰਚ ਬਹੁਤ ਨਾਬਰਾਬਰੀ ਵਾਲੀ ਹੋ ਗਈ ਹੈ। ਸੁਪਰੀਮ ਕੋਰਟ ਦੁਆਰਾ ਸਪੱਸ਼ਟ ਤੌਰ 'ਤੇ ਅਸੰਵਿਧਾਨਕ ਐਲਾਨੇ ਜਾਣ ਤੋਂ ਪਹਿਲਾਂ ਚੋਣ ਬਾਂਡਾਂ ਨੇ ਗੈਰ-ਪਾਰਦਰਸ਼ੀ ਸਿਆਸੀ ਫੰਡਿੰਗ ਵਾਲੀ ਇੱਕ ਪ੍ਰਣਾਲੀ ਬਣਾਈ, ਜੋ ਵਿਆਪਕ ਪੱਧਰ 'ਤੇ ਸੱਤਾਧਾਰੀ ਪਾਰਟੀ ਦੇ ਪੱਖ ਵਿੱਚ ਸੀ। ਇਨ੍ਹਾਂ ਦੇ ਖ਼ਾਤਮੇ ਤੋਂ ਬਾਅਦ ਵੀ ਸਟੇਟ ਦੀ ਤਾਕਤ, ਕਾਰਪੋਰੇਟ ਸਰਪ੍ਰਸਤੀ, ਲੈਣ-ਦੇਣ ਵਾਲੀ ਵਿਵਸਥਾ ਅਤੇ ਪ੍ਰਭਾਵ ਦੇ ਗੈਰ-ਰਸਮੀ ਚੈਨਲਾਂ ਰਾਹੀਂ ਸੱਤਾਧਾਰੀ ਧਿਰ ਢਾਂਚਾਗਤ ਲਾਭਾਂ ਦਾ ਆਨੰਦ ਮਾਣ ਰਹੀ ਹੈ। ਹਾਲ ਹੀ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਅਨੁਸਾਰ, ਸਿਆਸੀ ਪਾਰਟੀਆਂ ਨੂੰ ਦਿੱਤੇ ਗਏ ਕੁੱਲ ਚੰਦੇ ਦਾ 82 ਫ਼ੀਸਦੀ ਹਿੱਸਾ ਭਾਜਪਾ ਨੂੰ ਮਿਲਿਆ ਜਦੋਂਕਿ ਹੋਰ ਸਾਰੀਆਂ ਸਿਆਸੀ ਪਾਰਟੀਆਂ ਨੂੰ ਬਾਕੀ ਬਚਦੇ ਫੰਡ ਮਿਲੇ। ਅਜਿਹੇ ਹਾਲਾਤ ਵਿੱਚ ਵਿਰੋਧੀ ਪਾਰਟੀਆਂ ਦੀ ਹੋਂਦ ਤਾਂ ਹੋ ਸਕਦੀ ਹੈ, ਪਰ ਉਨ੍ਹਾਂ ਲਈ ਮੁਕਾਬਲੇ ਦਾ ਮੈਦਾਨ ਸਾਵਾਂ ਨਹੀਂ ਹੁੰਦਾ। ਅਜਿਹੀ ਹਾਲਤ ਵਿੱਚ ਵੱਖਰੀ ਕਿਸਮ ਦੀ ਸਿਆਸੀ ਸੂਝ ਦੇ ਪ੍ਰਗਟਾਵੇ ਦੀ ਥਾਂ ਹੋਂਦ ਬਚਾਈ ਰੱਖਣਾ ਹੀ ਉਨ੍ਹਾਂ ਦਾ ਮੁੱਖ ਉਦੇਸ਼ ਬਣ ਜਾਂਦਾ ਹੈ। ਇਹ ਅਸੰਤੁਲਨ ਐਨਫੋਰਸਮੈਂਟ ਡਾਇਰੈਕਟੋਰੇਟ, ਕੇਂਦਰੀ ਜਾਂਚ ਬਿਊਰੋ ਅਤੇ ਆਮਦਨ ਕਰ ਵਿਭਾਗ ਵਰਗੀਆਂ ਜਾਂਚ ਏਜੰਸੀਆਂ ਦੀ ਸਿਆਸੀ ਹਥਿਆਰਾਂ ਵਜੋਂ ਵਧ ਰਹੀ ਵਰਤੋਂ ਰਾਹੀਂ ਹੋਰ ਵਧਦਾ ਹੈ। ਇਹ ਕੋਈ ਨਹੀਂ ਕਹਿੰਦਾ ਕਿ ਭ੍ਰਿਸ਼ਟਾਚਾਰ ਨਾਲ ਨਜਿੱਠਿਆ ਨਹੀਂ ਜਾਣਾ ਚਾਹੀਦਾ, ਪਰ ਇਨ੍ਹਾਂ ਏਜੰਸੀਆਂ ਦੀ ਅਕਸਰ ਚੋਣਾਂ ਜਾਂ ਦਲਬਦਲੀ ਦੇ ਆਲੇ-ਦੁਆਲੇ ਚੋਣਵੀਂ ਵਰਤੋਂ ਦਬਾਅ ਵਾਲਾ ਮਾਹੌਲ ਬਣਾਉਂਦੀ ਹੈ। ਜੇਕਰ ਵਿਰੋਧੀ ਪਾਰਟੀਆਂ ਦੇ ਆਗੂ ਕਾਨੂੰਨੀ ਅਤੇ ਵਿੱਤੀ ਤੌਰ 'ਤੇ ਆਪਣਾ ਬਚਾਅ ਕਰਨ ਵਿੱਚ ਰੁੱਝੇ ਰਹਿਣਗੇ ਤਾਂ ਜਮਹੂਰੀ ਵਿਚਾਰ ਚਰਚਾ ਕਮਜ਼ੋਰ ਹੋਣੀ ਲਾਜ਼ਮੀ ਹੈ। ਅਜਿਹੇ ਹਾਲਾਤ ਵਿੱਚ ਚੋਣਾਂ ਵਿਚਾਰਾਂ ਦੀ ਥਾਂ ਸਹਿਣ ਸ਼ਕਤੀ ਦੇ ਮੁਕਾਬਲੇ ਬਣ ਜਾਂਦੀਆਂ ਹਨ। ਮੀਡੀਆ ਦਾ ਮਾਹੌਲ ਇਸ ਸਮੱਸਿਆ ਨੂੰ ਹੋਰ ਵਧਾਉਂਦਾ ਹੈ। ਮੁੱਖਧਾਰਾ ਦੇ ਮੀਡੀਆ ਦਾ ਵੱਡਾ ਹਿੱਸਾ ਹੁਣ ਪਰਖ ਪੜਤਾਲ ਕਰਨ ਜਾਂ ਵਿਚਾਰ ਚਰਚਾ ਲਈ ਨਿਰਪੱਖ ਪਲੈਟਫਾਰਮਾਂ ਵਜੋਂ ਕੰਮ ਨਹੀਂ ਕਰਦੇ ਹਨ। ਇਸ ਦੀ ਬਜਾਏ ਉਹ ਸਿਆਸੀ ਤੌਰ 'ਤੇ ਹਾਵੀ ਹੋਣ ਵਾਲੇ ਬਿਰਤਾਂਤਾਂ ਨੂੰ ਉਤਸ਼ਾਹਿਤ ਕਰਦੇ, ਅਸਹਿਮਤੀ ਦੀਆਂ ਆਵਾਜ਼ਾਂ ਨੂੰ ਹਾਸ਼ੀਏ 'ਤੇ ਧੱਕਦੇ ਅਤੇ ਪੇਚੀਦਾ ਸਿਆਸੀ ਸਵਾਲਾਂ ਨੂੰ ਭਾਵਨਾਤਮਕ ਅਤੇ ਧਰੁਵੀਕਰਨ ਵਾਲੇ ਤਮਾਸ਼ਿਆਂ ਵਿੱਚ ਬਦਲ ਦਿੰਦੇ ਹਨ। ਜਦੋਂ ਚੋਣ ਬਿਰਤਾਂਤ ਬੇਰੁਜ਼ਗਾਰੀ, ਆਮਦਨ ਨਾਬਰਾਬਰੀ, ਵਾਤਾਵਰਣ ਦੇ ਵਿਗਾੜਾਂ, ਜਨਤਕ ਸਿਹਤ ਸਮੱਸਿਆਵਾਂ ਅਤੇ ਹੋਰ ਨੀਤੀਗਤ ਨਾਕਾਮੀਆਂ ਵਰਗੇ ਮੁੱਦਿਆਂ ਦੀ ਬਜਾਏ ਲੋਕਾਂ ਵਿੱਚ ਰੋਹ ਉਪਜਾਉਣ, ਅਤਿ-ਰਾਸ਼ਟਰਵਾਦ ਜਾਂ ਪਛਾਣ-ਆਧਾਰਿਤ ਧਰੁਵੀਕਰਨ 'ਤੇ ਵਧੇਰੇ ਕੇਂਦਰਿਤ ਹੋਵੇ ਤਾਂ ਵੋਟਰਾਂ ਕੋਲ ਸੋਚ ਸਮਝ ਕੇ ਆਪਣੇ ਪ੍ਰਤੀਨਿਧਾਂ ਦੀ ਚੋਣ ਕਰਨ ਲਈ ਲੋੜੀਂਦੀ ਜਾਣਕਾਰੀ ਨਹੀਂ ਹੁੰਦੀ। ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੀ ਲੀਡਰਸ਼ਿਪ, ਵਿਚਾਰਧਾਰਕ ਸਿਖਲਾਈ ਅਤੇ ਸਮੂਹਿਕ ਫ਼ੈਸਲੇ ਲੈਣ ਦੀ ਥਾਂ ਕ੍ਰਿਸ਼ਮਈ ਸ਼ਖ਼ਸੀਅਤ ਕੇਂਦਰਿਤ ਸਿਆਸਤ ਨੇ ਲੈ ਲਈ ਹੈ। ਵੋਟਰ ਨੂੰ ਸੁਭਾਵਿਕ ਤੌਰ 'ਤੇ ਆਪਣੇ ਹਲਕੇ ਨਾਲ ਜੁੜੇ ਪ੍ਰਤੀਨਿਧਾਂ ਦੀ ਬਜਾਏ ਅਕਸਰ ਉੱਪਰੋਂ ਥੋਪੇ ਗਏ ਵਿਅਕਤੀਆਂ ਵਿੱਚੋਂ ਕਿਸੇ ਇੱਕ ਨੂੰ ਚੁਣਨਾ ਪੈਂਦਾ ਹੈ। ਇਸ ਤੋਂ ਇਲਾਵਾ ਭਾਰਤੀ ਚੋਣਾਂ ਵਿੱਚ ਇਹ ਰੁਝਾਨ ਫ਼ਿਰਕੂ ਧਰੁਵੀਕਰਨ ਦੀ ਸੋਚੀ ਸਮਝੀ ਯੋਜਨਾ ਤਹਿਤ ਵੀ ਉਪਜਾਇਆ ਜਾਂਦਾ ਹੈ। ਚੋਣਾਂ 'ਆਜ਼ਾਦ ਅਤੇ ਨਿਰਪੱਖ' ਦੇ ਨਾਅਰੇ ਹੇਠ ਕਰਵਾਈਆਂ ਜਾਂਦੀਆਂ ਹਨ, ਪਰ ਵੋਟਰਾਂ ਨੂੰ ਸੁੰਗੇੜ ਦਿੱਤੇ ਗਏ ਨੈਤਿਕ ਅਤੇ ਵਿਚਾਰਧਾਰਕ ਆਧਾਰ 'ਤੇ ਆਪਣੇ ਪ੍ਰਤੀਨਿਧ ਚੁਣਨ ਲਈ ਕਿਹਾ ਜਾਂਦਾ ਹੈ। ਜਨਤਕ ਤੌਰ 'ਤੇ ਧਰਮ ਨਿਰਪੱਖਤਾ ਦਾ ਦਮ ਭਰਨ ਵਾਲੀਆਂ ਜ਼ਿਆਦਾਤਰ ਸਿਆਸੀ ਪਾਰਟੀਆਂ ਨੂੰ ਵੀ ਧਰੁਵੀਕਰਨ ਵਾਲੀ ਇਸ ਸੋਚ ਤੋਂ ਸਿਧਾਂਤਕ ਦੂਰੀ ਬਣਾਈ ਰੱਖਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਹੁਣ ਬੇਰੁਜ਼ਗਾਰੀ 'ਤੇ ਵਿਚਾਰ ਕਰੀਏ, ਜੋ ਕਿ ਹੁਣ ਭਾਰਤੀ ਨੌਜਵਾਨਾਂ ਲਈ ਸਭ ਤੋਂ ਵੱਡੀ ਚਿੰਤਾ ਹੈ। ਰੁਜ਼ਗਾਰ ਪੈਦਾ ਕਰਨ ਦੇ ਵਾਰ-ਵਾਰ ਕੀਤੇ ਜਾਂਦੇ ਵਾਅਦਿਆਂ ਦੇ ਬਾਵਜੂਦ ਸਰਕਾਰ ਅਤੇ ਹੋਰ ਸਰੋਤਾਂ ਤੋਂ ਪ੍ਰਾਪਤ ਅੰਕੜੇ ਲਗਾਤਾਰ ਘੱਟ ਰੁਜ਼ਗਾਰ, ਕਿਰਤ ਦੇ ਨੇਮਾਂ 'ਚ ਨਿਘਾਰ ਅਤੇ ਉਜਰਤਾਂ ਲਗਾਤਾਰ ਘਟਣ ਦਾ ਖੁਲਾਸਾ ਕਰਦੇ ਹਨ। ਫਿਰ ਵੀ ਚੋਣ ਮੁਹਿੰਮਾਂ ਦੌਰਾਨ ਇਹ ਮੁੱਦਾ ਉਸ ਗੰਭੀਰਤਾ ਨਾਲ ਨਹੀਂ ਉਠਾਇਆ ਜਾਂਦਾ, ਜਿੰਨੀ ਗੰਭੀਰਤਾ ਨਾਲ ਉਠਾਇਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਆਮਦਨ 'ਚ ਖੜੋਤ ਅਤੇ ਵਧਦੇ ਕਰਜ਼ੇ ਦੇ ਰੂਪ ਵਿੱਚ ਕਿਸਾਨ ਵਿਰੋਧ ਪ੍ਰਦਰਸ਼ਨਾਂ ਤੋਂ ਝਲਕਦੇ ਖੇਤੀਬਾੜੀ ਸੰਕਟ ਵੱਲ ਅਕਸਰ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ। ਢਾਂਚਾਗਤ ਮੁੱਦਿਆਂ ਨੂੰ ਜਿਵੇਂ ਦਰਕਿਨਾਰ ਕੀਤਾ ਜਾਂਦਾ ਹੈ, ਉਸ ਤੋਂ ਚੋਣਾਂ ਸ਼ਾਸਨ ਦੀ ਬਜਾਏ ਸ਼ਖ਼ਸੀਅਤ, ਪ੍ਰਤੀਕਵਾਦ ਜਾਂ ਫਿਰ ਡਰ ਦੇ ਆਧਾਰ 'ਤੇ ਚਲਦੀ ਪ੍ਰਕਿਰਿਆ ਬਣਦੀਆਂ ਜਾਪਦੀਆਂ ਹਨ। ਜਦੋਂ ਚੋਣਾਂ ਦੀ ਪੂਰਵ ਸੰਧਿਆ 'ਤੇ ਨਕਦੀ ਸਿੱਧੀ ਵੋਟਰਾਂ ਦੇ ਬੈਂਕ ਖਾਤਿਆਂ ਵਿੱਚ ਪਾਈ ਜਾਂਦੀ ਹੈ ਅਤੇ ਭਾਰਤੀ ਚੋਣ ਕਮਿਸ਼ਨ ਖ਼ਾਮੋਸ਼ੀ ਅਖਤਿਆਰ ਕਰੀ ਰੱਖਦਾ ਹੈ ਤਾਂ 'ਆਜ਼ਾਦ ਅਤੇ ਨਿਰਪੱਖ' ਚੋਣਾਂ ਦਾ ਵਾਅਦਾ ਖੋਖਲਾ ਜਾਪਦਾ ਹੈ। ਅਹਿਮ ਗੱਲ ਇਹ ਵੀ ਹੈ ਕਿ ਥੋਪੇ ਗਏ ਵਿਅਕਤੀਆਂ 'ਚੋਂ ਕਿਸੇ ਇੱਕ ਦੀ ਆਪਣੇ ਪ੍ਰਤੀਨਿਧ ਵਜੋਂ ਚੋਣ ਸਾਰੇ ਨਾਗਰਿਕਾਂ ਨੂੰ ਇੱਕ ਸਮਾਨ ਪ੍ਰਭਾਵਿਤ ਨਹੀਂ ਕਰਦੀ। ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਨੂੰ ਇਹ ਸਭ ਤੋਂ ਵੱਧ ਮਹਿਸੂਸ ਹੁੰਦੀ ਹੈ। ਜਦੋਂ ਸਮਾਜਿਕ ਨਿਆਂ ਦੇ ਚੋਣ ਵਾਅਦਿਆਂ ਦੇ ਬਾਵਜੂਦ ਵਿਤਕਰੇ, ਹਿੰਸਾ ਅਤੇ ਅਲਹਿਦਗੀ ਦੇ ਵਰਤਾਰੇ ਨਾਲ ਨਿੱਤ ਵਾਹ ਪੈਂਦਾ ਹੋਵੇ ਤਾਂ ਜਮਹੂਰੀ ਉਪਾਵਾਂ 'ਚ ਵਿਸ਼ਵਾਸ ਖ਼ਤਮ ਹੋ ਜਾਂਦਾ ਹੈ। ਇਸ ਲੇਖ 'ਚ ਪ੍ਰਗਟਾਈ ਫ਼ਿਕਰਮੰਦੀ ਦਾ ਮਤਲਬ ਇਹ ਨਹੀਂ ਹੈ ਕਿ ਭਾਰਤੀ ਜਮਹੂਰੀਅਤ ਮਰ ਗਈ ਹੈ ਜਾਂ ਚੋਣਾਂ ਨਿਰਾਰਥਕ ਹਨ। ਦਰਅਸਲ, ਚੋਣਾਂ ਦੇ ਬਿਨਾਂ ਕਿਸੇ ਅਸਲ ਚੁਣੌਤੀ ਤੋਂ ਸੱਤਾ ਨੂੰ ਜਾਇਜ਼ ਠਹਿਰਾਉਣ ਵਾਲੀ ਰਸਮ ਬਣਨ ਦਾ ਖ਼ਤਰਾ ਹੈ। ਭਾਵੇਂ ਚੋਣ ਸੁਧਾਰ ਜ਼ਰੂਰੀ ਹਨ, ਪਰ ਜਮਹੂਰੀ ਵਿਕਲਪ ਮੁੜ ਹਾਸਲ ਕਰਨ ਲਈ ਚੋਣ ਸੁਧਾਰਾਂ ਤੋਂ ਵੀ ਕਿਤੇ ਵੱਧ ਯਤਨਾਂ ਦੀ ਲੋੜ ਹੁੰਦੀ ਹੈ। ਅਸੀਂ ਪਾਰਦਰਸ਼ੀ ਫੰਡਿੰਗ, ਆਜ਼ਾਦਾਨਾ ਸੰਸਥਾਵਾਂ ਅਤੇ ਮੀਡੀਆ ਦੀ ਜਵਾਬਦੇਹੀ ਲਈ ਜੂਝ ਰਹੇ ਹਾਂ ਤਾਂ ਸਾਨੂੰ ਇਹ ਨਵਾਂ ਦਲੇਰਾਨਾ ਸਿਆਸੀ ਸੰਕਲਪ ਵੀ ਚਾਹੀਦਾ ਹੈ ਕਿ ਪਾਰਟੀਆਂ ਸੱਚ ਬਿਆਨ ਕਰਨ, ਮੁੜ ਜ਼ਮੀਨ ਨਾਲ ਜੁੜਨ ਅਤੇ ਭਵਿੱਖੀ ਬਦਲਾਂ ਬਾਰੇ ਸਪੱਸ਼ਟ ਕਰਨ ਲਈ ਤਿਆਰ ਹੋਣ।

# ਮਾਲੇਰਕੋਟਲਾ ਦੇ ਵਿਕਾਸ ਅਤੇ ਬੇਹਤਰ ਸਾਫ-ਸਫਾਈ ਲਈ ਵਚਨਬੱਧ ਆਮ ਆਦਮੀ ਪਾਰਟੀ ਵਿਧਾਇਕ ਮਾਲੇਰਕੋਟਲਾ

**ਮਲੇਰਕੋਟਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ ਦੇ ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਹਿਮਾਨ ਨੇ ਅੱਜ ਸ਼ਹਿਰ ਦੇ ਮੁੱਖ ਵਪਾਰਿਕ ਇਲਾਕੇ ਬਰਤਨ ਬਾਜ਼ਾਰ ਤੋਂ ਰਹਿਮਾਨੀ ਢਾਬਾ ਰੋਡ(ਬੇਰੀਆਂ ਮੁਹੱਲਾ) ਤੱਕ ਚੱਲ ਰਹੇ ਸੀਵਰੇਜ ਸਫ਼ਾਈ ਕੰਮਾਂ ਦਾ ਮੌਕੇ 'ਤੇ ਪਹੁੰਚ ਕੇ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸੰਬੰਧਿਤ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਪਸ਼ਟ ਹਦਾਇਤਾਂ ਦਿੱਤੀਆਂ ਕਿ ਸ਼ਹਿਰ ਦੀ ਸਾਫ-ਸਫਾਈ ਅਤੇ ਸੀਵਰੇਜ ਦੀ ਸਫ਼ਾਈ ਦਾ ਕੰਮ ਪੂਰੀ ਸੰਤੁਸਟੀ ਅਤੇ ਨਿਰਧਾਰਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇ, ਤਾਂ ਜੋ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਵਿਧਾਇਕ ਡਾ. ਜਮੀਲ ਉਰ ਰਹਿਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ, ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਹੇਠ, ਸ਼ਹਿਰਾਂ ਅਤੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਸੀਵਰੇਜ ਪ੍ਰਣਾਲੀ ਦੀ ਸੁਧਾਰ ਅਤੇ ਨਿਯਮਤ ਸਫ਼ਾਈ ਨਾਲ ਨਾ ਸਿਰਫ਼ ਗੰਦਗੀ ਅਤੇ ਬਦਬੂ ਤੋਂ ਨਿਜਾਤ ਮਿਲੇਗੀ, ਸਗੋਂ ਸਿਹਤ ਸੰਬੰਧੀ ਸਮੱਸਿਆਵਾਂ 'ਚ ਵੀ ਕਮੀ ਆਵੇਗੀ।

ਉਨ੍ਹਾਂ ਨੇ ਕਿਹਾ ਕਿ ਬਰਤਨ ਬਾਜ਼ਾਰ ਅਤੇ ਰਹਿਮਾਨੀ ਢਾਬਾ ਰੋਡ ਵਰਗੇ ਭੀੜ-ਭਾੜ ਵਾਲੇ ਇਲਾਕਿਆਂ ਵਿੱਚ ਸੀਵਰੇਜ ਜਾਮ ਹੋਣ ਕਾਰਨ ਵਪਾਰੀਆਂ ਅਤੇ ਰਾਹਗੀਰਾਂ ਨੂੰ ਮੁਸ਼ਕਲਾਂ ਆ ਰਹੀਆਂ ਸਨ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਇਹ ਕੰਮ ਤਰਜੀਹੀ ਅਧਾਰ 'ਤੇ ਸ਼ੁਰੂ ਕਰਵਾਇਆ ਗਿਆ ਹੈ।

ਡਾ. ਰਹਿਮਾਨ ਨੇ ਕਿਹਾ ਕਿ ਪਾਰਟੀ ਦੀ ਨੀਤੀ ਕੰਮ ਬੋਲਦਾ ਹੈ ਦੇ ਅਧਾਰ 'ਤੇ ਸਰਕਾਰ ਹਰ ਵਰਗ ਦੇ ਲੋਕਾਂ ਲਈ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਮਾਲੇਰਕੋਟਲਾ ਦੇ ਸਮੁੱਚੇ ਵਿਕਾਸ ਲਈ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਅਨੇਕ ਪ੍ਰਾਜੈਕਟ ਸ਼ੁਰੂ ਕੀਤੇ ਜਾਣਗੇ, ਤਾਂ ਜੋ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਵਿਕਸਿਤ ਬਣਾਇਆ ਜਾ ਸਕੇ.

# ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ ਦੀਆਂ ਦਿੱਤੀਆਂ ਸ਼ੁਭਕਾਮਨਾਵਾਂ

**ਹੁਸ਼ਿਆਰਪੁਰ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਨਵੇਂ ਸਾਲ 2026 ਦੇ ਸ਼ੁਭ ਮੌਕੇ @ਤੇ ਜ਼ਿਲ੍ਹੇ ਦੇ ਸਾਰੇ ਨਿਵਾਸੀਆਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਅਤੇ ਵਧਾਈ ਦਿੱਤੀ। ਉਨ੍ਹਾਂ ਕਾਮਨਾ ਕੀਤੀ ਕਿ ਨਵਾਂ ਸਾਲ ਸਾਰਿਆਂ ਦੇ ਜੀਵਨ ਵਿੱਚ ਖੁਸ਼ੀ, ਸ਼ਾਂਤੀ, ਸਿਹਤ ਅਤੇ ਖੁਸ਼ਹਾਲੀ ਲਿਆਵੇ ਅਤੇ ਜ਼ਿਲ੍ਹੇ ਨੂੰ ਤਰੱਕੀ ਦੀਆਂ ਨਵੀਆਂ ਉਚਾਈਆਂ @ਤੇ ਲੈ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਿਛਲੇ ਸਾਲ ਚੁਣੌਤੀਆਂ ਦੇ ਨਾਲ-ਨਾਲ ਪ੍ਰਾਪਤੀਆਂ ਵੀ ਦੇਖੀਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਅਤੇ ਨਾਗਰਿਕਾਂ ਦੇ ਆਪਸੀ ਸਹਿਯੋਗ ਨਾਲ ਵਿਕਾਸ ਕਾਰਜਾਂ ਨੂੰ ਨਵੀਂ ਗਤੀ ਮਿਲੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਸਹਿਯੋਗ ਅਤੇ ਵਿਸ਼ਵਾਸ ਆਉਣ ਵਾਲੇ ਸਾਲ ਵਿੱਚ ਵੀ ਹੋਰ ਮਜ਼ਬੂਤ ਹੋਵੇਗਾ, ਜਿਸ ਕਾਰਨ ਹੁਸ਼ਿਆਰਪੁਰ ਜ਼ਿਲ੍ਹਾ ਸਿੱਖਿਆ, ਸਿਹਤ, ਸੈਨੀਟੇਸ਼ਨ, ਰੁਜ਼ਗਾਰ ਅਤੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਹੋਰ ਤਰੱਕੀ ਕਰੇਗਾ।

ਆਸ਼ਿਕਾ ਜੈਨ ਨੇ ਜ਼ਿਲ੍ਹੇ ਦੇ ਕਿਸਾਨਾਂ, ਨੌਜਵਾਨਾਂ, ਔਰਤਾਂ, ਕਰਮਚਾਰੀਆਂ, ਸਮਾਜਿਕ ਸੰਸਥਾਵਾਂ ਅਤੇ ਜਨ ਪ੍ਰਤੀਨਿਧੀਆਂ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਕ ਮਜ਼ਬੂਤ ਅਤੇ ਸਵੈ-ਨਿਰਭਰ ਸਮਾਜ ਦੀ ਉਸਾਰੀ ਸਾਰੇ ਵਰਗਾਂ ਦੇ ਸਕਾਰਾਤਮਕ ਯੋਗਦਾਨ ਨਾਲ ਹੀ ਸੰਭਵ ਹੈ। ਉਨ੍ਹਾਂ ਨੌਜਵਾਨਾਂ ਨੂੰ ਆਪਣੀ ਊਰਜਾ ਅਤੇ ਪ੍ਰਤਿਭਾ ਨੂੰ ਉਸਾਰੂ ਦਿਸ਼ਾ ਵਿੱਚ ਲਗਾਉਣ ਅਤੇ ਸਮਾਜ ਅਤੇ ਰਾਸ਼ਟਰ ਦੇ ਨਿਰਮਾਣ ਵਿੱਚ ਸਰਗਰਮ ਭਾਈਵਾਲ ਬਣਨ ਦਾ ਸੱਦਾ ਦਿੱਤਾ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ ਵਿੱਚ ਸਫ਼ਾਈ, ਵਾਤਾਵਰਨ ਸੁਰੱਖਿਆ, ਸਮਾਜਿਕ ਸਦਭਾਵਨਾ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਸਾਰੇ ਪਰਿਵਾਰਾਂ ਦੇ ਰੋਸ਼ਨ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਨਵਾਂ ਸਾਲ ਹੁਸ਼ਿਆਰਪੁਰ ਲਈ ਵਿਕਾਸ, ਖੁਸ਼ਹਾਲੀ ਅਤੇ ਸਦਭਾਵਨਾ ਦਾ ਪ੍ਰਤੀਕ ਬਣਨਾ ਚਾਹੀਦਾ ਹੈ।

# ਭੁਚਾਲ ਮੌਕੇ ਕੀ ਕਰੀਏ-ਕੀ ਨਾ ਕਰੀਏ ਵਿਸ਼ੇ ਤੇ ਹੋਇਆ ਸੈਮੀਨਾਰ



**ਬਟਾਲਾ,5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਿਕ 22 ਪੰਜਾਬ ਬਟਾਲੀਅਨ ਰਾਸ਼ਟਰੀ ਕੈਡੇਟ ਕੋਰ ਵਲੋਂ 10 ਰੋਜ਼ਾ ਕੰਬਾਈਨ ਐਨੂਅਲ ਟਰੇਨਿਗ ਕੈਂਪ ਸੇਂਟ ਫਰਾਂਸਿਸ ਸਕੂਲ ਵਿਖੇ ਚਲ ਰਹੇ ਦੇਰਾਨ ਅੱਜ ਭੁਚਾਲ ਮੌਕੇ ਕੀ ਕਰੀਏ-ਕੀ ਨਾ ਕਰੀਏ ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਹਰਬਖਸ਼ ਸਿੰਘ ਪੋਸਟ ਵਾਰਡਨ ਸਿਵਲ ਡਿਫੈਂਸ, ਸੀ.ਓ. ਲੈਫ. ਖਰਨਲ ਨਵਨੀਤ ਜਸਵਾਲ, ਸੂਬੇਦਾਰ ਮੇਜਰ ਹਰਜਿੰਦਰ ਸਿੰਘ, ਗੁਰਿੰਦਰਜੀਤ ਸਿੰਘ, ਦਲਜੀਤ ਸਿੰਘ, ਭੁਪਿੰਦਰ ਸਿੰਘ ਸੰਧੂ, ਜੀਸੀਆਈ ਦਾਮਨੀ ਸ਼ਰਮਾਂ ਸਮੇਤ 350 ਕੈਡਿਟ ਨੇ ਹਿੱਸਾ ਲਿਆ।

ਇਸ ਮੌਕੇ ਹਰਬਖਸ਼ ਸਿੰਘ ਵਲੋ ਦਸਿਆ ਗਿਆ ਕਿ ਦਸਿਆ ਕਿ ਸਭ ਤੋਂ ਵੱਧ ਵਿਨਾਸ਼ਕਾਰੀ ਕੁਦਰਤੀ ਆਫਤਾਂ ਵਿੱਚੋਂ ਭੁਚਾਲ ਇਕ ਹੈ । ਭੁਚਾਲ ਕਿਸੇ ਵੀ ਸਮੇਂ, ਦਿਨ ਜਾਂ ਰਾਤ ਨੂੰ ਚਾਣਚੱਕ ਬਿਨਾਂ ਪੂਰਵ ਸੂਚਨਾ ਅਤੇ ਚਿਤਾਵਨੀ ਦੇ ਆਉਂਦਾ ਹੈ ਤੇ ਹੱਸਦੇ ਵੱਸਦੇ ਲੋਕ ਜ਼ਖਮੀ ਜਾਂ ਮਰ ਜਾਂਦੇ ਹਨ। ਸੁਰੱਖਿਆ ਬਾਰੇ ਜਾਣਕਾਰੀ ਨਾ ਹੋਣ ਕਰਕੇ ਬਹੁਤ ਜਿਆਦਾ ਜਾਨ ਤੇ ਮਾਲ ਦਾ ਨੁਕਸਾਨ ਹੁੰਦਾ ਹੈ। ਇਸ ਕੋਈ ਵੀ ਰਹਾਇਸ਼ੀ ਜਾਂ ਵਪਾਰਕ ਇਮਾਰਤਾਂ ਬਣਾਉਂਦੇ ਸਮੇਂ ਭੁਚਾਲ ਸੁਰੱਖਿਆ ਯਕੀਨੀ ਬਣਾਉ ।

ਇਸ ਅਗੇ ਉਹਨਾਂ ਕਿਹਾ ਕਿ ਭੁਚਾਲ ਮੌਕੇ ਜੇਕਰ ਤੁਸੀਂ ਸਕੂਲ ਦੇ ਅੰਦਰ ਹੋ ਤਾਂ ਆਪਣੇ ਡੈਸਕ ਥੱਲੇ ਵੜ ਕੇ ਉਸ ਨੂੰ ਮਜਬੂਤੀ ਨਾਲ ਫੜ ਲਵੋ । ਆਪਣੇ ਘਰ ਜਾਂ ਕਿਸੇ ਮਕਾਨ ਦੇ ਅੰਦਰ ਹੋ ਤਾਂ ਕਿਸੇ ਮਜ਼ਬੂਤ ਜਾਂ ਉਚੇ ਪਲੰਘ (ਬੈਡ) ਨੁਕਰ, ਬੀਮ ਥੱਲੇ ਸਿਰ ਦਾ ਬਚਾਅ ਕਰਦੇ ਹੋਏ ਬੈਠੋ ਅਤੇ ਉਥੇ ਉਹਨਾਂ ਚਿਰ ਟਿਕੇ ਰਹੋ ਜਿਨ੍ਹੀ ਦੇਰ ਭੁਚਾਲ ਦੇ ਝਟਕੇ ਖਤਮ ਨਹੀਂ ਹੁੰਦੇ । ਅਗੇ ਹੋਰ ਸਾਵਧਾਨੀਆਂ ਬਾਰੇ ਵਿਸਥਾਰ ਨਾਲ ਦਸਿਆ। ਇਸ ਮੌਕੇ ਭੁਚਾਲ ਤੋ ਬਚਾਅ ਸਬੰਧੀ ਰੁਕੋ-ਢੱਕੋ-ਵੜੋ ਦੀ ਡਰਿਲ ਕਰਵਾਈ ਗਈ ਜਿਸ ਵਿਚ ਸਾਰੇ ਕੈਡਿਟਸ ਨੇ ਹਿੱਸਾ ਲਿਆ। ਆਖਰ ਵਿਚ ਕੀਤੇ ਗਏ ਸਵਾਲਾਂ ਦੇ ਜਵਾਬ ਦੋਰਾਨ ਦਸਿਆ ਕਿ ਜਿਆਦਾ ਹੰਗਾਮੀ ਸਥਿਤੀ ਵਿਚ ਐਮਰਜੈਂਸੀ ਸੇਵਾਵਾਂ ਲਈ ਹਰੇਕ ਕੈਡਿਟ ਆਪਣੇ ਆਪ ਨੂੰ ਵਲੰਟੀਅਰ ਸੇਵਾ ਕਰਨ ਲਈ ਤਿਆਰ ਰੱਖਣਾ ਚਾਹੀਦਾ ਹੈ।

# ਐਸਡੀਐਮ/ਆਰਟੀਓ ਫਾਜਿਲਕਾ ਦੀ ਪ੍ਰਧਾਨਗੀ ਹੇਠ ਹੋਈ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੀ ਮੀਟਿੰਗ



**ਫਾਜ਼ਿਲਕਾ,5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੜਕ ਸੁਰੱਖਿਆ ਸਬੰਧੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਇਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਐਸਡੀਐਮ/ਆਰਟੀਓ ਫਾਜਿਲਕਾ ਮੈਡਮ ਵੀਰਪਾਲ ਕੌਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੀ ਮੀਟਿੰਗ ਕੀਤੀ ਗਈ।ਐੱਸ.ਡੀ.ਐਮ/ਆਰਟੀਓ ਮੈਡਮ ਵੀਰਪਾਲ ਕੌਰ ਨੇ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸੇਫ ਸਕੂਲ ਵਾਹਨ ਪਾਲਿਸੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਸਬੰਧਿਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ।

ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਫਾਜ਼ਿਲਕਾ ਸਕੂਲਾਂ ਦੀ ਟਰਾਂਸਪੋਰਟ ਦੀ ਚੈਕਿੰਗ ਕਰੇ ਤੇ ਸਕੂਲ ਵੈਨਾਂ ਦੇ ਡਰਾਈਵਰਾਂ ਦੇ ਰੈਗੂਲਰ ਟੈਸਟ ਕਰਵਾਏ ਜਾਣ ਅਤੇ ਇਸ ਸਬੰਧੀ ਰਿਕਾਰਡ ਵੀ ਮੇਨਟੇਨ ਕੀਤਾ ਜਾਵੇ।

ਉਨ੍ਹਾਂ ਟਰੈਫਿਕ ਵਿਭਾਗ ਦੇ ਇੰਚਾਰਜਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਟਰੈਫਿਕ ਵਿਵਸਥਾ ਨੂੰ ਸੁਚਾਰੂ ਬਣਾਉਣ ਲਈ ਵੀ ਯਤਨਸ਼ੀਲ ਰਹਿਣ ਤੇ ਆਉਣ ਜਾਣ ਵਾਲੇ ਲੋਕਾਂ ਨੂੰ ਸੜਕੀ ਨਿਯਮਾਂ ਬਾਰੇ ਜਾਗਰੂਕ ਕੀਤਾ ਜਾਵੇ। ਇਸ ਤੋਂ ਇਲਾਵਾ ਸਕੂਲਾਂ ਵਿੱਚ ਸੈਮੀਨਾਰ/ਜਾਗਰੂਕਤਾਂ ਕੈਂਪ ਲਗਾ ਕੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਜਿਵੇਂ ਕਿ ਵਾਹਨ ਦੀ ਸਪੀਡ ਘੱਟ ਰੱਖਣ, ਵਹੀਕਲ ਚਲਾਉਂਦੇ ਸਮੇਂ ਹੈਲਮੇਟ ਦੀ ਵਰਤੋਂ, ਰੈਡ ਲਾਈਟ ਸਮੇਂ ਰੁਕਣਾ, 18 ਸਾਲ ਦੀ ਉਮਰ ਤੋਂ ਬਾਅਦ ਹੀ ਵਹੀਕਲ ਦੀ ਵਰਤੋਂ ਤੇ ਲਾਇਸੰਸ ਬਣਾਉਣ ਆਦਿ ਬਾਰੇ ਪ੍ਰੇਰਿਤ ਕੀਤਾ ਜਾਵੇ। ਇਸ ਤੋਂ ਇਲਾਵਾਂ ਸਕੂਲ ਦੇ ਡਰਾਈਵਰਾਂ ਨੂੰ ਰੋਡ ਸੇਫਟੀ ਨਿਯਮਾਂ ਬਾਰੇ ਜਾਗਰੂਕ ਕੀਤਾ ਜਾਵੇ। ਉਨ੍ਹਾਂ ਧੁੰਧ ਦੇ ਮੌਸਮ ਤੇ ਗੱਡੀਆਂ ਦੇ ਪਿੱਛੇ ਰਿਫਲੈਟਰ ਲਗਾਉਣ ਦੀ ਵੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸਾਡੀ ਥੋੜ੍ਹੀ ਜਿਹੀ ਲਾਪ੍ਰਵਾਹੀ ਵੱਡੀ ਦੁਰਘਟਨਾ ਦਾ ਕਾਰਨ ਬਣ ਸਕਦੀ ਹੈ। ਇਸ ਲਈ ਸਾਨੂੰ ਟ੍ਰੈਫਿਕ ਨਿਯਮਾਂ ਨੂੰ ਅੱਖੋਂ-ਪਰੋਖੇ ਨਹੀਂ ਕਰਨਾ ਚਾਹੀਦਾ।

ਉਨ੍ਹਾਂ ਅੱਗੇ ਕਿਹਾ ਕਿ ਬਲੈਕ ਸਪੋਟਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਥਾਵਾਂ ਤੇ ਸਾਈਨ ਬੋਰਡ/ਲਾਈਟਾਂ ਆਦਿ ਲਗਾਏ ਜਾਣਗੇ ਤਾਂ ਜੋ ਹਾਦਸਿਆਂ ਨੂੰ ਰੋਕਿਆ ਜਾ ਸਕੇ।ਉਨ੍ਹਾਂ ਕਿਹਾ ਕਿ ਸੜਕ ਦੁਰਘਟਨਾਵਾਂ ਨੂੰ ਘੱਟ ਕਰਨ ਅਤੇ ਪੀੜਤਾਂ ਦੀ ਜਲਦ ਮੱਦਦ ਲਈ ਪੰਜਾਬ ਸਰਕਾਰ ਵਲੋਂ ਸੜਕ ਸੁਰੱਖਿਆ ਫੋਰਸ ਦਾ ਵੀ ਗਠਨ ਕੀਤਾ ਹੋਇਆ ਹੈ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਵਾਹਨ ਚਲਾਉਂਦੇ ਸਮੇਂ ਸੜਕ ਸੁਰੱਖਿਆਂ ਨਿਯਮਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ ਅਤੇ ਪੂਰੀ ਸਾਵਧਾਨੀ ਵਰਤੀ ਜਾਵੇ।

ਇਸ ਮੌਕੇ ਪੁਲਿਸ ਵਿਭਾਗ, ਟ੍ਰੈਫਿਕ ਵਿਭਾਗ, ਬਾਲ ਸੁਰੱਖਿਆ ਵਿਭਾਗ ਤੋਂ ਇਲਾਵਾ ਨੂੰ ਟ੍ਰੈਫਿਕ ਨਿਯਮਾਂ ਜਿਵੇਂ ਕਿ ਵਾਹਨ ਦੀ ਸਪੀਡ ਘੱਟ ਰੱਖਣ, ਵਹੀਕਲ ਚਲਾਉਂਦੇ ਸਮੇਂ ਹੈਲਮੇਟ ਦੀ ਵਰਤੋਂ, ਰੈਡ ਲਾਈਟ ਸਮੇਂ ਰੁਕਣਾ, 18 ਸਾਲ ਦੀ ਉਮਰ ਤੋਂ ਬਾਅਦ ਹੀ ਵਹੀਕਲ ਦੀ ਵਰਤੋਂ ਤੇ ਲਾਇਸੰਸ ਬਣਾਉਣ ਆਦਿ ਬਾਰੇ ਪ੍ਰੇਰਿਤ ਕੀਤਾ ਜਾਵੇ।

ਇਸ ਤੋਂ ਇਲਾਵਾਂ ਸਕੂਲ ਦੇ ਡਰਾਈਵਰਾਂ ਨੂੰ ਰੋਡ ਸੇਫਟੀ ਨਿਯਮਾਂ ਬਾਰੇ ਜਾਗਰੂਕ ਕੀਤਾ ਜਾਵੇ। ਉਨ੍ਹਾਂ ਧੁੰਧ ਦੇ ਮੌਸਮ ਤੇ ਗੱਡੀਆਂ ਦੇ ਪਿੱਛੇ ਰਿਫਲੈਟਰ ਲਗਾਉਣ ਦੀ ਵੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸਾਡੀ ਥੋੜ੍ਹੀ ਜਿਹੀ ਲਾਪ੍ਰਵਾਹੀ ਵੱਡੀ ਦੁਰਘਟਨਾ ਦਾ ਕਾਰਨ ਬਣ ਸਕਦੀ ਹੈ। ਇਸ ਲਈ ਸਾਨੂੰ ਟ੍ਰੈਫਿਕ ਨਿਯਮਾਂ ਨੂੰ ਅੱਖੋਂ-ਪਰੋਖੇ ਨਹੀਂ ਕਰਨਾ ਚਾਹੀਦਾ।ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਆਦਿ ਹਾਜ਼ਰ ਸਨ।

# ਜ਼ਿਲ੍ਹੇ ਚ ਅਨਾਥ ਤੇ ਬੇਸਹਾਰਾ ਬੱਚਿਆਂ ਲਈ ਚਲਾਏ ਜਾ ਰਹੇ ਬਾਲ ਘਰਾਂ ਦੀ ਰਜਿਸਟ੍ਰੇਸ਼ਨ ਲਾਜ਼ਮੀ ਡੀ.ਸੀ

**ਹੁਸ਼ਿਆਰਪੁਰ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 0 ਤੋਂ 18 ਸਾਲ ਤੱਕ ਦੇ ਅਨਾਥ ਅਤੇ ਬੇਸਹਾਰਾ, ਅਣਗੌਲ਼ੇ ਬੱਚਿਆਂ ਲਈ ਕੋਈ ਵੀ ਬਾਲ ਘਰ, ਜੋ ਕਿ ਜੁਵੇਨਾਇਲ ਜਸਟਿਸ ਐਕਟ 2015 ਦੀ ਧਾਰਾ 41 (1) ਅਧੀਨ ਰਜਿਸਟਰਡ ਨਹੀਂ ਹਨ, ਉਨ੍ਹਾਂ ਬਾਲ ਘਰਾਂ ਦੇ ਮੁਖੀ ਤੇ ਵਿਭਾਗ ਵੱਲੋਂ ਜੁਵੇਨਾਇਲ ਜਸਟਿਸ ਐਕਟ 2015 ਦੀ ਧਾਰਾ 42 ਅਨੁਸਾਰ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਇਕ ਸਾਲ ਦੀ ਸਜਾ ਜਾਂ 1 ਲੱਖ ਰੁਪਏ ਜ਼ੁਰਮਾਨਾ ਜਾਂ ਦੋਵੇਂ ਹੀ ਹੋਣਗੇ। ਭਾਰਤ ਸਰਕਾਰ ਵੱਲੋਂ ਬਣਾਏ ਗਏ ਜੁਵੇਨਾਇਲ ਜਸਟਿਸ ਐਕਟ 2015 ਅਨੁਸਾਰ ਅਜਿਹਾ ਕੋਈ ਵੀ ਬਾਲ ਘਰ, ਜੋ ਕਿ ਕਿਸੇ ਸਰਕਾਰੀ, ਗੈਰ-ਸਰਕਾਰੀ ਸੰਸਥਾ ਵੱਲੋਂ ਚਲਾਇਆ ਜਾ ਰਿਹਾ ਹੈ, ਜਿਸ ਵਿੱਚ 0 ਤੋਂ 18 ਸਾਲ ਤੱਕ ਦੇ ਅਨਾਥ ਅਤੇ ਬੇਸਹਾਰਾ, ਅਣਗੌਲ਼ੇ ਬੱਚਿਆਂ ਦੇ ਰਹਿਣ ਅਤੇ ਖਾਣ-ਪੀਣ, ਦੇਖ-ਭਾਲ ਦੀ ਸੁਵਿਧਾ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਸਰਕਾਰ ਵੱਲੋਂ ਗ੍ਰਾਂਟ ਪ੍ਰਾਪਤ ਕਰਦੇ ਹਨ ਜਾਂ ਨਹੀਂ, ਉਨ੍ਹਾਂ ਦਾ ਜੁਵੇਨਾਇਲ ਜਸਟਿਸ ਐਕਟ 2015 ਦੀ ਧਾਰਾ 41 (1) ਅਧੀਨ ਰਜਿਸਟਰ ਹੋਣਾ ਜ਼ਰੂਰੀ ਹੈ।

ਸਰਕਾਰੀ, ਗੈਰ-ਸਰਕਾਰੀ ਸੰਸਥਾ ਵੱਲੋਂ ਰਜਿਸਟ੍ਰੇਸ਼ਨ ਲਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਨੂੰ ਜੁਵੇਨਾਇਲ ਜਸਟਿਸ (ਬੱਚਿਆਂ ਦੀ ਸੁਰੱਖਿਆ ਅਤੇ ਦੇਖ-ਭਾਲ) ਮਾਡਲ ਰੂਲਜ਼ 2016 ਦੇ ਫਾਰਮ 27 (ਰੂਲ 21 (2) ਅਤੇ 22 (2)ਅਧੀਨ ਬੇਨਤੀ ਪੱਤਰ ਦਿੱਤਾ ਜਾਣਾ ਹੈ, ਜਿਸ 'ਤੇ ਜ਼ਿਲ੍ਹਾ ਪੱਧਰੀ ਨਿਰੀਖਣ ਕਮੇਟੀ ਵੱਲੋਂ ਉਕਤ ਬਾਲ ਘਰ ਦੇ ਨਿਰੀਖਣ ਕਰਨ ਉਪਰੰਤ ਰਾਜ ਸਰਕਾਰ ਨੂੰ ਡਿਪਟੀ ਕਮਿਸ਼ਨਰ ਦੀ ਸਿਫਾਰਸ਼ ਰਾਹੀਂ ਰਜਿਸਟ੍ਰੇਸ਼ਨ ਲਈ ਭੇਜਿਆ ਜਾਣਾ ਹੈ।

ਉਕਤ ਸਮੇਂ ਦੌਰਾਨ 6 ਮਹੀਨੇ ਲਈ ਰਾਜ ਸਰਕਾਰ ਵੱਲੋਂ ਪ੍ਰੋਵਿਜ਼ਨਲ ਰਜਿਸਟ੍ਰੇਸ਼ਨ ਕੀਤੀ ਜਾਂਦੀ ਹੈ ਅਤੇ ਦਸਤਾਵੇਜ਼ਾਂ ਦੀ ਮੁਕੰਮਲ ਪੜਤਾਲ ਉਪਰੰਤ 3 ਸਾਲ ਲਈ ਪੱਕੇ ਤੌਰ 'ਤੇ ਰਜਿਸਟ੍ਰੇਸ਼ਨ ਕੀਤੀ ਜਾਂਦੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਕੋਈ ਗੈਰ-ਸਰਕਾਰੀ ਸੰਸਥਾ (ਅਣਰਜਿਸਟਰਡ) ਚੱਲ ਰਹੀ ਹੈ ਤਾਂ ਉਸ ਦੀ ਤੁਰੰਤ ਸੂਚਨਾ ਦਫ਼ਤਰ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਅਤੇ ਦਫ਼ਤਰ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਹੁਸ਼ਿਆਰਪੁਰ (01882-291839) ਨੂੰ ਦੇਣੀ ਯਕੀਨੀ ਬਣਾਈ ਜਾਵੇ।

# ਸ. ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਬਾਲ ਭਲਾਈ ਕੌਂਸਲ ਦੀ ਮੀਟਿੰਗ




**ਗੁਰਦਾਸਪੁਰ,5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ. ਗੁਰਸਿਮਰਨ ਸਿੰਘ ਢਿੱਲੋਂ,ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਬਾਲ ਭਲਾਈ ਕੌਂਸਲ (ਡੀ.ਸੀ.ਡਬਲਯੂ.ਸੀ.), ਗੁਰਦਾਸਪੁਰ ਦੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸਰਕਾਰੀ ਅਫਸਰਾਂ ਅਤੇ ਜ਼ਿਲ੍ਹਾ ਬਾਲ ਭਲਾਈ ਕੌਂਸਲ ਦੀ ਐਡਵਾਈਜ਼ਰੀ ਕਮੇਟੀ ਦੇ ਮੈਂਬਰਾਂ ਨੇ ਹਿੱਸਾ ਲਿਆ।

ਮੀਟਿੰਗ ਦੌਰਾਨ ਆਨਰੇਰੀ ਸਕੱਤਰ ਸ਼੍ਰੀ ਰੋਮੇਸ਼ ਮਹਾਜਨ ਨੇ ਕੌਂਸਲ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਗੱਲ @ਤੇ ਰੋਸ਼ਨੀ ਪਾਈ ਕਿ ਗੁਰਦਾਸਪੁਰ ਪੰਜਾਬ ਦਾ ਪਹਿਲਾ ਜ਼ਿਲ੍ਹਾ ਹੈ ਜਿੱਥੇ ਸਭ ਤੋਂ ਵੱਧ ਬਾਲ ਭਲਾਈ ਯੋਜਨਾਵਾਂ ਚਲ ਰਹੀਆਂ ਹਨ।ਸੰਸਥਾ ਦੇ ਕੋਆਰਡੀਨੇਟਰ ਬਖ਼ਸ਼ੀ ਰਾਜ ਨੇ ਮੀਟਿੰਗ ਦਾ ਏਜੰਡਾ ਪੇਸ਼ ਕੀਤਾ, ਜਿਸ ਦੌਰਾਨ ਬੱਚਿਆਂ ਦੀ ਸੁਰੱਖਿਆ ਲਈ ਕਈ ਮਹੱਤਵਪੂਰਨ ਫੈਸਲੇ ਲਏ ਗਏ। ਜਿਵੇਂ ਬਾਲ ਭਵਨ ਦੀ ਸੁੰਦਰਤਾ ਵਧਾਉਣਾ, ਪਿੰਡ ਮਾਨ ਕੌਰ ਦੇ ਝੁੱਗੀ ਖੇਤਰ ਵਿੱਚ ਕਮਿਊਨਿਟੀ ਟਾਇਲਟ ਬਣਾਉਣਾ, ਪੰਡੋਰੀ ਰੋਡ ਤੋਂ ਲਿੰਕ ਸੜਕ ਦੀ ਮੁਰੰਮਤ, ਪਲਾਸਟਿਕ ਡੋਰਾਂ (ਚਾਈਨਾ ਡੋਰ) ਦੇ ਇਸਤੇਮਾਲ ਖ਼ਿਲਾਫ ਕਾਰਵਾਈ, ਸ਼ਹਿਰ ਵਿੱਚ ਬੱਚਿਆਂ ਦੀ ਭਿੱਖ ਮੰਗਣ 'ਤੇ ਰੋਕ ਲਈ ਹਫ਼ਤਾਵਾਰੀ ਰੇਡ, ਪੁਲਿਸ ਵਾਹਨਾਂ ਦੀ ਸਹਾਇਤਾ ਆਦਿ।

ਇਸ ਤੋਂ ਇਲਾਵਾ ਸ਼੍ਰੀ ਪਰਮਿੰਦਰ ਸਿੰਘ ਸੈਣੀ ਨੂੰ ਕੌਂਸਲ ਦਾ ਆਨਰੇਰੀ ਸੰਯੁਕਤ ਸੈਕ੍ਰਟਰੀ ਨਿਯੁਕਤ ਕੀਤਾ ਗਿਆ। ਕੌਂਸਲ ਲਈ ਵਿੱਤੀ ਸਹਾਇਤਾ ਪਹਿਲਾਂ ਦੀ ਤਰ੍ਹਾਂ ਜਾਰੀ ਰਹੇਗੀ ਅਤੇ ਸਮਰਪਣ ਸੋਸਾਇਟੀ ਦੇ ਬਿਨਾਂ ਵਰਤੇ ਗਏ ਫੰਡਾਂ ਦੀ ਵਰਤੋਂ ਬਾਰੇ ਵੀ ਵਿਚਾਰ ਕੀਤਾ ਗਿਆ।

ਇਸ ਮੌਕੇ ਪੰਜਾਬ ਬਾਲ ਭਲਾਈ ਕੌਂਸਲ ਦੇ ਨਵੇਂ ਨਿਯੁਕਤ ਪੰਜ ਮੈਂਬਰ ਮੋਹਿਤ ਮਹਾਜਨ, ਸ੍ਰੀਮਤੀ ਰੇਨੂੰ ਕੌਂਸਲ, ਗੁਰਪ੍ਰੀਤ ਸਿੰਘ ਸੈਣੀ , ਕ੍ਰਿਸ਼ਨਾ ਮੂਰਤੀ ਗਰਗ ਅਤੇ ਅਮਰਿੰਦਰ ਸਿੰਘ ਚੀਮਾ ਦਾ ਸਨਮਾਨ ਕੀਤਾ ਗਿਆ। ਪੰਜਾਬ ਪੱਧਰ ਦੇ ਵੀਰ ਬਾਲ ਦਿਵਸ ਮੁਕਾਬਲੇ ਦੇ ਜੇਤੂਆਂ ਨੂੰ ਵੀ ਸਰਟੀਫਿਕੇਟ ਦਿੱਤੇ ਗਏ।

ਅਖ਼ੀਰ ਵਿੱਚ ਪ੍ਰੋਜੈਕਟ ਕੋਆਰਡੀਨੇਟਰ ਨੇ ਵਧੀਕ ਡਿਪਟੀ ਕਮਿਸ਼ਨਰ, ਜ਼ਿਲ੍ਹਾ ਅਧਿਕਾਰੀਆਂ ਅਤੇ ਬਾਲ ਭਲਾਈ ਕੌਂਸਲ ਗੁਰਦਾਸਪੁਰ ਦੇ ਮੈਂਬਰਾਂ ਦਾ ਧੰਨਵਾਦ ਕੀਤਾ।

ਮੀਟਿੰਗ ਵਿੱਚ ਕੌਂਸਲ ਦੇ ਮੈਂਬਰ ਦਿਲਬਾਗ ਸਿੰਘ ਚੀਮਾ, ਜੈ ਰਘੁਬੀਰ ਸ਼ਰਮਾ, ਲਾਈਨ ਕੇ. ਪੀ. ਸਿੰਘ, ਸ਼੍ਰੀ ਕੌਂਸਲ, ਮੁਕੇਸ਼ ਵਰਮਾ ਅਤੇ ਪ੍ਰੋਜੈਕਟ ਸਟਾਫ਼ ਆਦਿ ਨੇ ਹਿੱਸਾ ਲਿਆ।

# ਐਸ.ਐਸ.ਪੀ ਅਮਨੀਤ ਕੌਂਡਲ ਦੀ ਯੋਗ ਅਗਵਾਈ ਹੇਠ ਬਠਿੰਡਾ ਪੁਲਿਸ ਦੀ ਸਾਲ 2025 ਵਿੱਚ ਕਾਰਗੁਜ਼ਾਰੀ

**ਬਠਿੰਡਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ) ਸ਼੍ਰੀ ਗੌਰਵ ਯਾਦਵ ਵੱਲੋਂ ਨਸ਼ਿਆਂ ਅਤੇ ਅਪਰਾਧਾਂ ਖਿਲਾਫ ਦਿੱਤੇ ਗਏ ਸਖ਼ਤ ਅਤੇ ਸਪੱਸ਼ਟ ਨਿਰਦੇਸ਼ਾਂ ਦੇ ਤਹਿਤ, ਬਠਿੰਡਾ ਪੁਲਿਸ ਨੇ ਸਾਲ 2025 ਦੌਰਾਨ ਨਸ਼ਾ ਤਸਕਰੀ, ਸੰਗਠਿਤ ਅਪਰਾਧਾਂ ਅਤੇ ਸੰਗੀਨ ਮਾਮਲਿਆਂ ਖਿਲਾਫ ਬੇਹੱਦ ਪ੍ਰਭਾਵਸ਼ਾਲੀ ਅਤੇ ਨਤੀਜਾ-ਕੇਂਦਰਿਤ ਕਾਰਵਾਈ ਕਰਦਿਆਂ ਸ਼ਾਨਦਾਰ ਪ੍ਰਾਪਤੀਆਂ ਦਰਜ ਕੀਤੀਆਂ ਹਨ। ਇਹ ਸਭ ਕੁਝ ਐਸ.ਐਸ.ਪੀ ਬਠਿੰਡਾ ਸ੍ਰੀਮਤੀ ਅਮਨੀਤ ਕੌਂਡਲ ਦੀ ਯੋਗ, ਦ੍ਰਿੜ ਅਤੇ ਪ੍ਰੇਰਕ ਅਗਵਾਈ ਸਦਕਾ ਸੰਭਵ ਹੋਇਆ ਹੈ।

ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਸ੍ਰੀਮਤੀ ਅਮਨੀਤ ਕੌਂਡਲ ਨੇ ਦੱਸਿਆ ਕਿ ਡੀ.ਜੀ.ਪੀ. ਪੰਜਾਬ ਦੀ ਜ਼ੀਰੋ ਟਾਲਰੈਂਸ ਨੀਤੀ ਨੂੰ ਜਮੀਨੀ ਪੱਧਰ 'ਤੇ ਲਾਗੂ ਕਰਦੇ ਹੋਏ ਬਠਿੰਡਾ ਪੁਲਿਸ ਵੱਲੋਂ ਨਸ਼ਿਆਂ ਖਿਲਾਫ ਲਗਾਤਾਰ ਮੁਹਿੰਮ ਚਲਾਈ ਗਈ, ਜਿਸਦੇ ਨਤੀਜੇ ਸਾਲ 2025 ਵਿੱਚ ਸਾਫ਼ ਤੌਰ 'ਤੇ ਸਾਹਮਣੇ ਆਏ ਹਨ ।

ਸਾਲ 2025 ਦੌਰਾਨ ਬਠਿੰਡਾ ਪੁਲਿਸ ਵੱਲੋਂ ਐਨ.ਡੀ.ਪੀ.ਐਸ. ਐਕਟ ਅਧੀਨ 1,783 ਕੇਸ ਦਰਜ ਕਰਕੇ 2,693 ਨਸ਼ਾ ਤਸਕਰ ਗ੍ਰਿਫ਼ਤਾਰ ਕੀਤੇ ਗਏ। ਇਸ ਦੌਰਾਨ 61.632 ਕਿੱਲੋ ਹੈਰੋਇਨ, 18.696 ਕਿੱਲੋ ਅਫੀਮ, 3,326 ਕਿੱਲੋ ਭੁੱਕੀ, 1,60,183 ਨਸ਼ੀਲੀਆਂ ਗੋਲੀਆਂ/ਕੈਪਸੂਲ, 176 ਨਸ਼ੀਲੀਆਂ ਸ਼ੀਸ਼ੀਆਂ ਅਤੇ 21.893 ਕਿੱਲੋ ਗਾਂਜਾ ਬਰਾਮਦ ਕੀਤਾ ਗਿਆ।

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ 1 ਮਾਰਚ 2025 ਤੋਂ ਹੁਣ ਤੱਕ 1,706 ਮੁਕੱਦਮੇ ਦਰਜ ਕਰਕੇ 2,551 ਨਸ਼ਾ ਤਸਕਰ ਗ੍ਰਿਫ਼ਤਾਰ ਕੀਤੇ ਗਏ ਅਤੇ 60.476 ਕਿੱਲੋਗ੍ਰਾਮ ਹੈਰੋਇਨ ਸਮੇਤ ਵੱਡੀ ਮਾਤਰਾ ਵਿੱਚ ਨਸ਼ੀਲਾ ਸਮਾਨ ਬਰਾਮਦ ਕੀਤਾ ਗਿਆ।

ਨਸ਼ਾ ਤਸਕਰਾਂ ਦੁਆਰਾ ਬਣਾਈ ਗਈ ਗੈਰਕਾਨੂੰਨੀ ਜਾਇਦਾਦ ਖਿਲਾਫ ਕਾਰਵਾਈ ਕਰਦਿਆਂ 24 ਕੇਸ ਅ/ਧ 68-ਐਫ ਐਨ.ਡੀ.ਪੀ.ਐਸ. ਐਕਟ ਅਧੀਨ ਕੰਪੀਟੈਂਟ ਅਥਾਰਟੀ ਨੂੰ ਭੇਜੇ ਗਏ, ਜਿਨ੍ਹਾਂ ਦੀ ਕੁੱਲ ਕੀਮਤ ਲਗਭਗ 6.89 ਕਰੋੜ ਰੁਪਏ ਹੈ। ਇਨ੍ਹਾਂ ਵਿੱਚੋਂ 20 ਕੇਸਾਂ ਦੀ ਪੁਸ਼ਟੀ ਹੋ ਚੁੱਕੀ ਹੈ, ਜਿਨ੍ਹਾਂ ਦੀ ਕੁੱਲ ਕੀਮਤ 4.98 ਕਰੋੜ ਰੁਪਏ ਤੋਂ ਵੱਧ ਹੈ।

ਨਸ਼ਾ ਛੱਡਣ ਲਈ ਤਿਆਰ 1,088 ਵਿਅਕਤੀਆਂ ਨੂੰ ਨਸ਼ਾ ਮੁਕਤੀ ਕੇਂਦਰਾਂ ਅਤੇ 1,444 ਨੂੰ ®®1" ਸੈਂਟਰਾਂ ਵਿੱਚ ਦਾਖਲ ਕਰਵਾਇਆ ਗਿਆ, ਜਦਕਿ 202 ਵਿਅਕਤੀਆਂ ਨੂੰ ਧਾਰਾ 64-ਏ ਐਨ.ਡੀ.ਪੀ.ਐਸ. ਐਕਟ ਅਧੀਨ ਇਲਾਜ ਲਈ ਭੇਜਿਆ ਗਿਆ।

ਬਠਿੰਡਾ ਪੁਲਿਸ ਨੇ ਸਾਲ 2025 ਦੌਰਾਨ ਕਈ ਅੰਨ੍ਹੇ ਕਤਲ ਕੇਸ, ਡਬਲ ਮਰਡਰ, ਅਗਵਾ ਅਤੇ ਡਕੈਤੀ ਵਰਗੇ ਸੰਗੀਨ ਅਪਰਾਧਾਂ ਨੂੰ ਘੱਟ ਸਮੇਂ ਵਿੱਚ ਟਰੇਸ ਕਰਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ। ਜਿਲ੍ਹਾ ਬਠਿੰਡਾ ਦੇ ਵੱਖ-ਵੱਖ ਖੇਤਰਾਂ ਵਿੱਚ ਦਰਜ ਕਤਲ ਕੇਸਾਂ ਨੂੰ ਸਫਲਤਾਪੂਰਵਕ ਹੱਲ ਕਰਦਿਆਂ ਘਟਨਾ ਦੌਰਾਨ ਵਰਤੇ ਗਏ ਹਥਿਆਰ ਅਤੇ ਵਾਹਨ ਵੀ ਬਰਾਮਦ ਕੀਤੇ ਗਏ।

# ਟ੍ਰੈਫਿਕ ਪੁਲਿਸ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਟਰਮੀਨਲ ਬੱਸ ਸਟੈਂਡ ਵਿਖੇ ਜਾਗਰੂਕਤਾ ਸੈਮੀਨਾਰ

**ਗੁਰਦਾਸਪੁਰ,5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਟ੍ਰੈਫਿਕ ਪੁਲਿਸ ਵੱਲੋਂ ਟ੍ਰੈਫਿਕ ਜਾਗਰੂਕਤਾ ਸੈਮੀਨਾਰ ਬਾਬਾ ਬੰਦਾ ਸਿੰਘ ?ਬਹਾਦਰ ਟਰਮੀਨਲ ਬੱਸ ਸਟੈਂਡ ਵਿਖੇ ਲਗਾਇਆ ਗਿਆ।

ਏ.ਐਸ.ਆਈ ਅਮਨਦੀਪ ਸਿੰਘ ਨੇ ਦੱਸਿਆ ਕਿ ਜਾਗਰੂਕਤਾ ਸੈਮੀਨਾਰ ਵਿੱਚ ਡਰਾਈਵਰਾਂ, ਕੰਡਕਟਰਾਂ ਤੇ ਆਮ ਪਬਲਿਕ ਨੂੰ ਟਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ। ਨਸ਼ੇ ਦੇ ਮਾੜੇ ਪ੍ਰਭਾਵਾ ਤੋਂ ਜਾਣੂ ਕਰਵਾਇਆ ਗਿਆ ਡਰਾਈਵਿੰਗ ਕਰਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਕਰਨ ਨਾਲ ਹੋਣ ਵਾਲੀਆਂ ਦੁਰਘਟਨਾਵਾਂ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ। ਐਕਸੀਡੈਂਟ ਪੀੜਤ ਦੀ ਮਦਦ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਹੈਲਪ ਲਾਈਨ ਨੰਬਰ 112,1033 ਅਤੇ 1930? ਬਾਰੇ ਜਾਗਰੂਕ ਕੀਤਾ ਗਿਆ।

ਸੈਮੀਨਾਰ ਵਿੱਚ ਏ.ਐਸ.ਆਈ ਅਮਨਦੀਪ ਸਿੰਘ, ਰਸ਼ਪਾਲ ਸਿੰਘ ਹਰਪ੍ਰੀਤ ਸਿੰਘ ਪ੍ਰਭਾਵਾ ਤੋਂ ਜਾਣੂ ਕਰਵਾਇਆ ਗਿਆ ਡਰਾਈਵਿੰਗ ਅਤੇ ਗੁਰਦੀਪ ਸਿੰਘ ਆਦਿ ਨੇ ਹਿੱਸਾ ਲਿਆ।

# ਡਾ. ਕੁਸੁਮ ਵਰਮਾ ਤੇ ਡਾ. ਰਾਜੀਵ ਵਰਮਾ ਨੇ ਸਾਂਝੀ ਰਸੋਈ ਚ ਪਾਇਆ 5100 ਰੁਪਏ ਦਾ ਯੋਗਦਾਨ

**ਹੁਸ਼ਿਆਰਪੁਰ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁਹੱਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ 'ਸਾਂਝੀ ਰਸੋਈ' ਪ੍ਰੋਜੈਕਟ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਬਹੁਤ ਹੀ ਸਫਲਤਾ ਪੂਰਵਕ ਚੱਲ ਰਿਹਾ ਹੈ, ਜਿਸ ਦਾ ਰੋਜ਼ਾਨਾ 450 ਤੋਂ 500 ਗ਼ਰੀਬ ਅਤੇ ਲੋੜਵੰਦ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਡਾ. ਕੁਸੁਮ ਵਰਮਾ ਅਤੇ ਡਾ. ਰਾਜੀਵ ਵਰਮਾ ਵਾਸੀ ਹੁਸ਼ਿਆਰਪੁਰ ਵੱਲੋਂ ਆਪਣੀ ਪੁੱਤਰੀ ਡਾ.ਰੂਚੀ ਅਤੇ ਡਾ. ਆਂਸ਼ੁਲ ਦੇ ਵਿਆਹ ਦੀ ਵਰੇਗੰਢ ਮੌਕੇ 5100 ਰੁਪਏ ਦੀ ਰਾਸ਼ੀ ਸਾਂਝੀ ਰਸੋਈ ਵਿਖੇ ਦਿੱਤੀ ਗਈ ਹੈ। ਇਸ ਮੌਕੇ 'ਤੇ ਰੈੱਡ ਕਰਾਸ ਮੈਂਬਰ ਰਾਜੀਵ ਬਜਾਜ, ਤਿਲਕ ਰਾਜ ਧੀਮਾਨ, ਕਰਮਜੀਤ ਕੌਰ, ਮਿਸ ਕੁਲਦੀਪ ਕੋਹਲੀ, ਵਿਨੋਦ ਓਹਰੀ, ਅਤੇ ਰੈੱਡ ਕਰਾਸ ਸਟਾਫ ਵੀ ਮੌਜੂਦ ਸਨ।

ਇਸ ਮੌਕੇ ਮੰਗੇਸ਼ ਸੂਦ ਨੇ ਇਹ ਵੀ ਦੱਸਿਆ ਕਿ ਜ਼ਿਲ੍ਹਾ ਰੈੱਡ ਕਰਾਸ ਵੱਲੋਂ ਚਲਾਇਆ ਜਾ ਰਿਹਾ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਵੱਲੋਂ ਦਾਨ ਵਜੋਂ ਮੁਹੱਈਆ ਕੀਤੇ ਜਾ ਰਹੇ ਫੰਡਾਂ ਦੁਆਰਾ ਹੀ ਚਲਾਇਆ ਜਾ ਰਿਹਾ ਹੈ।

## ਭਾਸ਼ਾ ਵਿਭਾਗ, ਪੰਜਾਬ ਵੱਲੋਂ 23 ਸਲਾਨਾ ਸਰਵੋਤਮ ਪੁਸਤਕ ਪੁਰਸਕਾਰਾਂ (2026) ਲਈ ਪੁਸਤਕਾਂ ਦੀ ਮੰਗ

### 31 ਮਾਰਚ ਤੱਕ ਭਾਸ਼ਾ ਵਿਭਾਗ ਦੇ ਮੁੱਖ ਦਫਤਰ ਪਟਿਆਲਾ ਵਿਖੇ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ ਪੁਸਤਕਾਂ

**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਵੱਲੋਂ 05 ਜਨਵਰੀ, 2025 ਤੋਂ 31 ਦਸੰਬਰ, 2025 ਤੱਕ ਛਪੀਆਂ ਵੱਖ-ਵੱਖ ਵੰਨਗੀਆਂ ਦੀਆਂ ਪੰਜਾਬੀ, ਹਿੰਦੀ, ਉਰਦੂ ਅਤੇ ਸੰਸਕ੍ਰਿਤ ਭਾਸ਼ਾ ਦੇ ਸਰਵੋਤਮ ਪੁਸਤਕ ਪੁਰਸਕਾਰਾਂ ਲਈ ਪੁਸਤਕਾਂ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਹਰ ਵਾਰ ਦੀ ਤਰ੍ਹਾਂ ਵਿਭਾਗ ਵੱਲੋਂ ਇਸ ਵਾਰ ਵੱਖ-ਵੱਖ ਭਾਸ਼ਾਵਾਂ ਦੀਆਂ ਭਿੰਨ-ਭਿੰਨ ਵੰਨਗੀਆਂ ਨਾਲ ਸਬੰਧਤ 23 ਪੁਰਸਕਾਰਾਂ ਪੁਸਤਕਾਂ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਪੁਰਸਕਾਰਾਂ ਵਿੱਚ ਪੰਜਾਬੀ ਦੇ 11 ਸਰਵੋਤਮ ਅਤੇ ਇੱਕ ਸੁਰਜੀਤ ਪਾਤਰ ਵਿਦਿਆਰਥੀ ਪੁਰਸਕਾਰ, ਹਿੰਦੀ ਦੇ 06, ਉਰਦੂ ਦੇ 04 ਅਤੇ ਸੰਸਕ੍ਰਿਤ ਦੇ ਇੱਕ ਪੁਰਸਕਾਰ ਲਈ ਚਾਰ-ਚਾਰ ਪੁਸਤਕਾਂ ਬਿਨੈ-ਪੱਤਰ (ਪ੍ਰੋਫਾਰਮਾ) ਸਮੇਤ ਦਸਤੀ ਜਾਂ ਡਾਕ ਰਾਹੀਂ ਵਿਭਾਗ ਦੇ ਮੁੱਖ ਦਫਤਰ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ 31 ਮਾਰਚ, 2026 ਤੱਕ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਦੱਸਣਯੋਗ ਹੈ ਕਿ ਇਹ ਪੁਰਸਕਾਰ ਹਰ ਸਾਲ ਪੰਜਾਬੀ ਮਾਹ ਦੌਰਾਨ ਪ੍ਰਦਾਨ ਕੀਤੇ ਜਾਂਦੇ ਹਨ। ਸਰਵੋਤਮ ਪੁਰਸਕਾਰਾਂ ਲਈ 31,000/- ਰੁਪਏ ਦੀ ਨਕਦ ਰਾਸ਼ੀ, ਪਲੇਕ ਅਤੇ ਦੁਸ਼ਾਲਾ ਪ੍ਰਦਾਨ ਕੀਤਾ ਜਾਂਦਾ ਹੈ। ਸੁਰਜੀਤ ਪਾਤਰ ਯੁਵਾ ਪੁਰਸਕਾਰ ਲਈ ਇੱਕ ਲੱਖ ਰੁਪਏ ਦੀ ਰਾਸ਼ੀ, ਪਲੇਕ ਤੇ ਦੁਸ਼ਾਲਾ ਪ੍ਰਦਾਨ ਕੀਤਾ ਜਾਂਦਾ ਹੈ।

ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਤਹਿਤ ਭਾਈ ਵੀਰ ਸਿੰਘ ਪੁਰਸਕਾਰ (ਜੀਵਨੀ/ਸਵੈ-ਜੀਵਨੀ/ਯਾਦਾਂ/ਰੇਖਾ ਚਿੱਤਰ), ਨਾਨਕ ਸਿੰਘ ਪੁਰਸਕਾਰ (ਨਾਵਲ), ਪ੍ਰਿੰ ਸੁਜਾਨ ਸਿੰਘ ਪੁਰਸਕਾਰ (ਕਹਾਣੀ/ਮਿੰਨੀ ਕਹਾਣੀ ਸੰਗ੍ਰਹਿ), ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ (ਨਿਬੰਧ/ਸਫ਼ਰਨਾਮਾ/ਵਿਅੰਗ), ਗਿਆਨੀ ਗੁਰਮੁਖ ਸਿੰਘ ਮੁਸਾਫਿਰ ਪੁਰਸਕਾਰ (ਕਵਿਤਾ), ਈਸ਼ਵਰ ਚੰਦਰ ਨੰਦਾ ਪੁਰਸਕਾਰਰ (ਨਾਟਕ/ਇਕਾਂਗੀ), ਪ੍ਰੋ. ਗੁਰਦਿਆਲ ਸਿੰਘ ਪੁਰਸਕਾਰ (ਅਨੁਵਾਦ), ਐੱਮ.ਐੱਸ. ਰੰਧਾਵਾ ਪੁਰਸਕਾਰ (ਗਿਆਨ ਸਾਹਿਤ/ਸੰਪਾਦਨ), ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ (ਬਾਲ ਸਾਹਿਤ), ਡਾ. ਅਤਰ ਸਿੰਘ ਪੁਰਸਕਾਰ (ਆਲੋਚਨਾ) ਅਤੇ ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ (ਟੀਕਾਕਾਰੀ/ਕੋਸ਼ਕਾਰੀ/ਭਾਸ਼ਾ ਵਿਗਿਆਨ/ਵਿਆਕਰਣ/ਹਵਾਲਾ ਗ੍ਰੰਥ) ਪ੍ਰਦਾਨ ਕੀਤੇ ਜਾਣਗੇ।

ਸਰਵੋਤਮ ਹਿੰਦੀ ਪੁਸਤਕ ਪੁਰਸਕਾਰਾਂ 'ਚ ਗਿਆਨੀ ਸੰਤ ਸਿੰਘ ਪੁਰਸਕਾਰ (ਕਵਿਤਾ), ਸੁਦਰਸ਼ਨ ਗਲਪ ਪੁਰਸਕਾਰ (ਨਾਵਲ/ਕਹਾਣੀ), ਮੋਹਨ ਰਾਕੇਸ਼ ਪੁਰਸਕਾਰ (ਨਾਟਕ/ਇਕਾਂਗੀ), ਇੰਦਰਨਾਥ ਮਦਾਨ ਪੁਰਸਕਾਰ (ਆਲੋਚਨਾ/ਸੰਪਾਦਨ/ਗਿਆਨ/ਖੋਜ), ਗਿਆਨੀ ਗਿਆਨ ਸਿੰਘ ਪੁਰਸਕਾਰ (ਜੀਵਨੀ/ਸਫ਼ਰਨਾਮਾ/ਰੇਖਾ ਚਿੱਤਰ/ਸੰਸਮਰਣ) ਅਤੇ ਬਾਬਾ ਫ਼ਤਹਿ ਸਿੰਘ ਪੁਰਸਕਾਰ (ਬਾਲ ਸਾਹਿਤ) ਸ਼ਾਮਲ ਹਨ। ਸਰਵੋਤਮ ਉਰਦੂ ਪੁਸਤਕ ਪੁਰਸਕਾਰਾਂ 'ਚ ਸਾਹਿਰ ਲੁਧਿਆਣਵੀ ਪੁਰਸਕਾਰ (ਨਜ਼ਮ), ਹਾਫ਼ਿਜ਼ ਮਹਿਮੂਦ ਸ਼ੀਰਾਨੀ ਪੁਰਸਕਾਰ (ਤਨਕੀਦ/ਤਹਿਕੀਕ), ਰਾਜਿੰਦਰ ਸਿੰਘ ਬੇਦੀ ਪੁਰਸਕਾਰ (ਨਾਵਲ/ਕਹਾਣੀ/ਡਰਾਮਾ/ਇਕਾਂਗੀ) ਅਤੇ ਕਨ੍ਹਈਆ ਲਾਲ ਕਪੂਰ ਪੁਰਸਕਾਰ (ਨਸਰ) ਸ਼ਾਮਲ ਹਨ। ਸਰਵੋਤਮ ਸੰਸਕ੍ਰਿਤ ਪੁਸਤਕ ਲਈ ਕਾਲੀਦਾਸ ਪੁਰਸਕਾਰ ਪ੍ਰਦਾਨ ਕੀਤਾ ਜਾਂਦਾ ਹੈ। ਰਜੀਤ ਪਾਤਰ ਵਿਦਿਆਰਥੀ ਪੁਰਸਕਾਰ 25 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀ ਦੀ ਪੰਜਾਬੀ ਭਾਸ਼ਾ ਦੀ ਕਿਸੇ ਵੰਨਗੀ ਦੀ ਪੁਸਤਕ ਲਈ ਪ੍ਰਦਾਨ ਕੀਤਾ ਜਾਵੇਗਾ। ਉਪਰੋਕਤ ਪੁਰਸਕਾਰਾਂ ਸਬੰਧੀ ਨਿਯਮ ਅਤੇ ਬਿਨੈ-ਪੱਤਰ ਲਈ ਪ੍ਰੋਫਾਰਮਾ ਵਿਭਾਗ ਦੀ ਵੈਬਸਾਈਟ www.bhashavibhagpunjab.org ਤੋਂ ਪ੍ਰਾਪਤ (ਡਾਊਨਲੋਡ) ਕੀਤਾ ਜਾ ਸਕਦਾ ਹੈ।

## ਦੀ ਪਟਿਆਲਾ ਵੈਲਫੇਅਰ ਸੁਸਾਇਟੀ ਨੇ ਕਰਵਾਇਆ ਸਾਲਾਨਾ ਧਾਰਮਿਕ ਸਮਾਗਮ

### ਖੱਟੜਾ ਦੀ ਅਗਵਾਈ ਵਿਚ ਸੁਸਾਇਟੀ ਵੱਲੋਂ ਕੀਤੇ ਜਾਂਦੇ ਕੰਮ ਸ਼ਲਾਘਾਯੋਗ: ਪ੍ਰਨੀਤ ਕੌਰ

**ਪਟਿਆਲਾ, 5 ਜਨਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਦੀ ਸਿਰਮੌਰ ਸਮਾਜ ਸੇਵੀ ਸੰਸਥਾ ਦੀ ਪਟਿਆਲਾ ਵੈਲਫੇਅਰ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਸਾਲ 2026 ਦੀ ਆਮਦ ਮੌਕੇ ਸਮੁੱਚੀ ਸੰਗਤ ਨੂੰ ਵਧਾਈ ਦਿੱਤੀ ਅਤੇ ਆਰੰਭ ਕਰਵਾਏ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਉਪਰੰਤ ਵੱਖ-ਵੱਖ ਸੰਪਰਦਾਵਾਂ ਦੇ ਸੰਤਾਂ ਮਹਾਂਪੁਰਖਾਂ ਨੇ ਗੁਰਬਾਣੀ ਦੇ ਅਨਮੋਲ ਬਚਨਾਂ ਦੀ ਵਰਖਾ ਕੀਤੀ ਗਈ। ਜਿਥੇ ਸੰਤ ਬਾਬਾ ਦਰਬਾਰਾ ਸਿੰਘ ਰੋਹੀਸਰ ਵਾਲੇ, ਸੰਤ ਬਾਬਾ ਗੁਰਚਰਨ ਸਿੰਘ ਰੋੜੇਵਾਲ ਵਾਲੇ, ਸੰਤ ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਸੰਤ ਬਾਬਾ ਨਛੱਤਰ ਸਿੰਘ ਕੱਲਰ ਭੈਣੀ ਵਾਲੇ, ਕਥਾਵਾਚਕ ਗਿਆਨੀ ਰਜਿੰਦਰਪਾਲ ਸਿੰਘ ਨਾਭਾ, ਬਾਬਾ ਮਹਿੰਦਰ ਸਿੰਘ ਅੰਬੇਮਾਜਰਾ ਆਦਿ ਸੰਤਾਂ ਮਹਾਂਪੁਰਖਾਂ ਨੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦਾ ਤਿਆਗ ਕਰਕੇ ਗੁਰੂ ਲੜ ਲੱਗਣ ਲਈ ਪ੍ਰੇਰਿਆ। ਸਮਾਗਮ ਦੌਰਾਨ ਆਈ ਹੋਈ ਸੰਗਤ ਨੂੰ ਸਾਬਕਾ ਆਈ. ਜੀ. ਰਣਬੀਰ ਸਿੰਘ ਖੱਟੜਾ ਦੇ ਸੁਸਾਇਟੀ ਦੇ ਚੇਅਰਮੈਨ ਐਡਵੋਕੇਟ ਸਤਬੀਰ ਸਿੰਘ ਖੱਟੜਾ ਨੇ ਨਵੇਂ ਸਾਲ ਦੀ ਵਧਾਈ ਦਿੰਦਿਆਂ ਪਹੁੰਚੀ ਸੰਗਤ ਨੂੰ ਜੀ ਆਇਆਂ ਨੂੰ ਕਿਹਾ। ਸੁਸਾਇਟੀ ਵੱਲੋਂ ਸਾਬਕਾ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੂੰ ਤਸਵੀਰ ਅਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਭਾਜਪਾ ਦੀ ਸੀਨੀਅਰ ਆਗੂ ਪ੍ਰਨੀਤ ਕੌਰ ਨੇ ਆਪਣੇ ਸੰਬੋਧਨ ਵਿਚ ਕਿਹਾ ਪਟਿਆਲਾ ਦੀ ਪਹਿਲੀ ਵੱਡੀ ਸਮਾਜ ਸੇਵੀ ਸੰਸਥਾ ਹੈ, ਜਿਸ ਨੇ ਰਾਜਨੀਤੀ ਤੋਂ ਉਪਰ ਉਠ ਕੇ ਸਮਾਜ ਦੀ ਸੇਵਾ ਕਰਨ ਵਿਚ ਆਪਣੀ ਯੋਗ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਖੱਟੜਾ ਜਿੱਥੇ ਸੁਸਾਇਟੀ ਰਾਹੀਂ ਸਮਾਜ ਸੇਵਾ ਦੇ ਖੇਤਰ ਵਿਚ ਵੱਡਾ ਯੋਗਦਾਨ ਪਾ ਰਹੇ ਹਨ। ਉਥੇ ਹੀ ਭਾਜਪਾ ਵੱਲੋਂ ਵੀ ਆਪਣੀਆਂ ਅਹਿਮ ਜਿਮੇਵਾਰੀਆਂ ਨੂੰ ਨਿਭਾਉਂਦੇ ਹੋਏ ਆਮ ਲੋਕਾਂ ਦੀ ਸੇਵਾ ਵਿਚ ਤਤਪੱਰ ਰਹਿੰਦੇ ਹਨ। ਇਸ ਮੌਕੇ ਸੰਸਥਾ ਦੇ ਪ੍ਰਧਾਨ ਬਲਵਿੰਦਰ ਸਿੰਘ ਕੰਗ ਰੋੜੇਵਾਲ ਨੇ ਆਈ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਸੁਤੰਤਰ ਦੇ ਪ੍ਰਧਾਨ ਪਰਮਜੀਤ ਸਿੰਘ ਸਹੌਲੀ, ਸਾਬਕਾ ਐਸ. ਪੀ. ਚੰਦ ਸਿੰਘ, ਸਾਬਕਾ ਡੀ. ਐਸ. ਪੀ. ਜਸਵਿੰਦਰ ਸਿੰਘ ਟਿਵਾਣਾ, ਭਾਜਪਾ ਦੇ ਜਿਲ੍ਹਾ ਪ੍ਰਧਾਨ ਵਿਜੇ ਕੂਕਾ, ਬਹਾਦਰ ਖਾਨ, ਸੁਰਿੰਦਰ ਸਿੰਘ ਖੇੜਕੀ, ਗੁਰਬਾਜ ਐਗਰੀਕਲਚਰ ਦੇ ਐਮ. ਡੀ. ਗੁਰਬਾਜ ਸਿੰਘ ਸੇਖੋਂ, ਭਾਜਪਾ ਦੇ ਮੰਡਲ ਪ੍ਰਧਾਨ ਗੁਰਭਜਨ ਸਿੰਘ ਲਚਕਾਣੀ, ਕੁਲਵੰਤ ਸਿੰਘ ਨਾਭਾ, ਤਰਸੇਮ ਸਿੰਘ ਕਸਿਆਣਾ, ਹਰਜੀਤ ਚਲੈਲਾ, ਭਾਜਪਾ ਦੇ ਯੂਥ ਆਗੂ ਯੁਵਰਾਜ ਸ਼ਰਮਾ, ਪੀ. ਏ. ਸ਼ੋਰੀ, ਅਮਰੀਕ ਸਿਉਣਾ, ਅੰਮ੍ਰਿਤਪਾਲ ਕੌਰ, ਗੁਰਧਿਆਨ ਸਿੰਘ ਬਾਰਨ, ਭਵਜੀਤ ਚਲੈਲਾ, ਅਮਰੀਕ ਸਿੰਘ ਲੰਗ, ਗੁਰਦਾਸ ਸਿਉਣਾ, ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਹਰਦੀਪ ਸਿੰਘ ਸਨੌਰ, ਚਮਕੌਰ ਸਿੰਘ ਇੱਛੇਵਾਲ, ਮੇਜਰ ਲਚਕਾਣੀ, ਲਖਵਿੰਦਰ ਸਿੰਘ ਕਾਲਵਾ, ਵਿੱਕੀ ਪੇਧਨ, ਕਾਲਾ ਰੋੜੇਵਾਲ, ਸੰਦੀਪ ਅਜਨੌਦਾ, ਗੁਰਜਿੰਦਰ ਕਸਿਆਣਾ, ਮਹਿੰਦਰਪਾਲ ਸਿੰਘ ਸੋਢੀ, ਯਾਦਵਿੰਦਰ ਸਿੰਘ ਨੰਦਪੁਰ ਕੇਸ਼ੋ, ਤਰਸੇਮ ਸਿੰਘ ਕੋਟਲੀ, ਨਰਿੰਦਰਪਾਲ ਸਿੰਘ ਮਿੰਟੂ, ਐਡਵੋਕੇਟ ਕੰਵਰ ਗੁਰਪ੍ਰੀਤ ਸਿੰਘ ਗਿੱਲ, ਮਨਮੋਹਨ ਸਿੰਘ ਕੁੱਕੂ, ਲਾਭ ਸਿੰਘ ਭਟੇੜੀ, ਆਰ. ਕੇ. ਸਿੰਧੀ, ਭਗਵਾਨ ਸਿੰਘ ਲੰਗ, ਤਾਰੀ ਰੋੜੇਵਾਲ, ਅਵਤਾਰ ਇੱਛੇਵਾਲ ਆਦਿ ਹਾਜ਼ਰ ਸਨ।

## ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਨੇ 2025 'ਚ 86 ਖ਼ੂਨਦਾਨ ਕੈਂਪਾਂ ਰਾਹੀਂ 1560 ਯੂਨਿਟ ਖ਼ੂਨ ਕੀਤਾ ਇਕੱਤਰ



**ਪਟਿਆਲਾ, 5 ਜਨਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਲਈ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਤੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਸਾਲ ਦਾ ਪਹਿਲਾ ਖ਼ੂਨਦਾਨ ਕੈਂਪ ਜਨ ਸਹਾਇਤਾ ਕੇਂਦਰ ਵਿਖੇ ਲਗਾਇਆ ਗਿਆ। ਕੈਂਪ ਦਾ ਉਦਘਾਟਨ ਏ. ਐਸ. ਆਈ. ਹਰਦੀਪ ਸਿੰਘ ਘੱਗਾ ਤੇ ਜਗਵੰਤ ਸਿੰਘ ਜੱਗੀ ਨੇ ਇਕੱਠਿਆਂ ਖ਼ੂਨਦਾਨ ਕਰਕੇ ਕੀਤਾ, ਜਦੋਂਕਿ ਐਡਵੋਕੇਟ ਭਾਗ ਸਿੰਘ ਰਾਮਗੜ੍ਹ ਨੇ 34ਵੀਂ ਵਾਰ, ਐਡਵੋਕੇਟ ਗੁਰਸੇਵਕ ਸਿੰਘ ਗੁਰੀ, ਪਰਮਜੀਤ ਸਿੰਘ ਪੰਮੀ, ਗੁਰਦਾਸ ਸਿੰਘ ਸਿਉਣਾ, ਅਮਿਤ ਸ਼ਰਮਾ, ਬਲਜਿੰਦਰ ਸਿੰਘ, ਬਹਾਦਰ ਸਿੰਘ, ਗੁਰਮਿੰਦਰ ਸਿੰਘ ਮਿਹੋਣ, ਥਾਣੇਦਾਰ ਸੁਰਿੰਦਰ ਸਿੰਘ, ਰਾਮ ਸਿੰਘ ਬਿੱਲਾ ਸਾਬਕਾ ਸਰਪੰਚ ਕਟਕਹੇੜੀ ਸਮੇਤ 21 ਵਲੰਟੀਅਰਾਂ ਨੇ ਖ਼ੂਨਦਾਨ ਕੀਤਾ। ਖ਼ੂਨਦਾਨੀਆਂ ਨੂੰ ਸਰਟੀਫਿਕੇਟ ਤੇ ਮਫਲਰ ਦੇ ਕੇ ਸਨਮਾਨਤ ਕੀਤਾ ਗਿਆ। ਕੈਂਪ ਵਿਚ ਪ੍ਰਿੰਸੀਪਲ ਰਿਪੁਦਮਨ ਸਿੰਘ, ਸਾਬਕਾ ਡੀ. ਐਸ. ਪੀ. ਨਾਹਰ ਸਿੰਘ ਮਾਜਰੀ, ਹਰਵਿੰਦਰਪਾਲ, ਕਵੀ ਯਤਿੰਦਰ ਕੁਮਾਰ, ਅੰਤਰਰਾਸ਼ਟਰੀ ਲੇਖਕ ਤੇ ਸਿੱਖਿਆ ਸ਼ਾਸ਼ਤਰੀ ਅਨਿਲ ਭਾਰਤੀ, ਮਿਸ਼ਨ ਦੇ ਮੋਢੀ ਹਰਦੀਪ ਸਿੰਘ ਸਨੌਰ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਜਥੇਦਾਰ ਕਰਨ ਸਿੰਘ ਜੌਲੀ, ਚਾਚਾ ਜਗਰਾਜ ਸਿੰਘ ਚਹਿਲ, ਯੂਥ ਆਗੂ ਹਰਮੀਤ ਸਿੰਘ ਬਡੂੰਗਰ, ਨਰੇਸ਼ ਕੁਮਾਰ ਨਾਭਾ, ਗੁਰਪ੍ਰੀਤ ਸਿੰਘ ਲਲੀਨਾ, ਠੇਕੇਦਾਰ ਗੁਰਬਚਨ ਸਿੰਘ, ਭਾਈ ਰਵਿੰਦਰ ਸਿੰਘ ਭਾਂਖਰ, ਤੇਜਿੰਦਰ ਸਿੰਘ ਮੰਡੌੜ, ਗੁਰਪ੍ਰੀਤ ਸਿੰਘ ਲਲੀਨਾ, ਹਰਮਿੰਦਰ ਢੀਂਡਸਾ, ਰਣਜੀਤ ਸਿੰਘ ਝੰਡੀ ਤੇ ਮਨਸਾਹਿਬ ਸਿੰਘ ਹਾਜ਼ਰ ਸਨ। ਹਰਦੀਪ ਸਿੰਘ ਸਨੌਰ ਨੇ ਦੱਸਿਆ ਕਿ ਪਿਛਲੇ 20 ਸਾਲਾਂ ਤੋਂ ਖ਼ੂਨਦਾਨ ਕੈਂਪ ਲਗਾਉਣ ਦੀ ਆਰੰਭੀ ਸੇਵਾ ਵਿਚ ਸਾਲ 2025 ਵਿਚ ਸਹਿਯੋਗੀ ਸੰਸਥਾਵਾਂ ਦੇ ਸਹਿਯੋਗ ਨਾਲ 86 ਖ਼ੂਨਦਾਨ ਕੈਂਪ ਲਗਾ ਕੇ 1560 ਯੂਨਿਟ ਖ਼ੂਨ ਇਕੱਤਰ ਕਰਕੇ ਵੱਖ-ਵੱਖ ਬਲੱਡ ਸੈਂਟਰਾਂ ਵਿਚ ਜਮ੍ਹਾਂ ਕਰਵਾਏ।

## ਗਿੱਲ ਪਿੰਡ 'ਚ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਵ ਮੌਕੇ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ



**ਲੁਧਿਆਣਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿੱਲ ਪਿੰਡ ਦੇ ਹਲਟੀ ਵਾਲਾ ਗੁਰਦੁਆਰਾ ਸਾਹਿਬ ਵਿਖੇ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਪੁਰਵ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਇਹ ਨਗਰ ਕੀਰਤਨ ਗਿੱਲ ਪਿੰਡ ਵਿੱਚ ਵੱਡੇ ਪੱਧਰ 'ਤੇ ਸ਼ਰਧਾ ਅਤੇ ਉਤਸ਼ਾਹ ਨਾਲ ਕੱਢਿਆ ਗਿਆ, ਜਿਸ ਵਿੱਚ ਸੰਗਤ ਨੇ ਭਾਰੀ ਗਿਣਤੀ ਵਿੱਚ ਸ਼ਿਰਕਤ ਕੀਤੀ।

ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਮੀਡੀਆ ਨੂੰ ਦਿੱਤੀ ਜਾਣਕਾਰੀ ਅਨੁਸਾਰ ਨਗਰ ਕੀਰਤਨ ਦੌਰਾਨ ਗੁਰਬਾਣੀ ਕੀਰਤਨ, ਸ਼ਬਦ-ਕੀਰਤਨ ਅਤੇ ਗਤਕਾ ਪ੍ਰਦਰਸ਼ਨਾਂ ਰਾਹੀਂ ਦਸਵੇਂ ਪਾਤਸ਼ਾਹ ਜੀ ਦੀ ਜੀਵਨ-ਸਿਖਿਆ ਅਤੇ ਬਲਿਦਾਨ ਨੂੰ ਯਾਦ ਕੀਤਾ ਗਿਆ।

ਸੰਗਤ ਵੱਲੋਂ ਥਾਂ-ਥਾਂ ਲੰਗਰ ਅਤੇ ਦੁੱਧ ਦੀ ਸੇਵਾ ਵੀ ਕੀਤੀ ਗਈ।

ਇਸ ਮੌਕੇ ਮੁੱਖ ਤੌਰ 'ਤੇ ਸ. ਲਾਲ ਸਿੰਘ (ਸੈਕ੍ਰੇਟਰੀ), ਜਗਤਾਰ ਸਿੰਘ, ਬਲਵਿੰਦਰ ਸਿੰਘ, ਜਸਪਿੰਦਰ ਸਿੰਘ, ਗੁਰਵਿੰਦਰ ਸਿੰਘ, ਵਰਿਆਮ ਸਿੰਘ, ਰਣਜੀਤ ਸਿੰਘ, ਪਰਮੀਤ ਸਿੰਘ ਆਦਿ ਹਾਜ਼ਿਰ ਰਹੇ, ਨਾਲ ਹੀ ਨਗਰ ਦੀ ਸੰਗਤ ਵੱਡੀ ਗਿਣਤੀ ਵਿੱਚ ਸ਼ਾਮਲ ਹੋਈ ਅਤੇ ਸਮੂਹ ਵਾਤਾਵਰਨ ਧਾਰਮਿਕ ਸ਼ਰਧਾ ਨਾਲ ਭਰਪੂਰ ਹੋ ਗਿਆ ਸੀ।

## ਰੁਝੇਵਿਆਂ ਭਰੀ ਜਿੰਦਗੀ ਵਿਚ ਸਾਨੂੰ ਸਮਾਂ ਕੱਢ ਕੇ ਸੇਵਾ ਕਰਨੀ ਚਾਹੀਦੀ: ਚਰਨਜੀਤ ਸਿੰਘ ਚੰਨੀ



**ਖਰੜ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵੇ ਸਾਲ ਦੀ ਸ਼ੁਰੂਆਤ ਮੌਕੇ ਤੇ ਸੁਰਜੀਤ ਡੈਅਰੀ ਖਰੜ ਅਤੇ ਗੋਬਿੰਦ ਕਲੋਨੀ ਖਰੜ ਦੇ ਸਮੂਹ ਵਾਸੀਆਂ ਵਲੋਂ ਸਾਂਝੇ ਤੌਰ ਤੇ ਕੜਾਹ ਪ੍ਰਸ਼ਾਦਿ,ਖੀਰ, ਛੋਲਿਆਂ ਦੇ ਪ੍ਰਸਾਦਿ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ.ਚਰਨਜੀਤ ਸਿੰਘ ਚੰਨੀ ਨੇ ਵਿਸੇਸ ਤੌਰ ਤੇ ਹਾਜਰੀ ਲਗਵਾਈ ਅਤੇ ਲੰਗਰ ਵਿਚ ਸੇਵਾ ਕੀਤਾ ਅਤੇ ਪ੍ਰਬੰਧਕਾਂ ਨੂੰ ਨਵੇਂ ਸਾਲ ਦੀ ਸ਼ੁਭ ਕਾਮਨਾਵਾਂ ਦਿੱਤੀਆਂ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਇਸ ਤਰ੍ਹਾਂ ਦੀ ਸੇਵਾ ਕਰਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ ਅਤੇ ਸਾਨੂੰ ਆਪਣੀ ਰੁਝੇਵਿਆਂ ਭਰੀ ਜਿੰਦਗੀ ਵਿਚ ਸਮਾਂ ਕੱਢ ਕੇ ਇਸ ਤਰ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਮੌਕੇ ਮਾਸਟਰ ਪ੍ਰੇਮ ਸਿੰਘ, ਡਾ. ਮਨੋਹਰ ਸਿੰਘ, ਸੁਰਜੀਤ ਡੇਅਰੀ ਖਰੜ ਦੇ ਮਾਲਕ ਸੁਰਜੀਤ ਸਿੰਘ, ਨਾਸਿਰ ਅਲੀ, ਰਾਕੇਸ਼, ਪ੍ਰਕਾਸ਼ ਸਿੰਘ ਚੀਮਾ, ਦਵਿੰਦਰ ਸਿੰਘ, ਗੋਵਿੰਦਰ ਸਿੰਘ, ਦਿਲਪ੍ਰੀਤ ਸਿੰਘ, ਅੰਕਿਤ ਸਮੇਤ ਹੋਰ ਸੇਵਾਦਾਰ ਹਾਜ਼ਰ ਸਨ।

## ਸ੍ਰੀ ਰਾਮ ਆਸ਼ਰਮ ਮੰਦਰ ਵਿਖੇ ਨਵਾਂ ਸਾਲ ਸ੍ਰੀ ਬਾਂਕੇ ਬਿਹਾਰੀ ਦੇ ਨਾਲ ਮਨਾਇਆ

**ਸੁਨਾਮ ਊਧਮ ਸਿੰਘ ਵਾਲਾ, 25 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਬਾਂਕੇ ਬਿਹਾਰੀ ਜੀ ਦੇ ਸ਼ਰਧਾਲੂਆਂ ਨੇ ਬੜੇ ਹੀ ਜੋਸ਼ ਅਤੇ ਸ਼ਰਧਾ ਦੇ ਨਾਲ ਸ੍ਰੀ ਰਾਮ ਆਸ਼ਰਮ ਮੰਦਰ ਦੇ ਵਿੱਚ ਨਵਾਂ ਸਾਲ ਸ੍ਰੀ ਬਾਂਕੇ ਬਿਹਾਰੀ ਜੀ ਨਾਲ ਮਨਾਇਆ। ਸ੍ਰੀ ਰਾਮ ਆਸ਼ਰਮ ਮੰਦਰ ਕਮੇਟੀ ਅਤੇ ਸ੍ਰੀ ਹਰਿਦਾਸ ਨੀਕੁੰਜ ਬਿਹਾਰੀ ਸੇਵਾ ਸੰਮਤੀ ਵੱਲੋਂ ਆਯੋਜਿਤ ÷ਨਵਾਂ ਸਾਲ ਸ੍ਰੀ ਬਾਂਕੇ ਬਿਹਾਰੀ ਜੀ ਦੇ ਨਾਲ÷ ਧਾਰਮਿਕ ਸਮਾਗਮ ਵਿੱਚ ਗਾਇਕ ਤ੍ਰਿਲੋਕ ਧੀਮਾਨ ਐਂਡ ਪਾਰਟੀ, ਰਾਜੇਸ਼ ਗਰਗ, ਸ਼ਰਧਾਲੂ ਗਾਇਕ ਦੀਪਕ ਮੱਖਣੀ, ਸੌਰਵ ਜੈਨ ਵੱਲੋਂ ਭਜਨਾਂ ਰਾਹੀਂ ਕੀਤੇ ਗਏ ਭਗਵਾਨ ਦੇ ਗੁਣਗਾਨ ਉਪਰ ਸ਼ਰਧਾਲੂਆਂ ਨੇ ਆਪਣੀ ਸ਼ਰਧਾ ਵਿਖੇਰਦੇ ਹੋਏ ਦੇਰ ਰਾਤ ਇੱਕ ਵਜੇ ਤੱਕ ਖੂਬ ਨੱਚੇ ਅਤੇ ਸਾਰੇ ਹੀ ਗਾਇਕਾਂ ਨੇ ਆਪਣੇ ਭਜਨਾਂ ਰਾਹੀਂ ਪੰਜ ਘੰਟੇ ਸ਼ਰਧਾਲੂਆਂ ਨੂੰ ਪੂਰਾ ਉਤਸਾਹਿਤ ਰੱਖਿਆ। ਸ੍ਰੀ ਰਾਮ ਆਸ਼ਰਮ ਮੰਦਰ ਕਮੇਟੀ ਵੱਲੋਂ ਚਾਹ, ਕੌਫੀ ਅਤੇ ਖਾਣ ਪੀਣ ਦਾ ਅਤੁੱਟ ਭੰਡਾਰਾ ਚਲਾਇਆ ਗਿਆ।

ਮਹਿਲਾਵਾਂ ਸ਼ਰਧਾਲੂਆਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਵਿੱਚ ਹਾਜ਼ਰੀ ਲਗਾ ਕੇ ਇੱਕ ਨਵੀਂ ਊਰਜਾ ਮਿਲਦੀ ਹੈ ਉਹਨਾਂ ਦੇ ਨਾਲ ਉਹਨਾਂ ਦੇ ਪਰਿਵਾਰ ਦੇ ਮੈਂਬਰ ਵੀ ਧਾਰਮਿਕ ਸਮਾਗਮ ਵਿੱਚ ਹਿੱਸਾ ਲੈਂਦੇ ਹਨ ਅਤੇ ਬੱਚੇ ਵੀ ਚੰਗੇ ਸੰਸਕਾਰਾਂ ਵੱਲ ਜਾ ਰਹੇ ਹਨ। ਸ੍ਰੀ ਰਾਮ ਆਸ਼ਰਮ ਮੰਦਿਰ ਕਮੇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਸ੍ਰੀ ਹਰਿਦਾਸ ਨਿਕੁੰਜ ਬਿਹਾਰੀ ਸੇਵਾ ਸਮਤੀ, ਗਾਇਕਾਂ, ਮੁੱਖ ਮਹਿਮਾਨ, ਮੁਹੱਲਾ ਨਿਵਾਸੀ ਅਤੇ ਸਾਰੇ ਹੀ ਭਗਤਜਨਾਂ ਨੂੰ ਜੀ ਆਇਆ ਕਿਹਾ ਅਤੇ ਕਮੇਟੀ ਪ੍ਰਧਾਨ ਤਰੁਣ ਬਾਂਸਲ ਅਤੇ ਉਨਾਂ ਦੇ ਕਮੇਟੀ ਮੈਂਬਰਾਂ ਨੇ ਕਿਹਾ ਕਿ ਹੋਰ ਵੀ ਧਾਰਮਿਕ ਸਮਾਗਮ ਕਰਵਾਏ ਜਾਣਗੇ।

ਇਸ ਮੌਕੇ ਆਪ ਪਾਰਟੀ ਆਗੂ ਮੁਕੇਸ਼ ਜਨੇਜਾ, ਸੰਜੂ ਕਾਂਸਲ, ਸ੍ਰੀ ਹਰਿਦਾਸ ਨਿਕੁੰਜ ਬਿਹਾਰੀ ਸੇਵਾ ਸੰਮਤੀ ਦੇ ਪ੍ਰਧਾਨ ਕਰੁਣ ਬਾਂਸਲ, ਅਮਿਤ ਕੌਸ਼ਲ, ਡਾ. ਮਨੋਜ ਸਿੰਗਲਾ, ਅੰਕਿਤ ਕੌਸ਼ਲ, ਦੀਪਕ ਜੈਨ, ਅਸ਼ੋਕ ਕਾਂਸਲ, ਹਿਤੇਸ਼ਵੀਰ ਗੁਪਤਾ, ਰਾਜਨ ਸਿੰਗਲਾ, ਨਰਿੰਦਰ ਕਾਲਾ, ਪੁਨੀਤ ਮਿੱਤਲ, ਰਾਕੇਸ਼ ਭੋਲਾ, ਅਸ਼ਵਨੀ ਕੁਮਾਰ, ਗਿਰਜੇਸ਼ ਮਿਸ਼ਰਾ, ਰਾਜੂ ਬਿਕਾਨੇਰ ਸਵੀਟਸ, ਰਾਜੇਸ਼ ਅਗਰਵਾਲ, ਸ਼ਾਮ ਸੁੰਦਰ, ਹੈਪੀ ਗੈਰਾ, ਸੰਦੀਪ ਜਿੰਦਲ, ਸ੍ਰੀਧਰ ਗਰਗ, ਤਰੁਣ ਬਾਂਸਲ, ਗੁਰਦਿਆਲ ਗਰਗ, ਅਸ਼ੋਕ ਵਰਮਾ, ਦੀਪਕ ਦੀਪਾ, ਮਨੀਸ਼ ਮਿੱਤਲ, ਕ੍ਰਿਸ਼ਨ ਸਿੰਗਲਾ, ਪੰਡਿਤ ਸੁਨੀਲ ਜੋਸ਼ੀ, ਅਸ਼ੋਕ ਬਾਂਸਲ, ਇੰਦੂ ਸਾਹਨੀ, ਮੀਰਾ ਗੋਇਲ, ਬਿੰਦੂ ਰਾਣੀ, ਰਿਤਿਕਾ ਬਾਂਸਲ, ਕਵਿਤਾ ਸਿੰਗਲਾ, ਅਨੂ ਜੈਨ, ਲੀਜੀ ਗੁਪਤਾ, ਦੀਪਿਕਾ ਗੋਇਲ, ਰਿਤੂ ਜਿੰਦਲ, ਨਿਰਮਲਾ ਸਿੰਗਲਾ, ਤ੍ਰੀਦੇਵ ਗੋਇਲ, ਰਾਜੂ, ਪ੍ਰਿਆ ਗੋਇਲ ਅਤੇ ਹੋਰ ਸ਼ਰਧਾਲੂ ਵੀ ਮੌਜੂਦ ਸਨ।

## ਰਵੀ ਅਰੋੜਾ ਨੂੰ ਯੂਥ ਵਿੰਗ ਦਾ ਬਲਾਕ ਕੋਆਰਡੀਨੇਟਰ ਕੀਤਾ ਨਿਯੁਕਤ

**ਮਾਛੀਵਾੜਾ ਸਾਹਿਬ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਲਕਾ ਸਮਰਾਲਾ ਦੀ ਆਮ ਆਦਮੀ ਪਾਰਟੀ ਦੇ ਯੂਥ ਆਗੂਆਂ ਨੂੰ ਨਵੀਆਂ ਨਿਯੁਕਤੀਆਂ ਨਾਲ ਨਿਵਾਜਦਿਆਂ ਨਵੇਂ ਸਾਲ ਦਾ ਤੋਹਫਾ ਦਿੱਤਾ ਗਿਆ ਹੈ। ਆਮ ਆਦਮੀ ਪਾਰਟੀ ਦੇ ਮੁੱਢਲੇ ਦਿਨਾਂ ਤੋਂ ਪਾਰਟੀ ਲਈ ਤਨਦੇਹੀ ਨਾਲ ਕੰਮ ਕਰਦੇ ਆ ਰਹੇ ਨੌਜਵਾਨ ਆਗੂ ਇੰਦਰਜੀਤ ਸਿੰਘ ਰਵੀ ਅਰੋੜਾ (ਚੱਕੀ ਵਾਲੇ) ਨੂੰ ਯੂਥ ਵਿੰਗ ਦਾ ਬਲਾਕ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।

ਆਪਣੀ ਨਿਯੁਕਤੀ ਤੇ ਖੁਸ਼ੀ ਪ੍ਰਗਟ ਕਰਦਿਆਂ ਇੰਦਰਜੀਤ ਰਾਏ ਵੀ ਅਰੋੜਾ ਨੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਅਤੇ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਦਾ ਉਚੇਤੇ ਤੌਰ ਤੇ ਧੰਨਵਾਦ ਪ੍ਰਗਟ ਕਰਦਿਆਂ ਹਾਈ ਕਮਾਂਡ ਦਾ ਵੀ ਧੰਨਵਾਦ ਪ੍ਰਗਟ ਕੀਤਾ ਜਿਨਾਂ ਉਸ ਨੂੰ ਅਹਿਮ ਜਿੰਮੇਵਾਰੀ ਦੇ ਕੇ ਮਾਣ ਬਖਸ਼ਿਆ ਹੈ। ਉਹਨਾਂ ਕਿਹਾ ਕਿ ਉਹ ਪਾਰਟੀ ਪ੍ਰਤੀ ਪਹਿਲਾਂ ਤੋਂ ਹੀ ਤਨ ਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਦੇ ਜਾ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਪਾਰਟੀ ਦੀ ਹੋਰ ਵਧੇਰੇ ਮਿਹਨਤ ਕਰਨਗੇ। ਇੰਦਰਜੀਤ ਰਵੀ ਅਰੋੜਾ ਦੀ ਨਿਯੁਕਤੀ ਤੇ ਨਗਰ ਕੌਂਸਲ ਪ੍ਰਧਾਨ ਮੋਹਿਤ ਕੰਦੂਰਾ , ਮਾਰਕੀਟ ਕਮੇਟੀ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ,ਪਰਵੀਨ ਮੱਕੜ ,ਜਗਮੀਤ ਸਿੰਘ, ਜੱਗੀ ਮੱਕੜ, ਧਰਮਪਾਲ ਰਾਏ ਸਰਪੰਚ ਚੱਕੀ, ਮੋਹਿਤ ਅਰੋੜਾ ਇੰਗਲੈਂਡ ਵਾ,ਲੇ ਬਲਵਿੰਦਰ ਸਿੰਘ, ਬਲਵਿੰਦਰ ਸਿੰਘ ਰਾਏ ,ਜੋਬਨਪ੍ਰੀਤ ਸਿੰਘ, ਹਰਵਿੰਦਰ ਸਿੰਘ ਕਨੇਡਾ ਵਾਲੇ, ਨਵੂ ਸਿੰਘ, ਸੁਖਚੈਨ ਰਾਏ, ਦਸਵੀਰ ਸਿੰਘ ਗਿੱਲ, ਕਸ਼ਮੀਰ ਸਿੰਘ ਸਰਪੰਚ, ਗੁਰਪ੍ਰੀਤ ਸਿੰਘ ਜੀਵਨਪੁਰ , ਗੁਰਿੰਦਰ ਸਿੰਘ ਨੂਰਪੁਰ, ਗੁਰਪ੍ਰੀਤ ਸਿੰਘ ਲਾਲੀ ਸਰਪੰਚ ਸਮਸ਼ਪੁਰ, ਰਾਕੇਸ਼ ਕੁਮਾਰ, ਗੁਰਵਿੰਦਰ ਸਿੰਘ ਆਦਿ।

## ਬਸਪਾ ਵਿਧਾਇਕ ਡਾਕਟਰ ਨਛੱਤਰਪਾਲ ਨੇ ਰਾਹੋਂ ਸਤਲੁਜ ਦਰਿਆ ਦੇ ਪੁਲ ਦਾ ਮੁੱਦਾ ਵਿਧਾਨ ਸਭਾ ਵਿੱਚ ਉਠਾਇਆ

**ਮਾਛੀਵਾੜਾ ਸਾਹਿਬ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖੰਨਾ ਨਵਾਂ ਸ਼ਹਿਰ ਮਾਰਗ ਤੇ ਸਥਿਤ ਸਤਲੁਜ ਦਰਿਆ ਤੇ ਬਣਿਆ ਪੁਲ ਹਮੇਸ਼ਾ ਚਰਚਾ ਵਿੱਚ ਰਿਹਾ ਹੈ, ਕਦੇ ਨਜਾਇਜ਼ ਮਾਈਨਿੰਗ ਕਰਕੇ ਕਦੇ ਇਸ ਪੁੱਲ ਦੀ ਸਲੈਬ ਧੱਸਣ ਕਰਕੇ।ਬੀਤੇ ਦਿਨੀਂ ਨਵਾਂਸ਼ਹਿਰ ਤੋਂ ਬਹੁਜਨ ਸਮਾਜ ਪਾਰਟੀ ਦੇ ਹਲਕਾ ਵਿਧਾਇਕ ਡਾਕਟਰ ਨਛੱਤਰ ਪਾਲ ਵੱਲੋਂ ਵਿਧਾਨ ਸਭਾ ਵਿੱਚ ਮਨਰੇਗਾ ਕਾਨੂੰਨ ਵਿੱਚ ਕੀਤੇ ਗਏ ਬਦਲਾਅ ਨੂੰ ਲੈ ਕੇ ਬੋਲਦਿਆਂ ਸਤਲੁਜ ਦਰਿਆ ਦਾ ਵੀ ਜ਼ਿਕਰ ਕੀਤਾ।

ਉਹਨਾਂ ਨੇ ਕਿਹਾ ਕਿ ਗਰੀਬ ਮਜ਼ਦੂਰਾਂ ਨਾਲ ਸਰਾਸਰ ਧੱਕਾ ਕੀਤਾ ਜਾ ਰਿਹਾ ਹੈ। ਕੇਂਦਰ ਸਰਕਾਰ ਦੇ ਇਸ ਬਦਲਾਅ ਨਾਲ ਬੇਰੋਜ਼ਗਾਰੀ ਵਿੱਚ ਵਾਧਾ ਹੋਵੇਗਾ। ਗਰੀਬ ਮਜ਼ਦੂਰਾਂ ਉੱਤੇ ਇਸ ਦਾ ਬਹੁਤ ਜਿਆਦਾ ਪ੍ਰਭਾਵ ਪਵੇਗਾ। ਡਾਕਟਰ ਨਛੱਤਰ ਪਾਲ ਨੇ ਦੁਆਬੇ ਅਤੇ ਮਾਲਵੇ ਨੂੰ ਜੋੜਦੇ ਰਾਹੋਂ ਸਤਲੁਜ ਦਰਿਆ ਉੱਪਰ ਬਣੇ ਪੁਲ ਨੂੰ ਲੈ ਕੇ ਵੀ ਵਿਧਾਨ ਸਭਾ ਵਿੱਚ ਮੁੱਦਾ ਚੁੱਕਿਆ ਉਹਨਾਂ ਨੇ ਕਿਹਾ ਕਿ 2006 ਵਿੱਚ 29 ਕਰੋੜ ਦੀ ਲਾਗਤ ਨਾਲ ਬਣੇ ਇਸ ਪੁੱਲ ਦੀਆਂ ਸਲੈਬਾਂ ਹੁਣ ਤੱਕ ਪੰਜ ਵਾਰ ਟੁੱਟ ਚੁੱਕੀਆਂ ਹਨ ਜਿਸ ਦਾ ਅਜੇ ਤੱਕ ਕੋਈ ਵੀ ਠੀਕ ਕਰਨ ਦਾ ਪ੍ਰਬੰਧ ਨਹੀਂ ਕੀਤਾ ਗਿਆ। ਸਤਲੁਜ ਦਰਿਆ ਅੰਦਰ ਹੋ ਰਹੀ ਨਾਜਾਇਜ਼ ਮਾਈਨਿੰਗ ਕਾਰਨ ਸਤਲੁਜ ਉੱਪਰ ਬਣੇ ਪੁਲ ਨੂੰ ਕਦੇ ਵੀ ਖਤਰਾ ਹੋ ਸਕਦਾ ਹੈ ਕਿਉਂਕਿ ਪਾਣੀ ਦਾ ਵਹਾਅ ਜਿਆਦਾ ਹੋਣ ਕਾਰਨ ਸੜਕਾਂ ਵੀ ਰੁੜ ਸਕਦੀਆਂ ਹਨ। ਉਹਨਾਂ ਨੇ ਕਿਹਾ ਕਿ ਪੁਲ ਬਣਾਉਣ ਵਾਲੀ ਕੰਪਨੀ ਖਿਲਾਫ ਸਖ਼ਤ ਤੋਂ ਸਖਤ ਬਣਦੀ ਕਾਰਵਾਈ ਕੀਤੀ ਜਾਵੇ।

ਇਸ ਤੋਂ ਇਲਾਵਾ ਉਹਨਾਂ ਨੇ ਵਿਧਾਨ ਸਭਾ ਵਿੱਚ ਆਮ ਲੋਕਾਂ ਜੋ ਲਾਲ ਲਕੀਰ ਅੰਦਰ ਬੈਠੇ ਹਨ ਉਹਨਾਂ ਨੂੰ ਮਾਲਿਕਾਨਾ ਹੱਕ ਦੇਣ ਦੀ ਗੱਲ ਕੀਤੀ। ਉਹਨਾਂ ਨੇ ਕਿਹਾ ਕਿ ÷ਮੇਰਾ ਘਰ ਮੇਰੇ ਨਾਮ÷ ਲਾਲ ਲਕੀਰ ਵਾਲੇ ਘਰਾਂ ਦਾ ਡਰੋਨ ਰਾਹੀਂ ਕੀਤੇ ਜਾ ਰਹੇ ਸਰਵੇ ਦੌਰਾਨ ਮੈਪ ਬਣਾਇਆ ਜਾ ਰਿਹਾ ਹੈ ਜਿਸ ਦਾ ਸਮਾਂ 90 ਦਿਨ ਤੋਂ ਘਟਾ ਕੇ 60 ਦਿਨ ਕੀਤਾ ਗਿਆ ਅਤੇ ਜਿਹੜੀ ਇਹਦੀ ਅਪੀਲ ਹੁੰਦੀ ਸੀ ਉਹ 60 ਦਿਨ ਤੋਂ ਘਟਾ ਕੇ 30 ਦਿਨ ਕੀਤੀ ਗਈ ਹੈ ਉਹ ਇੱਕ ਸ਼ਲਾਂਘਾ ਯੋਗ ਕਦਮ ਹੈ। ਜਿਹੜੇ ਲੋਕ ਲੰਬੇ ਸਮੇਂ ਤੋਂ ਲਾਲ ਲਕੀਰ ਦੇ ਅੰਦਰ ਆਪਣੇ ਮਾਲਿਕਾਨਾ ਹੱਕ ਨੂੰ ਲੈ ਕੇ ਬੈਠੇ ਹਨ ਇਸ ਸਕੀਮ ਨਾਲ ਉਹਨਾਂ ਨੂੰ ਮਾਲਿਕਾਨਾ ਹੱਕ ਮਿਲ ਜਾਵੇਗਾ ਅਤੇ ਇਹ ਸਰਕਾਰ ਦਾ ਬਹੁਤ ਵੱਡਾ ਉਪਰਾਲਾ ਹੈ। ਪਿਛਲੇ ਲੰਬੇ ਸਮੇਂ ਤੋਂ ਲੋਕ ਜਿਹੜੇ ਸਰਕਾਰੀ ਜਾਂ ਸਾਂਝੀਆਂ ਸ਼ਾਮਲਾਟਾਂ ਤੇ ਆਪਣਾ ਘਰ ਬਣਾ ਕੇ ਰਹਿ ਰਹੇ ਹਨ ਉਹਨਾਂ ਉੱਤੇ ਹਮੇਸ਼ਾ ਪ੍ਰਸ਼ਾਸਨ ਦੀ ਤਲਵਾਰ ਲਟਕ ਦੀ ਰਹਿੰਦੀ ਹੈ। ਇਹਨਾਂ ਲੋਕਾਂ ਨੂੰ ਵੀ ਮਾਲਿਕਾਨਾ ਹੱਕ ਦੇਣਾ ਚਾਹੀਦਾ ਹੈ ਇਹੋ ਜਿਹਾ ਕੋਈ ਪ੍ਰੋਵੀਜ਼ਨ ਸਰਕਾਰ ਨੂੰ ਬਣਾਉਣਾ ਚਾਹੀਦਾ ਹੈ। ਬਸਪਾ ਵਿਧਾਇਕ ਵੱਲੋਂ ਸ਼ਹੀਦੀ ਸਲਾਨਾ ਸਭਾ ਦੌਰਾਨ ਰਾਹੋਂ ਤੋਂ ਮਾਛੀਵਾੜਾ ਸਾਹਿਬ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਪੈਦਲ ਯਾਤਰਾ ਦਾ ਵੀ ਵਿਧਾਨ ਸਭਾ ਵਿੱਚ ਜਿਕਰ ਕੀਤਾ । ਉਹਨਾਂ ਨੇ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਭੁੱਲਣਾ ਨਹੀਂ ਚਾਹੀਦਾ ਹੈ। ਉਹਨਾਂ ਕਿਹਾ ਕਿ ਗਰੀਬ ਵਰਗਾਂ ਲਈ ਬਣਾਏ ਗਏ ਕਾਨੂੰਨਾਂ ਵਿੱਚ ਵਾਰ-ਵਾਰ ਸੋਧ ਕਰਕੇ ਗਰੀਬਾਂ ਨੂੰ ਉਹਨਾਂ ਦੇ ਹੱਕ ਤੋਂ ਵਿਰਵਿਆ ਕਰਨਾ ਸਰਾਸਰ ਧੱਕਾ ਹੈ ਤੇ ਬਹੁਜਨ ਸਮਾਜ ਗਰੀਬ ਵਰਗ ਦੇ ਹਮੇਸ਼ਾ ਨਾਲ ਖੜ੍ਹੀ ਹੈ। ਹਲਕਾ ਨਵਾਂ ਸ਼ਹਿਰ ਦੇ ਨਾਂ ਨਾਲ ਪੰਜਾਬ ਭਰ ਦੇ ਵੋਟਰਾਂ ਵੱਲੋਂ ਵਿਧਾਨ ਸਭਾ ਵਿੱਚ ਵਿਧਾਇਕ ਡਾਕਟਰ ਨਛੱਤਰਪਾਲ ਵੱਲੋਂ ਉਠਾਏ ਇਹਨਾਂ ਮੁੱਦਿਆਂ ਤੇ ਉਹਨਾਂ ਦੀ ਭਰਪੂਰ ਪ੍ਰਸ਼ੰਸ਼ਾ ਕੀਤੀ ਜਾਰੀ ਹੈ।

## ਆਵਾਜਾਈ ਸੁਰੱਖਿਆ, ਪੀੜਤਾਂ ਦੀ ਮਦਦ ਕਰਨ ਲਈ ਡਰਾਈਵਰਾਂ, ਕੰਡਕਟਰਾਂ ਨੂੰ ਉਤਸ਼ਾਹਿਤ ਕੀਤਾ



**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿੱਚ ਸ਼ੁਰੂ ਹੋਏ ਰਾਸ਼ਟਰੀ ਆਵਾਜਾਈ ਸੁਰੱਖਿਆ ਜਾਗਰੂਕਤਾ ਮਹੀਨੇ ਦੇ ਸਬੰਧ ਵਿੱਚ ਪਟਿਆਲੇ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਪੀ ਆਰ ਟੀ ਸੀ ਟ੍ਰੇਨਿੰਗ ਸਕੂਲ ਵਿਖੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਡਰਾਈਵਰਾਂ, ਕੰਡਕਟਰਾਂ ਅਤੇ ਟੈਕਨੀਕਲ ਸਟਾਫ਼ ਨੂੰ, ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਦੇ ਇੰਸਪੈਕਟਰ ਸਰਬਜੀਤ ਕੌਰ ਅਤੇ ਏ ਐਸ ਆਈ ਰਾਮ ਸਰਨ ਨੇ ਸੜਕਾਂ ਤੇ ਵੱਧ ਰਹੇ ਹਾਦਸਿਆਂ ਅਤੇ ਮੌਤਾਂ ਨੂੰ ਰੋਕਣ ਲਈ ਸਾਨੂੰ ਸਾਰਿਆਂ ਨੂੰ ਆਵਾਜਾਈ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ ਸਬਰ ਸ਼ਾਂਤੀ ਦੀ ਪਾਲਣਾ ਕਰਕੇ ਆਪਣੇ ਅਤੇ ਦੂਜਿਆਂ ਦੇ ਬਚਾਅ ਲਈ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਨੇ ਦੱਸਿਆ ਕਿ ਚੋਕਾਂ ਵਿੱਚ ਲਾਲ ਬੱਤੀ ਦੀ ਉਲੰਘਣਾ, ਲਿੰਕ ਜਾਂ ਛੋਟੀ ਸੜਕ ਤੋਂ ਵੱਡੀ ਸੜਕ ਤੇ ਚੜਣ ਜਾਂ ਦੂਜੇ ਤੋਂ ਅੱਗੇ ਲੰਘਣ ਸਮੇਂ, ਅਤੇ ਨਸ਼ਿਆਂ ਦੀ ਵਰਤੋਂ ਕਰਕੇ, ਅਕਸਰ ਕਾਹਲੀ, ਤੇਜ਼ੀ, ਲਾਪਰਵਾਹੀਆਂ ਕਾਰਨ ਹਾਦਸੇ ਹੋ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਨੈਸ਼ਨਲ ਹਾਈ ਵੇ ਤੇ ਗੱਡੀਆਂ ਦੀ ਸਪੀਡ 80-90 ਕਿਲੋਮੀਟਰ ਪ੍ਰਤੀ ਘੰਟਾ, ਸਟੇਟ ਹਾਈਵੇ ਤੇ 50-60, ਸ਼ਹਿਰ ਦੀਆਂ ਸੜਕਾਂ ਤੇ ਸਪੀਡ 30-40 ਅਤੇ ਗਲੀਆਂ, ਪੁਲ, ਅੰਡਰ ਪਾਸ, ਮੋੜ, ਸਿਖਿਆ ਸੰਸਥਾਵਾਂ, ਧਾਰਮਿਕ ਸਥਾਨਾਂ ਕੋਲ ਗੱਡੀਆਂ ਦੀ ਸਪੀਡ 15-20 ਕਿਲੋਮੀਟਰ ਪ੍ਰਤੀ ਘੰਟਾ ਰਖਕੇ ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਬਚਾਉ ਕਰ ਸਕਦੇ ਹਾਂ। ਉਨ੍ਹਾਂ ਨੇ 112/108/101 ਅਤੇ ਨੈਸ਼ਨਲ ਹਾਈਵੇ ਤੇ 1033 ਹੈਲਪ ਲਾਈਨ ਨੰਬਰਾਂ ਦੀ ਵਰਤੋਂ ਬਾਰੇ ਟ੍ਰੇਨਿੰਗ ਦਿੱਤੀ। ਫਸਟ ਏਡ, ਸੇਫਟੀ, ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਸ਼੍ਰੀ ਕਾਕਾ ਰਾਮ ਵਰਮਾ ਨੇ ਜ਼ਖ਼ਮੀਆਂ ਦੀ ਫਸਟ ਏਡ, ਸੀ ਪੀ ਆਰ, ਰਿਕਵਰੀ ਪੁਜੀਸ਼ਨ, ਵੈਂਟੀਲੈਟਰ ਬਨਾਉਟੀ ਸਾਹ ਕਿਰਿਆ, ਤੋਂ ਇਲਾਵਾ ਅੰਦਰੂਨੀ ਰਤਵਾਹ ਬੰਦ ਨਾ ਕਰਨਾ, ਪਰ ਸ਼ਰੀਰ ਦੇ ਅੰਗਾਂ ਵਿਚੋਂ ਨਿਕਲ ਰਹੇ ਖ਼ੂਨ ਨੂੰ ਬੰਦ ਕਰਨ, ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਪੀੜਤਾਂ ਦੀਆਂ ਜਾਨਾਂ ਬਚਾਉਣ ਵਾਲੇ ਮਦਦਗਾਰ ਫ਼ਰਿਸ਼ਤਿਆਂ ਨੂੰ ਡੀ ਬੀ ਜੀ ਸੰਸਥਾ ਵਲੋਂ ਹਰ ਮਹੀਨੇ ਸਨਮਾਨਿਤ ਕੀਤਾ ਜਾਂਦਾ ਹੈ।

ਕੈਂਪ ਇੰਚਾਰਜ ਇੰਸ. ਕ੍ਰਿਸ਼ਨ ਪਾਲ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਸੀਨੀਅਰ ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਪਟਿਆਲਾ ਵਿਖੇ ਪੀ ਆਰ ਟੀ ਸੀ ਦੇ ਸਾਰੇ ਡਿਪੂਆਂ ਤੋਂ 20/30 ਡਰਾਈਵਰ, ਕੰਡਕਟਰ ਆਦਿ ਟ੍ਰੇਨਿੰਗ ਲੈਣ ਆਉਂਦੇ ਹਨ, ਜਿਨ੍ਹਾਂ ਨੂੰ ਫਸਟ ਏਡ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ ਬਾਰੇ ਸ਼੍ਰੀ ਕਾਕਾ ਰਾਮ ਵਰਮਾ, ਆਵਾਜਾਈ ਸੇਫਟੀ ਲਈ ਪੰਜਾਬ ਪੁਲਿਸ ਦੇ ਅਫਸਰਾਂ ਰਾਹੀਂ ਜਾਣਕਾਰੀ ਦਿੱਤੀ ਜਾਂਦੀ ਹੈ। ਉਨ੍ਹਾਂ ਨੇ ਬੇਨਤੀ ਕੀਤੀ ਕਿ ਕੈਦੀਆਂ ਜਾਂ ਅਪਾਹਜਾਂ ਵਾਂਗ ਰਹਿਣ ਦੀ ਥਾਂ, ਆਵਾਜਾਈ ਨਿਯਮਾਂ, ਕਾਨੂੰਨਾਂ, ਅਸੂਲਾਂ ਫਰਜ਼ਾਂ ਦੀ ਪਾਲਣਾ ਕਰਕੇ, ਪਰਿਵਾਰਾਂ ਸਮੇਤ ਹਮੇਸ਼ਾ ਸਿਹਤਮੰਦ, ਸੁਰਖਿਅਤ, ਖੁਸ਼ਹਾਲ ਰਹਿਣਾ ਵੱਧ ਲਾਭਦਾਇਕ ਹੈ।

## ਨਵੇਂ ਸਾਲ ਦੀ ਸ਼ੁਰੂਆਤ ਮੌਕੇ ਨੌਜਵਾਨਾਂ ਵੱਲੋਂ ਨਸ਼ਿਆਂ ਵਿਰੁੱਧ ਲਾਮਬੰਦ ਹੋਣ ਦਾ ਪ੍ਰਣ ਲੈਣਾ ਸ਼ਲਾਘਾਯੋਗ ਉਪਰਾਲਾ

**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਪੰਜਾਬ ਰੈੱਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਜ਼ਿਲ੍ਹਾ ਪੁਨਰਵਾਸ ਕੇਂਦਰ, ਪੰਜਾਬ ਸਾਕੇਤ ਹਸਪਤਾਲ ਪਟਿਆਲਾ ਵੱਲੋਂ ਇੰਡੀਅਨ ਰੈਡ ਕਰਾਸ ਸੁਸਾਇਟੀ ਪੰਜਾਬ ਸਟੇਟ ਬ੍ਰਾਂਚ ਚੰਡੀਗੜ੍ਹ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਸਾਬਕਾ ਆਈ ਏ ਐਸ ਅਧਿਕਾਰੀ ਦੀ ਸਰਪ੍ਰਸਤੀ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਪੰਜਾਬ ਰੈਡ ਕਰਾਸ ਜ਼ਿਲ੍ਹਾ ਪੁਨਰਵਾਸ ਕੇਂਦਰ ਪੰਜਾਬ ਸਾਕੇਤ ਹਸਪਤਾਲ ਪਟਿਆਲਾ ਦੇ ਪ੍ਰੋਜੈਕਟ ਡਾਇਰੈਕਟਰ ਗਵਰਨਰ ਐਵਾਰਡੀ ਪਰਮਿੰਦਰ ਕੌਰ ਮਨਚੰਦਾ ਦੀ ਅਗਵਾਈ ਹੇਠ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੋਸਲਿਗ ਸੈਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸਤੀਸ਼ ਕੁਮਾਰ ਗੋਇਲ ਪ੍ਰਿੰਸੀਪਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਨਿਊ ਪਾਵਰ ਹਾਊਸ ਕਲੋਨੀ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਇਸ ਮੌਕੇ ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਵਿਸ਼ੇਸ਼ ਤੌਰ ਤੇ ਪੰਜਾਬ ਰੈਡ ਕਰਾਸ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰ ਦੇ ਕੌਂਸਲਰ ਪਰਮਿੰਦਰ ਕੌਰ ਵਰਮਾ, ਰਣਜੀਤ ਕੌਰ ਕੌਂਸਲਰ,ਕੌਂਸਲਰ , ਗੁਰਮੀਤ ਸਿੰਘ ਪੀਅਰ ਐਜੂਕੇਟਰ ਤੋਂ ਇਲਾਵਾ ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਬ੍ਰਹਮਜੋਤ ਸਿੰਘ ਲਾਅ ਵਿਦਿਆਰਥੀ ਓ ਪੀ ਜਿੰਦਲ ਗੋਲਬਲ ਯੂਨੀਵਰਸਿਟੀ ਸੋਨੀਪਤ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਨੌਜਵਾਨਾਂ ਵੱਲੋਂ ਨਵੇਂ ਸਾਲ ਦੀ ਸ਼ੁਰੂਆਤ ਮੌਕੇ ਨਸ਼ਿਆਂ ਵਿਰੁੱਧ ਲਾਮਬੰਦ ਹੋਣ ਦਾ ਪ੍ਰਣ ਲੈਣਾ ਸ਼ਲਾਘਾਯੋਗ ਉਪਰਾਲਾ ਹੈ।

ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਪੁਨਰਵਾਸ ਕੇਂਦਰ ਵੱਲੋਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੜੀਵਾਰ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਤਾ ਜੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ।ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਵਿੱਚ ਪਬਲਿਕ ਅਤੇ ਨੌਜਵਾਨਾਂ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਪੰਜਾਬ ਨੂੰ ਨਸ਼ਾ ਮੁਕਤ ਪੰਜਾਬ ਬਣਾ ਸਕਾਂਗੇ। ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ ਨੇ ਨੌਜਵਾਨਾਂ ਨੂੰ ਡਰੱਗ ਫਰੀ ਵਲੱਡ ਕੈਲੀਫੋਰਨੀਆ ਅਮਰੀਕਾ ਵੱਲੋਂ ਕਿਤਾਬਾਂ ਵੰਡੀਆਂ ਗਈਆਂ।

# ਸਿਹਤ ਲਈ ਲਾਭਦਾਇਕ ਹੈ ਐਲੋਵੀਰਾ



**ਐਲੋਵੀਰਾ ਆਪਣੇ ਐਂਟੀ ਬੈਕਟੀਰੀਅਲ, ਐਂਟੀ ਫੰਗਲ ਕਾਰਨ ਸੜੇ ਹੋਏ ਅੰਗ ਜਾਂ ਸੱਟ ਨੂੰ ਠੀਕ ਕਰ ਦਿੰਦੀ ਹੈ...**

ਐਲੋਵੀਰਾ ਜਿੰਨਾ ਸਾਡੀ ਸਿਹਤ ਲਈ ਫ਼ਾਇਦੇਮੰਦ ਹੈ ਓਨਾ ਹੀ ਵਾਲ਼ਾਂ 'ਤੇ ਚਿਹਰੇ ਲਈ ਵੀ ਗੁਣਕਾਰੀ ਹੈ। ਇਸ ਵਿਚ ਐਮੀਨੋ ਐਸਿਡ ਤੇ 12 ਵਿਟਾਮਿਨ ਭਰਪੂਰ ਮਾਤਰਾ 'ਚ ਪਾਏ ਜਾਂਦੇ ਹਨ। ਇਸ ਦੇ ਸੇਵਨ ਨਾਲ ਖ਼ੂਨ ਦੀ ਘਾਟ ਨੂੰ ਵੀ ਪੂਰਾ ਕੀਤਾ ਜਾ ਸਕਦਾ ਹੈ। ਆਓ ਜਾਣਦੇ ਹਾਂ ਇਸ ਦੇ ਫ਼ਾਇਦੇ :

### ਸੱਟ ਤੋਂ ਦੇਵੇ ਆਰਾਮ

ਐਲੋਵੀਰਾ ਆਪਣੇ ਐਂਟੀ ਬੈਕਟੀਰੀਅਲ ਤੇ ਐਂਟੀ ਫੰਗਲ ਗੁਣਾਂ ਕਾਰਨ ਸਰੀਰ ਦੇ ਕਿਸੇ ਵੀ ਸੜੇ ਹੋਏ ਅੰਗ ਜਾਂ ਸੱਟ ਨੂੰ ਬਹੁਤ ਜਲਦੀ ਠੀਕ ਕਰ ਦਿੰਦੀ ਹੈ। ਸੜੇ ਹੋਏ ਹਿੱਸੇ ਅਤੇ ਸੱਟ ਉੱਪਰ ਇਸ ਦੀ ਜੈੱਲ ਨੂੰ ਲਗਾਉਣ ਨਾਲ ਆਰਾਮ ਮਿਲਦਾ ਹੈ। ਸੱਟ ਲੱਗਣ ਤੋਂ ਤੁਰੰਤ ਬਾਅਦ ਇਸ ਦਾ ਜ਼ਖ਼ਮਾਂ ਉੱਪਰ ਇਸਤੇਮਾਲ ਕਰਨ ਨਾਲ ਜ਼ਖ਼ਮ ਛੇਤੀ ਠੀਕ ਹੋ ਜਾਂਦੇ ਹਨ।

### ਭਾਰ ਘੱਟ ਕਰੇ

ਜੇ ਤੁਹਾਡਾ ਭਾਰ ਵੱਧ ਰਿਹਾ ਹੈ ਅਤੇ ਇਸ ਕਾਰਨ ਤੁਸੀਂ ਹਰ ਸਮੇਂ ਥਕਾਵਟ ਤੇ ਸੁਸਤੀ ਮਹਿਸੂਸ ਕਰ ਰਹੇ ਹੋ ਤਾਂ ਐਲੋਵੀਰਾ ਦੇ ਜੂਸ ਦਾ ਸੇਵਨ ਕਰੋ। ਇਸ ਦੇ ਰੋਜ਼ਾਨਾ ਸੇਵਨ ਨਾਲ ਐਨਰਜੀ ਵੀ ਮਿਲਦੀ ਹੈ ਅਤੇ ਵਧਦਾ ਹੋਇਆ ਭਾਰ ਵੀ ਘੱਟ ਹੋ ਜਾਂਦਾ ਹੈ।

### ਪਾਚਨ ਕਿਰਿਆ

ਐਲੋਵੀਰਾ ਦਾ ਜੂਸ ਪੀਣ ਨਾਲ ਪੇਟ ਦੇ ਕਈ ਰੋਗਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਐਲੋਵੀਰਾ ਦਾ ਜੂਸ ਸਾਡੀ ਪਾਚਨ ਕਿਰਿਆ ਨੂੰ ਮਜ਼ਬੂਤ ਕਰਦਾ ਹੈ। ਇਸ ਦਾ ਰੋਜ਼ਾਨਾ ਸੇਵਨ ਕਰਨ ਨਾਲ ਕਬਜ਼ ਵਰਗੀਆਂ ਤਕਲੀਫ਼ਾਂ ਤੋਂ ਵੀ ਛੁਟਕਾਰਾ ਪਾਇਆ ਜਾ ਸਕਦਾ ਹੈ। ਪੇਟ 'ਚ ਪੈਦਾ ਹੋਣ ਵਾਲੇ ਅਲਸਰ ਵੀ ਠੀਕ ਹੋ ਜਾਂਦੇ ਹਨ।

### ਦਿਲ ਦੀਆਂ ਬਿਮਾਰੀਆਂ

ਐਲੋਵੀਰਾ ਸਰੀਰ ਵਿਚ ਖ਼ੂਨ ਦੀ ਮਾਤਰਾ ਨੂੰ ਵਧਾਉਂਦੀ ਹੈ। ਇਹ ਹਾਈ ਪ੍ਰੈਸ਼ਰ ਨੂੰ ਵੀ ਕੰਟਰੋਲ ਕਰਦੀ ਹੈ, ਜਿਸ ਨਾਲ ਹਾਰਟ ਅਟੈਕ ਦਾ ਖ਼ਤਰਾ ਕਾਫ਼ੀ ਘੱਟ ਜਾਂਦਾ ਹੈ।

### ਵਾਲਾਂ ਦੀ ਸਮੱਸਿਆ

ਵਾਲਾਂ ਨੂੰ ਸਿਹਤਮੰਦ ਰੱਖਣ 'ਚ ਐਲੋਵੀਰਾ ਬਹੁਤ ਹੀ ਚਮਤਕਾਰੀ ਗੁਣ ਰੱਖਦੀ ਹੈ। ਵਾਲਾਂ ਸਬੰਧੀ ਜਿੰਨੀਆਂ ਵੀ ਸਮੱਸਿਆਵਾਂ ਹਨ, ਉਨ੍ਹਾਂ ਨੂੰ ਐਲੋਵੀਰਾ ਦੀ ਮਦਦ ਨਾਲ ਦੂਰ ਕੀਤਾ ਜਾ ਸਕਦਾ ਹੈ, ਜਿਵੇਂ-ਵਾਲਾਂ ਦਾ ਝੜਨਾ, ਖ਼ੁਸ਼ਕੇ ਵਾਲ, ਵਾਲਾਂ 'ਚ ਡੈਂਡਰਫ ਜਾਂ ਸਿੱਕਰੀ ਪੈਦਾ ਹੋ ਜਾਣ 'ਤੇ ਹਫ਼ਤੇ ਵਿਚ ਦੋ ਵਾਰ ਐਲੋਵੀਰਾ ਦਾ ਜੂਸ ਕੱਢ ਕੇ ਨਾਰੀਅਲ ਤੇਲ 'ਚ ਮਿਲਾ ਕੇ ਸ਼ੈਂਪੂ ਕਰਨ ਨਾਲ ਵਾਲ ਚਮਕਦਾਰ ਤੇ ਮਜ਼ਬੂਤ ਹੁੰਦੇ ਹਨ।

### ਮਸੂੜਿਆਂ ਦੀਆਂ ਸਮੱਸਿਆਵਾਂ

ਮੂੰਹ, ਮਸੂੜੇ ਤੇ ਦੰਦਾਂ ਸਬੰਧੀ ਰੋਗਾਂ ਤੋਂ ਛੁਟਕਾਰਾ ਪਾਉਣ ਲਈ ਐਲੋਵੀਰਾ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਦੀ ਵਰਤੋਂ ਕਰਨ ਨਾਲ ਮਸੂੜਿਆਂ 'ਚੋਂ ਖ਼ੂਨ ਨਿਕਲਣਾ (ਪਾਇਰੀਆ) ਬੰਦ ਹੋ ਜਾਂਦਾ ਹੈ ਤੇ ਨਾਲ ਹੀ ਮੂੰਹ ਦੇ ਛਾਲਿਆਂ (ਮਾਊਥ ਅਲਸਰ) ਤੋਂ ਵੀ ਛੁਟਕਾਰਾ ਪਾਇਆ ਜਾ ਸਕਦਾ ਹੈ। •



# ਫ਼ਾਇਦੇਮੰਦ ਹੈ ਪਿੱਪਲ ਦਾ ਰੁੱਖ



ਪਿੱਪਲ ਦਾ ਰੁੱਖ ਪੂਰੇ ਭਾਰਤ ਵਿਚ ਆਮ ਪਾਇਆ ਜਾਂਦਾ ਹੈ। ਇਸ ਰੁੱਖ ਦੀ ਜਿੱਥੇ ਧਾਰਮਿਕ ਮਹੱਤਤਾ ਹੈ, ਉੱਥੇ ਆਯੁਰਵੇਦਿਕ ਇਲਾਜ ਪ੍ਰਣਾਲੀ ਵਿਚ ਵੀ ਇਸ ਦੀ ਖ਼ਾਸ ਅਹਿਮੀਅਤ ਹੈ। ਇਸ ਰੁੱਖ ਦੇ ਗੁਣਕਾਰੀ ਹਿੱਸਿਆਂ ਨਾਲ ਕਈ ਬਿਮਾਰੀਆਂ ਨੂੰ ਠੀਕ ਕੀਤਾ ਜਾ ਸਕਦਾ ਹੈ ਜਿਵੇਂ-ਨਾੜਾਂ ਦਾ ਦਰਦ, ਨਾੜਾਂ 'ਤੇ ਸੋਜ, ਗੋਨੋਰੀਆ (ਸੋਜ਼ਾਕ), ਚਿਹਰੇ ਦੀਆਂ ਝੁਰੜੀਆਂ ਆਦਿ ਸਮੱਸਿਆਵਾਂ ਨੂੰ ਦੂਰ ਕੀਤਾ ਜਾ ਸਕਦਾ ਹੈ।

### ਦੱਦਰੀ ਤੇ ਖਾਰਿਸ਼ 'ਚ ਲਾਭਕਾਰੀ

ਪਿੱਪਲ ਦੇ 4-5 ਕੋਮਲ ਤੇ ਨਰਮ ਪੱਤੇ ਲਓ ਤੇ ਇਸ ਦੇ ਛਿਲਕੇ ਦਾ ਕਾੜ੍ਹਾ ਬਣਾ ਕੇ ਅੱਧਾ ਕੱਪ ਪੀਣ ਨਾਲ ਦੱਦਰੀਆਂ (ਰਿੰਗ ਵਰਮਜ਼) ਅਤੇ ਖਾਰਿਸ਼ (ਸਕੈਬੀਜ਼) ਆਦਿ ਤੋਂ ਆਰਾਮ ਮਿਲਦਾ ਹੈ।

### ਝੁਰੜੀਆਂ

ਪਿੱਪਲ ਦੀਆਂ ਜੜ੍ਹਾਂ 'ਚ ਐਂਟੀਆਕਸੀਡੈਂਟ ਸਭ ਤੋਂ ਜ਼ਿਆਦਾ ਹੁੰਦੇ ਹਨ। ਪਿੱਪਲ ਦੀਆਂ ਤਾਜ਼ੀਆਂ ਜੜ੍ਹਾਂ ਨੂੰ ਸਿਰੇ ਤੋਂ ਕੱਟ ਕੇ ਪਾਣੀ 'ਚ ਡੋਬ ਕੇ ਪੀਸ ਲਵੋ ਤੇ ਇਸ ਦਾ ਪੇਸਟ ਬਣਾ ਕੇ ਚਿਹਰੇ 'ਤੇ ਲਗਾਉਣ ਨਾਲ ਝੁਰੜੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

### ਦੰਦਾਂ ਨੂੰ ਰੱਖੇ ਮਜ਼ਬੂਤ

10 ਗ੍ਰਾਮ ਪਿੱਪਲ ਦਾ ਛਿਲਕਾ ਅਤੇ 2 ਗ੍ਰਾਮ ਕਾਲੀਆਂ ਮਿਰਚਾਂ ਨੂੰ ਬਾਰੀਕ ਪੀਸ ਕੇ ਪਾਊਡਰ ਬਣਾ ਲਓ ਤੇ ਇਸ ਦਾ ਟੁੱਥ-ਪੇਸਟ ਬਣਾ ਕੇ ਦੰਦਾਂ ਲਈ ਇਸਤੇਮਾਲ ਕਰੋ। ਇਸ ਨਾਲ ਦੰਦਾਂ ਦਾ ਹਿਲਣਾ, ਸੋਜਿਸ਼, ਮੂੰਹ ਦੀ ਬਦਬੂ ਆਦਿ ਸਮੱਸਿਆਵਾਂ ਤੋਂ ਛੁਟਕਾਰਾ ਮਿਲੇਗਾ।

### ਪਾਟੀਆਂ ਹੋਈਆਂ ਬਿਆਈਆਂ

ਫ਼ਟੀਆਂ ਹੋਈਆਂ ਅੱਡੀਆਂ ਜਾਂ ਬਿਆਈਆਂ ਉੱਪਰ ਪਿੱਪਲ ਦੇ ਪੱਤਿਆਂ 'ਚੋਂ ਦੁੱਧ ਕੱਢ ਕੇ ਲਗਾਉਣ ਨਾਲ ਕੁਝ ਹੀ ਦਿਨਾਂ ਵਿਚ ਅੱਡੀਆਂ ਦਾ ਫ਼ਟਣਾ ਠੀਕ ਹੋ ਜਾਂਦਾ ਹੈ ਅਤੇ ਇਹ ਨਰਮ ਰਹਿੰਦੀਆਂ ਹਨ।

### ਜ਼ਖ਼ਮਾਂ ਤੋਂ ਆਰਾਮ

ਪਿੱਪਲ ਦੇ ਤਾਜ਼ੇ ਪੱਤਿਆਂ ਨੂੰ ਗਰਮ ਕਰ ਕੇ ਜ਼ਖ਼ਮਾਂ 'ਤੇ ਲਗਾਉਣ ਨਾਲ ਜ਼ਖ਼ਮ ਜਲਦੀ ਠੀਕ ਹੋ ਜਾਂਦੇ ਹਨ। ਜ਼ਿਆਦਾ ਡੂੰਘਾ ਜ਼ਖ਼ਮ ਵੀ ਇਸ ਦੀਆਂ ਪੱਤੀਆਂ ਨਾਲ ਠੀਕ ਹੋ ਜਾਂਦਾ ਹੈ।

### ਦਮੇ ਤੋਂ ਛੁਟਕਾਰਾ

ਪਿੱਪਲ ਦੇ ਛਿਲਕੇ ਦਾ ਅੰਦਰੂਨੀ ਹਿੱਸਾ ਵੱਖ ਕਰ ਕੇ ਇਸ ਨੂੰ ਸੁਕਾ ਲਓ ਤੇ ਇਸ ਨੂੰ ਪੀਸ ਕੇ ਚੂਰਨ ਬਣਾ ਲਵੋ।

### ਜ਼ੁਕਾਮ ਤੋਂ ਛੁਟਕਾਰਾ

ਪਿੱਪਲ ਦੇ ਪੱਤਿਆਂ ਨੂੰ ਚੰਗੀ ਤਰ੍ਹਾਂ ਸੁਕਾ ਕੇ ਉਨ੍ਹਾਂ ਨੂੰ ਪੀਸ ਲਵੋ। ਅੱਧਾ ਲਿਟਰ ਪਾਣੀ ਵਿਚ ਇਕ ਚਮਚ ਇਨ੍ਹਾਂ ਪੱਤਿਆਂ ਦਾ ਪਾਊਡਰ ਪਾ ਕੇ ਕਾੜ੍ਹਾ ਬਣਾ ਲਵੋ। ਇਸ ਕਾੜ੍ਹੇ 'ਚ ਪੀਸੀ ਹੋਈ ਮਿਸ਼ਰੀ ਮਿਲਾ ਕੇ ਕੋਸਾ-ਕੋਸਾ ਪਾਣੀ ਪੀਣ ਨਾਲ ਜ਼ੁਕਾਮ ਦੀ ਸਮੱਸਿਆ ਤੋਂ ਰਾਹਤ ਮਿਲਦੀ ਹੈ।

### ਪੇਟ ਦੀਆਂ ਸਮੱਸਿਆਵਾਂ

ਪੇਟ ਗੈਸ, ਕਬਜ਼ ਆਦਿ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਪਿੱਪਲ ਦੇ ਪੱਤਿਆਂ ਦਾ ਰਸ ਕੱਢ ਕੇ ਪੀਣਾ ਬੇਹੱਦ ਲਾਭਦਾਇਕ ਰਹਿੰਦਾ ਹੈ। •



# ਬੇਹੱਦ ਗੁਣਕਾਰੀ ਹੈ ਨਿੰਮ

**ਪੁਰਾਤਨ ਸਮਿਆਂ ਵਿਚ ਲੋਕ ਸਾਦਾ ਜੀਵਨ ਬਤੀਤ ਕਰਦੇ ਸਨ। ਉਸ ਸਮੇਂ ਟੁੱਥ-ਪੇਸਟ ਨਹੀਂ ਸਨ। ਉਹ ਦੰਦਾਂ ਦੀ ਸਫ਼ਾਈ ਲਈ ਰੁੱਖਾਂ ਦੀਆਂ ਟਾਹਣੀਆਂ ਆਦਿ ਦੀ ਵਰਤੋਂ ਕਰਦੇ ਸਨ, ਜਿਸ ਨੂੰ ਅਸੀਂ 'ਦਾਤਣ' ਆਖਦੇ ਹਾਂ...**

ਇਸ਼ਟ ਪਾਲ ਵਿੱਕੀ

ਨਿੰਮ ਦਾ ਰੁੱਖ ਭਾਰਤ ਦੇ ਹਰ ਹਿੱਸੇ ਵਿਚ ਆਸਾਨੀ ਨਾਲ ਮਿਲ ਜਾਂਦਾ ਹੈ। ਇਸ ਰੁੱਖ ਦੀਆਂ ਟਾਹਣੀਆਂ, ਪੱਤੇ, ਫੁੱਲ ਅਤੇ ਫਲ ਬਹੁਤ ਸਾਰੇ ਔਸ਼ਧੀ ਗੁਣਾਂ ਨਾਲ ਭਰਪੂਰ ਹਨ। ਆਪਣੇ ਐਂਟੀਸੈਪਟਿਕ ਗੁਣਾਂ ਕਾਰਨ ਇਹ ਸਾਨੂੰ ਕਈ ਬਿਮਰੀਆਂ ਤੋਂ ਬਚਾਉਂਦੇ ਹਨ।

ਪੁਰਾਤਨ ਸਮਿਆਂ ਵਿਚ ਲੋਕ ਸਾਦਾ ਜੀਵਨ ਬਤੀਤ ਕਰਦੇ ਸਨ। ਉਸ ਸਮੇਂ ਟੁੱਥ-ਪੇਸਟ ਨਹੀਂ ਸਨ। ਉਹ ਦੰਦਾਂ ਦੀ ਸਫ਼ਾਈ ਲਈ ਰੁੱਖਾਂ ਦੀਆਂ ਟਾਹਣੀਆਂ ਆਦਿ ਦੀ ਵਰਤੋਂ ਕਰਦੇ ਸਨ, ਜਿਸ ਨੂੰ ਅਸੀਂ 'ਦਾਤਣ' ਆਖਦੇ ਹਾਂ। ਇਨ੍ਹਾਂ ਰੁੱਖਾਂ ਵਿੱਚੋਂ ਨਿੰਮ ਦਾ ਰੁੱਖ ਬਹੁਤ ਲਾਭਕਾਰੀ ਮੰਨਿਆ ਜਾਂਦਾ ਹੈ। ਇਸ 'ਚ ਪਾਏ ਜਾਂਦੇ ਗੁਣ ਸ਼ਾਇਦ ਹੀ ਕਿਸੇ ਹੋਰ ਰੁੱਖ ਵਿਚ ਹੋਣ। ਦੰਦਾਂ ਨੂੰ ਪੀਲੇ ਨਾ ਹੋਣ ਦੇਣਾ, ਕਿਸੇ ਤਰ੍ਹਾਂ ਦਾ ਕੀੜਾ ਆਦਿ ਨਾ ਲੱਗਣਾ, ਤੱਤੇ-ਠੰਢੇ ਦੰਦਾਂ (ਸੈਂਸਟੀਵਿਟੀ), ਮੂੰਹ ਦੀ ਬਦਬੂ ਨੂੰ ਦੂਰ ਕਰਨ ਦਾ ਗੁਣ ਕੁਦਰਤ ਨੇ ਨਿੰਮ ਦੇ ਰੁੱਖ ਨੂੰ ਦਿੱਤਾ ਹੈ। ਪਹਿਲੇ ਸਮਿਆਂ ਵਿਚ ਲੋਕ ਇਸ ਦੀ ਵਰਤੋਂ ਕਰ ਕੇ ਦੰਦਾਂ ਦੀ ਸੰਭਾਲ ਕਰਦੇ ਸਨ ਪਰ ਅੱਜ ਅਸੀਂ ਇਸ ਦੀ ਵਰਤੋਂ ਨਹੀਂ ਕਰ ਰਹੇ। ਇਹ ਸਸਤਾ ਸਾਧਨ ਹੈ ਤੇ-ਟੁੱਥ ਪੇਸਟਾਂ ਨਾਲੋਂ ਲਾਭਕਾਰੀ ਵੀ ਹੈ। ਅਸੀਂ ਵੇਖਦੇ ਹਾਂ ਕਿ ਅੱਜ ਕਈ ਟੁੱਥ ਪੇਸਟਾਂ 'ਚ ਨਿੰਮ ਪਾਈ ਜਾਂਦੀ ਹੈ। ਜੇ ਅਸੀਂ ਟੁੱਥ-ਪੇਸਟ ਦੀ ਤਾਂ ਨਿੰਮ ਦੀ ਦਾਤਣ ਦੀ ਵਰਤੋਂ ਕਰੀਏ ਤਾਂ ਇਹ ਸਭ ਤੋਂ ਬਿਹਤਰ ਹੋਵੇਗਾ। ਨਿੰਮ ਦਾ ਪ੍ਰਯੋਗ ਬੱਚੇ ਤੋਂ ਬੁੱਢੇ ਤਕ ਕੋਈ ਵੀ ਕਰ ਸਕਦਾ ਹੈ।

### ਖ਼ੂਨ ਸੋਧਕ ਗੁਣ

ਸਾਨੂੰ ਸਭ ਨੂੰ ਪਤਾ ਹੈ ਕਿ ਕਈ ਦਵਾਈਆਂ ਵਿਚ ਨਿੰਮ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਗੁਣਕਾਰੀ ਤੇ ਸਸਤਾ ਸਾਧਨ ਸਾਡੇ ਘਰਾਂ ਦੇ ਆਸ-ਪਾਸ ਹੈ ਪਰ ਕੋਈ ਇਸ ਦਾ ਲਾਭ ਨਹੀਂ ਲੈਂਦਾ।

ਨਿੰਮ ਕਈ ਅਜਿਹੀਆਂ ਬਿਮਾਰੀਆਂ ਨੂੰ ਵੀ ਠੀਕ ਕਰ ਦਿੰਦੀ ਹੈ ਜੋ ਐਲੋਪੈਥੀ ਜਾਂ ਕਿਸੇ ਹੋਰ ਇਲਾਜ ਵਿਧੀ ਨਾਲ ਜਲਦੀ ਠੀਕ ਨਹੀਂ ਹੁੰਦੀਆਂ। ਸਵੇਰ ਸਮੇਂ ਖ਼ਾਲੀ ਪੇਟ ਨਿੰਮ ਦੇ 2-3 ਪੱਤੇ ਖਾਣ ਨਾਲ ਸਾਡਾ ਖ਼ੂਨ ਸਾਫ਼ ਹੁੰਦਾ ਹੈ ਤੇ ਸਾਡੇ ਚਿਹਰੇ 'ਤੇ ਰੰਗਤ ਆਉਂਦੀ ਹੈ। ਚਿਹਰੇ ਤੋਂ ਕਿੱਲ-ਛਾਈਆਂ ਕੁੱਝ ਹੀ ਦਿਨਾਂ ਵਿਚ ਸਾਫ਼ ਹੋਣ ਲੱਗਦੇ ਹਨ।

### ਗ੍ਰੰਥੀਆਂ ਦੇ ਰੋਗਾਂ 'ਚ ਲਾਭਕਾਰੀ

ਨਿੰਮ ਦੇ ਪੱਤਿਆਂ ਦਾ ਸੇਵਨ ਕਰਨ ਨਾਲ ਸਰੀਰ 'ਚ ਮੌਜੂਦ ਗ੍ਰੰਥੀਆਂ ਜਾਂ ਗਲੈਂਡਜ਼ ਨਾਲ ਸਬੰਧ ਕਈ ਰੋਗ ਠੀਕ ਹੁੰਦੇ ਹਨ। ਇਨ੍ਹਾਂ ਵਿੱਚੋਂ ਇਕ ਗ੍ਰੰਥੀ ਨੂੰ ਅਸੀਂ ਥਾਇਰਾਇਡ ਗਲੈਂਡ ਆਖਦੇ ਹਾਂ। ਨਿੰਮ ਦੀ ਵਰਤੋਂ ਨਾਲ ਥਾਇਰਾਇਡ ਗ੍ਰੰਥੀ ਸਬੰਧੀ ਕਈ ਤਕਲੀਫ਼ਾਂ ਠੀਕ ਹੁੰਦੀਆਂ ਹਨ।

ਨਿੰਮ ਸਾਡੇ ਸਰੀਰ 'ਚ ਮੌਜੂਦ ਤੇਜ਼ਾਬ ਤੇ ਹੋਰ ਕਈ ਤਰ੍ਹਾਂ ਦੇ ਫਾਲਤੂ ਪਦਾਰਥਾਂ ਨੂੰ ਬਾਹਰ ਕੱਢ ਦਿੰਦੀ ਹੈ। ਸ਼ੂਗਰ ਦੇ ਰੋਗੀਆਂ ਲਈ ਵੀ ਇਹ ਬਹੁਤ ਲਾਭਕਾਰੀ ਹੈ। ਸਵੇਰੇ ਖ਼ਾਲੀ ਪੇਟ 10 ਕੁ ਪੱਤਿਆਂ ਨੂੰ ਪਾਣੀ ਵਿਚ ਚੰਗੀ ਤਰਾਂ ਉਬਾਲ ਕੇ ਪਾਣੀ ਨੂੰ ਪੀਣ ਨਾਲ ਪੇਟ ਸਾਫ਼ ਰਹਿੰਦਾ ਹੈ ਅਤੇ ਕਈ ਹੋਰ ਲਾਭ ਪ੍ਰਾਪਤ ਹੁੰਦੇ ਹਨ।

### ਚਿਹਰੇ ਨੂੰ ਰੱਖੇ ਸਾਫ਼

ਨਿੰਮ ਦੇ ਕਾਫ਼ੀ ਸਾਰੇ ਪੱਤਿਆਂ ਨੂੰ ਉਬਾਲ ਕੇ ਉਸ ਪਾਣੀ ਨਾਲ ਨਹਾਇਆ ਵੀ ਜਾ ਸਕਦਾ ਹੈ। ਇਸ ਨਾਲ ਚਮੜੀ ਦੇ ਬਹੁਤ ਸਾਰੇ ਰੋਗਾਂ ਤੋਂ ਛੁਟਕਾਰਾ ਮਿਲਦਾ ਹੈ। ਚਮੜੀ ਉੱਪਰ ਹੁੰਦੀ ਖਾਰਿਸ਼ ਮਿੰਟਾਂ 'ਚ ਦੂਰ ਹੋ ਜਾਂਦੀ ਹੈ।

ਇਸ ਪਾਣੀ ਨਾਲ ਅਸੀਂ ਆਪਣੀਆਂ ਅੱਖਾਂ ਨੂੰ ਧੋ ਸਕਦੇ ਹਾਂ ਜਿਸ ਨਾਲ ਅੱਖਾਂ 'ਚ ਹੁੰਦੀ ਖਾਰਿਸ਼, ਜਲਣ ਆਦਿ ਠੀਕ ਹੋ ਜਾਂਦੀ ਹੈ। ਥੋੜ੍ਹੇ ਜਿਹੇ ਰੂੰ ਨਾਲ ਇਸ ਪਾਣੀ ਨੂੰ ਦਿਨ ਵਿਚ ਇਕ-ਦੋ ਵਾਰ ਮੂੰਹ ਉੱਪਰ ਲਗਾਓ ਤੇ ਚਿਹਰੇ ਨੂੰ ਸੁੱਕਣ ਦਿਓ। ਇਕ ਘੰਟੇ ਬਾਅਦ ਮੂੰਹ ਨੂੰ ਤਾਜ਼ੇ ਪਾਣੀ ਨਾਲ ਧੋ ਲਵੋ। ਚਿਹਰਾ ਚੰਗੀ ਤਰ੍ਹਾਂ ਸਾਫ਼ ਤੇ ਕੀਟਾਣੂ ਰਹਿਤ ਹੋ ਜਾਂਦਾ ਹੈ।

### ਦਰਦ ਨਿਵਾਰਕ ਗੁਣ

ਗੋਡੇ ਅਤੇ ਜੋੜਾਂ ਦੇ ਦਰਦਾਂ ਲਈ ਵੀ ਨਿੰਮ ਦੀ ਵਰਤੋਂ ਕੀਤੀ ਜਾ ਸਕਦੀ ਹੈ। ਨਿੰਮ ਦੇ 30 ਤਾਜ਼ੇ ਪੱਤੇ ਅਤੇ 30 ਮਾਮਰੀ ਬਦਾਮ ਗਿਰੀਆਂ (ਜਿਸ 'ਚ ਤੇਲ ਬਹੁਤ ਜ਼ਿਆਦਾ ਹੁੰਦਾ ਹੈ) ਨਾਲ ਦਰਦ ਨਿਵਾਰਕ ਪੇਸਟ ਤਿਆਰ ਕੀਤੀ ਜਾ ਸਕਦੀ ਹੈ। ਪੱਤਿਆਂ ਨੂੰ ਚੰਗੀ ਤਰ੍ਹਾਂ ਧੋ ਕਿ 15 ਤੋਂ 20 ਮਿੰਟ ਪੱਖੇ ਥੱਲੇ ਸੁਕਾ ਲਵੋ।



ਹੁਣ ਦੋਹਾਂ ਨੂੰ ਮਿਕਸੀ ਵਿਚ ਚੰਗੀ ਤਰ੍ਹਾਂ ਰਗੜ ਕੇ ਪੇਸਟ ਬਣਾ ਲਵੋ। ਇਸ ਪੇਸਟ ਦੀਆਂ 30 ਗੋਲੀਆਂ ਵੱਟ ਲਵੋ। ਰਾਤ ਨੂੰ ਸੌਣ ਤੋਂ ਪਹਿਲਾਂ ਇਕ ਗੋਲੀ ਕੋਸੇ ਪਾਣੀ ਨਾਲ ਲਵੋ। ਕੁੱਝ ਹੀ ਦਿਨਾਂ 'ਚ ਗੋਡਿਆਂ ਤੇ ਜੋੜਾਂ ਦੀ ਦਰਦ ਠੀਕ ਹੋ ਜਾਵੇਗੀ। ਗੋਡੇ ਬਦਲਾਉਣ (ਨੀ-ਰਿਪਲੇਸਮੈਂਟ) ਦੀ ਲੋੜ ਨਹੀਂ ਪਵੇਗੀ।

ਜੇ ਨਿੰਮ ਆਸਾਨੀ ਨਾਲ ਸਾਡੇ ਆਲੇ-ਦੁਆਲੇ ਮੌਜੂਦ ਹੈ ਤਾਂ ਕਿਉ ਨਾ ਇਸ ਸਸਤੇ ਸਾਧਨ ਨੂੰ ਅਪਣਾਇਆ ਜਾਵੇ ਤੇ ਆਪਣੀ ਕਮਾਈ ਨੂੰ ਬਚਾਉਣ ਦੇ ਨਾਲ ਸਿਹਤਮੰਦ ਵੀ ਰਿਹਾ ਜਾਵੇ। ਇਸ ਲਈ ਨਿੰਮ ਦੀ ਜ਼ਿਆਦਾ ਵਰਤੋਂ ਕਰਨੀ ਚਾਹੀਦੀ ਹੈ।

• 98725-65003

### ਫ਼ਾਇਦੇਮੰਦ ਹੈ ਨਿੰਮ ਦਾ ਤੇਲ

ਬਾਜ਼ਾਰ ਵਿਚ ਇਸ ਨਿੰਮ ਦਾ ਤੇਲ ਵੀ ਆਸਾਨੀ ਨਾਲ ਮਿਲ ਜਾਂਦਾ ਹੈ। ਇਸ ਤੇਲ ਦਾ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਨਿੰਮ ਦੇ ਤੇਲ 'ਚ ਪਾਇਆ ਜਾਣ ਵਾਲਾ ਵਿਟਾਮਿਨ-ਈ ਚਮੜੀ ਲਈ ਬੇਹੱਦ ਫ਼ਾਇਦੇਮੰਦ ਹੈ। ਇਸ ਦੀ ਵਰਤੋਂ ਨਾਲ ਅਸੀ ਆਪਣੇ ਮੂੰਹ ਨੂੰ ਫਿੰਸੀਆਂ ਆਦਿ ਤੋ ਬਚਾ ਸਕਦੇ ਹਾਂ। ਰਾਤ ਨੂੰ ਸੌਣ ਸਮੇਂ ਇਸ ਤੇਲ ਨੂੰ ਆਪਣੇ ਮੂੰਹ 'ਤੇ ਲਗਾਓ ਤੇ ਸਵੇਰੇ ਨਹਾਉਣ ਵੇਲੇ ਇਸ ਨੂੰ ਸਾਫ਼ ਕਰ ਲਵੋ। ਇਸ ਤੇਲ ਦੀਆ ਰੋਜ਼ਾਨਾ 3 ਤੋਂ 4 ਬੂੰਦਾਂ ਪੀਣ ਨਾਲ ਜ਼ੁਕਾਮ, ਛਾਤੀ ਦੇ ਰੋਗ ਆਦਿ ਠੀਕ ਹੋ ਜਾਂਦੇ ਹਨ। ਬਾਜ਼ਾਰ ਵਿਚੋਂ ਲਈਆਂ ਕਰੀਮਾਂ ਜਾਂ ਕੈਪਸੂਲਾਂ ਆਦਿ ਦੀ ਵਰਤੋਂ ਘੱਟ ਕੀਤੀ ਜਾਵੇ। ਇਨ੍ਹਾਂ ਵਿਚ ਨਿੰਮ ਤਾਂ ਮੌਜੂਦ ਹੁੰਦੀ ਹੈ ਪਰ ਬਹੁਤ ਘੱਟ ਮਾਤਰਾ ਵਿਚ। ਹੋਰ ਤਾਂ ਹੋਰ ਕਈ ਸਾਬਣਾਂ ਵਿਚ ਵੀ ਨਿੰਮ ਆਦਿ ਪਾਈ ਜਾਂਦੀ ਹੈ। ਨਿੰਮ ਦੀਆਂ ਪੱਤੀਆਂ ਦਾ ਰਸ ਪੀਣ ਨਾਲ ਖ਼ੂਨ ਸਾਫ਼ ਹੁੰਦਾ ਹੈ। ਇਹ ਬੇਸ਼ਕ ਕੌੜਾ ਹੁੰਦਾ ਹੈ ਪਰ ਉਸ ਦੇ ਸੇਵਨ ਨਾਲ ਸਾਡੀ ਸਿਹਤ ਨੂੰ ਬਹੁਤ ਲਾਭ ਮਿਲਦਾ ਹੈ। ਨਿੰਮ ਨੂੰ ਸ਼ਹਿਦ 'ਚ ਮਿਲਾ ਕੈ ਪੀਣ ਨਾਲ ਪੀਲੀਆ ਰੋਗ ਤੋਂ ਨਿਜਾਤ ਪਾਈ ਜਾ ਸਕਦੀ ਹੈ। ਕਾਲੀ ਮਿਰਚ ਨਾਲ ਨਿੰਮ ਦੀ ਵਰਤੋਂ ਕਰਨ 'ਤੇ ਜ਼ੁਕਾਮ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

**ਨਿੱਕੇ-ਨਿੱਕੇ ਬੱਚਿਆਂ ਨੂੰ ਵੀ ਐਗਜ਼ੀਮਾ ਹੋ ਰਿਹਾ ਹੈ। ਦੁਨੀਆ ਦੇ ਕਿਸੇ ਵੀ ਦੇਸ਼ ਵਿਚ ਇਸ ਦਾ ਪੱਕਾ ਇਲਾਜ ਨਹੀਂ ਹੈ। ਘਰੇਲੂ ਸਮੱਗਰੀ ਦੀ ਵਰਤੋਂ ਕਰ ਕੇ ਅਸੀਂ ਐਗਜ਼ੀਮਾ ਅਤੇ ਚਮੜੀ ਦੇ ਹੋਰਨਾਂ ਰੋਗਾਂ ਤੋਂ ਛੁਟਕਾਰਾ ਪਾ ਸਕਦੇ ਹਾਂ...**

# ਐਗਜ਼ੀਮਾ ਤੇ ਚਮੜੀ ਰੋਗਾਂ ਦਾ ਖ਼ੁਦ ਕਰੋ ਇਲਾਜ

ਨਿਰਮਲ ਸਿੰਘ ਕਾਹਲੋਂ

ਦੁਨੀਆ ਭਰ 'ਚ ਲਗਪਗ 30 ਕਰੋੜ ਅਤੇ ਭਾਰਤ ਵਿਚ ਲਗਪਗ 2.5 ਕਰੋੜ ਵਿਅਕਤੀ ਐਗਜ਼ੀਮਾ (ਚਮੜੀ ਦਾ ਇਕ ਰੋਗ/ਦੱਦਰੀਆਂ) ਤੋਂ ਪੀੜਤ ਹਨ। ਨਿੱਕੇ-ਨਿੱਕੇ ਬੱਚਿਆਂ ਨੂੰ ਵੀ ਐਗਜ਼ੀਮਾ ਹੋ ਰਿਹਾ ਹੈ। ਦੁਨੀਆ ਦੇ ਕਿਸੇ ਵੀ ਦੇਸ਼ ਵਿਚ ਇਸ ਦਾ ਪੱਕਾ ਇਲਾਜ ਨਹੀਂ ਹੈ। ਘਰੇਲੂ ਸਮਗਰੀ ਵਰਤੋਂ ਕਰ ਕੇ ਅਸੀਂ ਐਗਜ਼ੀਮਾ ਅਤੇ ਚਮੜੀ ਦੇ ਹੋਰਨਾਂ ਰੋਗਾਂ ਤੋਂ ਛੁਟਕਾਰਾ ਪਾ ਸਕਦੇ ਹਾਂ। ਆਯੁਰਵੇਦਿਕ ਗੁਣਾਂ ਕਾਰਨ ਸਰੀਰ ਉੱਤੇ ਇਸ ਦਵਾਈ ਦਾ ਮਾੜਾ ਅਸਰ ਨਹੀਂ ਪੈਂਦਾ। ਰੋਗੀ ਆਪ ਦਵਾਈ ਬਣਾ ਕੇ ਇਸਤੇਮਾਲ ਕਰ ਸਕਦਾ ਹੈ।

### ਦਵਾਈ ਤਿਆਰ ਕਰਨ ਦੀ ਵਿਧੀ

**• ਫਟਕੜੀ ਵਾਲੀ ਕਰੀਮ**

ਦੋ ਚਮਚ ਘਿਓ ਵਿਚ ਕੱਚੀ ਫਟਕੜੀ ਦਾ ਬਾਰੀਕ ਪਾਊਡਰ ਇਕ ਚਮਚ ਮਿਲਾ ਲਓ।

**• ਫਿਨਾਇਲ ਵਾਲੀ ਕਰੀਮ**

ਤਿਲਾਂ ਦਾ ਤੇਲ 250 ਮਿਲੀਲਿਟਰ, ਫਿਨਾਈਲ (ਕਾਲੇ ਰੰਗ ਦੀ ਫਰਸ਼ ਸਾਫ਼ ਕਰਨ ਵਾਲੀ/ਨੈਪਥੇਲੀਨ) 10 ਮਿਲੀਲਿਟਰ, ਡਿਟੋਲ 5 ਮਿਲੀਲਿਟਰ, ਚਿੱਟੀ ਮੋਮ (ਮੋਮਬੱਤੀ) 40 ਗ੍ਰਾਮ। ਤੇਲ ਅਤੇ ਮੋਮ ਨੂੰ ਬਰਤਨ ਵਿਚ ਪਾ ਕੇ ਮੱਠੀ ਅੱਗ ਉੱਤੇ ਗਰਮ ਕਰੋ। ਮੋਮ ਪਿਗਲ ਜਾਏ ਤਾਂ ਥੋੜ੍ਹਾ ਠੰਡਾ ਕਰ ਕੇ ਫਿਨਾਈਲ ਅਤੇ ਡਿਟੋਲ ਪਾ ਕੇ ਖੁੱਲ੍ਹੇ ਮੂੰਹ ਵਾਲੀ ਸ਼ੀਸ਼ੀ ਵਿਚ ਪਾ ਲਓ।

**• ਫਿਨਾਈਲ ਵਾਲਾ ਤੇਲ**

250 ਗ੍ਰਾਮ ਸਰ੍ਹੋਂ ਦੇ ਤੇਲ ਵਿਚ 10 ਮਿਲੀਲਿਟਰ ਫਿਨਾਈਲ ਅਤੇ 5 ਮਿਲੀਲਿਟਰ ਡਿਟੋਲ ਪਾਓ। ਦਵਾਈ ਤਿਆਰ ਹੈ। ਉਕਤ ਦਵਾਈਆਂ ਵਿੱਚੋਂ ਕਿਸੇ ਵੀ ਇਕ ਦਵਾਈ ਦੀ ਐਗਜ਼ੀਮਾ ਦੀ ਰੋਕਥਾਮ ਲਈ ਵਰਤੋਂ ਕਰੋ।

### ਵਰਤੋਂ

ਇਸ ਤਰ੍ਹਾਂ ਤੇਲ ਦੀ ਮਾਲਿਸ਼ ਕਰ ਸਕਦੇ ਹੋ। ਐਗਜ਼ੀਮਾ ਕਾਰਨ ਹੋਏ ਜ਼ਖ਼ਮਾਂ ਉੱਤੇ ਦਿਨ ਵਿਚ 2 ਤੋਂ 3 ਵਾਰੀ ਲਗਾਓ। ਇਸ ਨਾਲ ਦਰਦ ਵੀ ਘੱਟ ਜਾਏਗਾ ਤੇ ਖ਼ੂਨ ਬੰਦ ਹੋ ਕੇ ਕੁੱਝ ਹੀ ਦਿਨਾਂ ਵਿਚ ਐਗਜ਼ੀਮਾ ਰੋਗ ਖ਼ਤਮ ਹੋ ਜਾਵੇਗਾ।



**• ਐਗਜ਼ੀਮਾ ਦੋ ਪ੍ਰਕਾਰ ਦਾ ਹੈ- ਖ਼ੁਸ਼ਕ ਅਤੇ ਤਰ।**

**• ਖ਼ੁਸ਼ਕ ਐਗਜ਼ੀਮਾ**

ਇਹ ਰੋਗ ਲੱਤਾਂ ਅਤੇ ਬਾਂਹਾਂ ਉੱਤੇ ਜ਼ਿਆਦਾ ਹੁੰਦਾ ਹੈ। ਇਸ ਵਿਚ ਪ੍ਰਭਾਵਿਤ ਚਮੜੀ ਕਾਲੀ ਹੋ ਜਾਂਦੀ ਹੈ ਤੇ ਤਿੱਖੀ ਖਾਰਿਸ਼ ਹੁੰਦੀ ਹੈ। ਇਸ ਉੱਤੇ ਹਰ ਰੋਜ਼ ਇਕ ਦਿਨ ਵਿਚ 2-3 ਵਾਰੀ ਉਕਤ ਦਵਾਈਆਂ ਵਿਚੋਂ ਕੋਈ ਇਕ ਦਵਾਈ ਲਗਾਓਣ ਨਾਲ ਖਾਰਿਸ਼ ਖ਼ਤਮ ਹੋ ਕੇ ਕੁੱਝ ਹੀ ਦਿਨਾਂ ਵਿਚ ਰੋਗ ਠੀਕ ਹੋ ਜਾਵੇਗਾ।

**• ਤਰ ਐਗਜ਼ੀਮਾ**

ਇਹ ਰੋਗ ਲੱਤਾਂ, ਬਾਹਾਂ ਅਤੇ ਸਰੀਰ ਦੇ ਪਿੱਛਲੇ ਹਿੱਸਿਆਂ ਉੱਤੇ ਜ਼ਿਆਦਾ ਹੁੰਦਾ ਹੈ। ਇਸ ਕਾਰਨ ਉਸ ਥਾਂ 'ਤੇ ਸੋਜ ਪੈ ਜਾਂਦੀ ਹੈ। ਜ਼ਖ਼ਮਾਂ ਵਿੱਚੋਂ ਮਿੱਝ, ਖ਼ੂਨ ਤੇ ਪੀਕ ਨਿਕਲ ਸਕਦੀ ਹੈ। ਤਿੱਖੀ ਖ਼ਾਰਿਸ਼ ਵੀ ਹੁੰਦੀ ਹੈ। ਇਸ ਉੱਤੇ ਦਿਨ ਵਿਚ 2 ਤੋਂ 3 ਵਾਰੀ ਫਿਨਾਈਲ ਵਾਲਾ ਤੇਲ ਜਾਂ ਕਰੀਮ ਲਗਾਉਣ ਨਾਲ ਜ਼ਖ਼ਮਾਂ ਵਿੱਚੋਂ ਪਾਣੀ ਨਿਕਲੇਗਾ। ਖਾਰਿਸ਼ ਅਤੇ ਦਰਦ ਖ਼ਤਮ ਹੋ ਕੇ ਇਕ ਮਹੀਨੇ ਵਿਚ ਰੋਗ ਠੀਕ ਹੋ ਜਾਵੇਗਾ।



**• ਦੱਦਰੀਆਂ**

ਦੱਦਰੀਆਂ ਉੱਤੇ ਫਿਨਾਈਲ ਜਾਂ ਫਟਕੜੀ ਵਾਲੇ ਤੇਲ ਜਾਂ ਕਰੀਮ ਦੀ ਰੋਜ਼ਾਨਾ 2 ਤੋਂ 3 ਵਾਰ ਵਰਤੋਂ ਕਰਨ ਨਾਲ ਖ਼ਾਰਿਸ਼ ਹੋਣੀ ਬੰਦ ਹੋ ਕੇ ਕੁੱਝ ਹੀ ਦਿਨਾਂ ਵਿਚ ਦੱਦਰੀਆਂ ਖ਼ਤਮ ਹੋ ਜਾਣਗੀਆਂ।

**• ਪੈਰਾਂ ਦੀਆਂ ਅੱਡੀਆਂ ਫੱਟਣਾ**

ਫਟਕੜੀ ਵਾਲੀ ਕਰੀਮ ਰੋਜ਼ਾਨਾ ਦਿਨ ਵਿਚ 2 ਤੋਂ 3 ਵਾਰੀ ਅੱਡੀਆਂ ਉੱਤੇ ਲਗਾਓ। ਪਾਟੀਆਂ ਹੋਈਆਂ ਅੱਡੀਆਂ ਕਾਰਨ ਹੋਣ ਵਾਲੀ ਦਰਦ ਵੀ ਠੀਕ ਹੋਵੇਗੀ ਤੇ ਅੱਡੀਆਂ ਦਾ ਫ਼ਟਣਾ ਵੀ ਬੰਦ ਹੋ ਕੇ ਇਹ ਨਰਮ ਤੇ ਮੁਲਾਇਮ ਬਣਨਗੀਆਂ।

**• ਹੱਥਾਂ ਦਾ ਫੱਟਣਾ**

ਕਈ ਔਰਤਾਂ ਦੇ ਹੱਥ ਫਟ ਜਾਂਦੇ ਹਨ ਅਤੇ ਦਰਦ ਹੁੰਦੀ ਹੈ। ਦਿਨ ਵਿਚ 2-3 ਵਾਰੀ ਫਿਨਾਈਲ ਜਾਂ ਫਟਕੜੀ ਵਾਲੀ ਕਰੀਮ ਨਾਲ ਹੱਥਾਂ ਨੂੰ ਚੋਪੜਣ ਨਾਲ ਕੁੱਝ ਹੀ ਦਿਨਾਂ ਵਿਚ ਆਰਾਮ ਆ ਜਾਏਗਾ।

**• ਦਵਾਈ ਦੀ ਵਰਤੋਂ**

ਜ਼ਖ਼ਮ ਨੂੰ ਫਿਨਾਈਲ ਵਾਲੇ ਤੇਲ ਜਾਂ ਕਰੀਮ ਨਾਲ ਚੋਪੜ ਕੇ ਪੱਟੀ ਬੰਨੋ। ਦਰਦ ਖ਼ਤਮ ਹੋ ਕੇ ਖ਼ੂਨ ਵਗਣਾ ਵੀ ਬੰਦ ਹੋ ਜਾਵੇਗਾ। ਰੋਜ਼ਾਨਾ ਦਿਨ ਵਿਚ 2-3 ਵਾਰੀ ਥੋੜ੍ਹਾ-ਥੋੜ੍ਹਾ ਫਿਨਾਈਲ ਵਾਲਾ ਤੇਲ ਪੱਟੀ ਉੱਤੇ ਪਾਓ। ਕੁੱਝ ਹੀ ਦਿਨਾਂ ਵਿਚ ਜ਼ਖ਼ਮ ਠੀਕ ਹੋ ਜਾਏਗਾ। ਜ਼ਖ਼ਮ ਠੀਕ ਹੋ ਜਾਣ 'ਤੇ ਪੱਟੀ ਖੋਲ੍ਹ ਦਿਓ।

**• ਖਾਰਿਸ਼**

ਜੇ ਉਕਤ ਦਵਾਈਆਂ ਨਾਲ ਖਾਰਿਸ਼ ਠੀਕ ਨਾ ਹੋਏ ਤਾਂ ਸਮਝੋ ਖ਼ੂਨ ਵਿਚ ਖ਼ਰਾਬੀ ਹੈ। ਹਰ ਹਫ਼ਤੇ ਛੋਲਿਆਂ ਦੇ ਦਾਣੇ ਜਿੰਨੀ ਰਸੌਂਤ ਜਾਂ ਹਰ ਰੋਜ਼ ਇਕ ਚਮਚ ਤ੍ਰਿਫਲਾ ਚੂਰਨ ਪਾਣੀ ਨਾਲ ਸੇਵਨ ਕਰਨ 'ਤੇ 6 ਮਹੀਨੇ ਵਿਚ ਖ਼ੂਨ ਸਾਫ਼ ਹੋ ਜਾਏਗਾ। ਐਗਜ਼ੀਮੇ ਉੱਤੇ ਪੱਟੀ ਬਣਨ ਦੀ ਲੋੜ ਨਹੀਂ ਹੈ। ਚਿਹਰੇ ਉੱਤੇ ਐਗਜ਼ੀਮਾਂ ਹੋਵੇ ਤਾਂ ਫਟਕੜੀ ਵਾਲੀ ਕਰੀਮ ਦੀ ਵਰਤੋਂ ਕਰੋ।

**• ਧੁੱਪ ਦਾ ਸਾੜ**

ਗਰਮੀ ਦੇ ਮੌਸਮ ਵਿਚ ਕਈ ਲੋਕਾਂ ਨੂੰ ਇਕ ਜਾਂ ਦੋਹਾਂ ਬਾਹਾਂ ਉੱਤੇ ਪਹਿਲਾਂ ਪਿੱਤ ਨਿਕਲ ਆਉਂਦੀ ਹੈ ਤੇ ਫਿਰ ਬਾਂਹ ਲਾਲ ਹੋ ਜਾਂਦੀ ਹੈ। ਧੁੱਪ ਦਾ ਸਾੜ ਗੱਲਾਂ ਉੱਤੇ ਵੀ ਨਿਕਲ ਆਉਂਦਾ ਹੈ। ਇਸ ਦਾ ਡਾਕਟਰੀ ਇਲਾਜ ਹਰ ਸਾਲ ਗਰਮੀਆਂ ਦੇ ਸੀਜ਼ਨ ਵਿਚ ਕਰਨਾ ਪੈਂਦਾ ਹੈ।

• 88729-46618

# ਪੇਟ ਦੀ ਚਰਬੀ ਤੋਂ ਰਾਹਤ

ਵਧਦਾ ਹੋਇਆ ਮੋਟਾਪਾ ਜਿੰਨਾ ਬੁਰਾ ਲਗਦਾ ਹੈ ਓਨ੍ਹਾਂ ਦੀ ਸਾਡੇ ਸਰੀਰ 'ਤੇ ਮਾੜਾ ਅਸਰ ਵੀ ਪਾਉਂਦਾ ਹੈ ਕਿਉਂਕਿ ਮੋਟਾਪੇ ਕਾਰਨ ਕਈ ਬਿਮਾਰੀਆਂ ਹੋਣ ਦਾ ਖ਼ਤਰਾ ਰਹਿੰਦਾ ਹੈ। ਜਦੋਂ ਮੋਟਾਪਾ ਪੂਰੀ ਤਰ੍ਹਾਂ ਆਪਣੇ ਹਾਵ-ਭਾਵ ਦਿਖਾ ਦਿੰਦਾ ਹੈ ਤਾਂ ਅਸੀਂ ਇਸ ਦੀ ਰੋਕਥਾਮ ਲਈ ਦਵਾਈਆ ਦਾ ਸਹਾਰਾ ਲੈਂਦੇ ਹਾਂ, ਜੋ ਸਿਹਤ ਲਈ ਹੋਰ ਵੀ ਜ਼ਿਆਦਾ ਹਾਨੀਕਾਰਕ ਸਿੱਧ ਹੁੰਦੀਆਂ ਹਨ। ਆਓ ਜਾਣਦੇ ਹਾਂ ਕਿ ਵੱਧ ਰਹੀ ਚਰਬੀ ਨੂੰ ਕਿਸ ਤਰ੍ਹਾਂ ਕੰਟਰੋਲ 'ਚ ਕੀਤਾ ਜਾਵੇ



### ਜ਼ਿਆਦਾ ਪਾਣੀ ਪੀਓ

ਜੇ ਤੁਹਾਡੀ ਸਮੱਸਿਆ ਵੀ ਮੋਟਾਪਾ ਹੈ ਤਾਂ ਪਾਣੀ ਦਾ ਸੇਵਨ ਵੱਧ ਤੋਂ ਵੱਧ ਕਰਨਾ ਚਾਹੀਦਾ ਹੈ। ਸੋਡਾ ਜਾਂ ਵਜ਼ਨ ਘਟਾਉਣ ਵਾਲੇ ਪਦਾਰਥਾਂ ਤੋਂ ਪਰਹੇਜ ਕਰਨਾ ਚਾਹੀਦਾ ਹੈ।

### ਪੂਰੀ ਨੀਂਦ ਲਵੋ

ਆਪਣੇ ਸੌਂਣ ਦਾ ਤਰੀਕਾ ਸਹੀ ਕਰੋ। ਕਿਉਂਕਿ ਨੀਂਦ ਦਾ ਪੂਰਾ ਨਾ ਹੋਣਾ ਵੀ ਵੱਧ ਰਹੇ ਵਜ਼ਨ ਦਾ ਇਕ ਵੱਡਾ ਕਾਰਨ ਹੋ ਸਕਦਾ ਹੈ। ਹਰ ਰੋਜ਼ ਅੱਠ ਘੰਟਿਆਂ ਦੀ ਨੀਂਦ ਲੈਣੀ ਬੇਹੱਦ ਲਾਜ਼ਮੀ ਹੈ।

### ਹਰੀਆਂ ਸਬਜ਼ੀਆਂ

ਮੋਟਾਪੇ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਹਰੀਆਂ ਸਬਜ਼ੀਆਂ ਦਾ ਸੇਵਨ ਕਰਨਾ ਚਾਹੀਦਾ ਹੈ ਤੇ ਜੰਕ ਫੂਡ ਦਾ ਸੇਵਨ ਬਿਲਕੁਲ ਵੀ ਨਹੀਂ ਕਰਨਾ ਚਾਹੀਦਾ। ਵਧੇਰੇ ਤੇਲ ਅਤੇ ਘਿਓ ਵਾਲੇ ਪਦਾਰਥਾਂ ਦੀ ਵਰਤੋਂ ਨੂੰ ਘੱਟ ਕਰ ਕੇ ਹੀ ਵੱਧ ਰਹੇ ਵਜ਼ਨ ਉੱਪਰ ਕੰਟਰੋਲ ਕੀਤਾ ਜਾ ਸਕਦਾ ਹੈ।

### ਭੋਜਨ ਦੀ ਦੈਨਿਕ ਵੰਡ

ਸਵੇਰੇ ਵੇਲੇ ਹੈਵੀ ਬ੍ਰੇਕਫਾਸਟ ਕਰੋ। ਨਾਸ਼ਤੇ ਵਿਚ ਜੇ ਜ਼ਿਆਦਾ ਵੀ ਖਾਧਾ ਜਾਵੇਗਾ ਤਾਂ ਉਹ ਊਰਜਾ ਸਾਡੇ ਦਿਨ ਦੇ ਕੰਮਾਂ ਵਿਚ ਸਰੀਰ ਵੱਲੋਂ ਵਰਤ ਲਈ ਜਾਵੇਗੀ। ਦੁਪਹਿਰ ਸਮੇਂ ਭੋਜਨ ਵਿਚ ਹਰੀਆਂ ਸਬਜ਼ੀਆਂ ਅਤੇ ਸਲਾਦ ਦੀ ਵਧੇਰੇ ਵਰਤੋਂ ਕਰੋ। ਦੁਪਹਿਰ ਦਾ ਖਾਣਾ ਸਵੇਰ ਦੇ ਹੈਵੀ ਨਾਸ਼ਤੇ ਨਾਲੋਂ ਘੱਟ ਹੋਣਾ ਚਾਹੀਦਾ ਹੈ।

ਰਾਤ ਨੂੰ ਸੌਣ ਤੋਂ ਘੱਟੋ ਘੱਟ ਦੋ ਘੰਟੇ ਪਹਿਲਾਂ ਖਾਣਾ ਖਾ ਲਵੋ। ਇਹ ਖਾਣਾ ਬੇਹੱਦ ਕੰਜੂਸੀ ਨਾਲ ਖਾਧਾ ਜਾਵੇ। ਰਾਤ ਨੂੰ ਹੈਵੀ ਖਾਣਾ ਖਾਣ ਨਾਲ ਇਹ ਸਰੀਰ ਵਿਚ ਊਰਜਾ ਤੇ ਫੈਟ ਦੇ ਰੂਪ 'ਚ ਜਮ੍ਹਾਂ ਹੋ ਕੇ ਮੋਟਾਪੇ ਦਾ ਕਾਰਨ ਬਣੇਗਾ। •

# ਵਧਦਾ ਥਾਇਰਾਇਡ ਮੋਟਾਪੇ ਦਾ ਕਾਰਨ

ਅੱਜ ਕੱਲ੍ਹ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚ ਖਾਣ-ਪੀਣ ਦੀਆਂ ਗ਼ਲਤ ਆਦਤਾਂ ਕਾਰਨ ਲੋਕਾਂ 'ਚ ਥਾਇਰਾਇਡ ਦੀ ਸਮੱਸਿਆ ਵਧਦੀ ਜਾ ਰਹੀ ਹੈ। ਇਸ ਸਮੱਸਿਆ ਕਾਰਨ ਕਈ ਲੋਕਾਂ ਦਾ ਵਜ਼ਨ ਵਧਦਾ ਹੀ ਜਾਂਦਾ ਹੈ। ਇਸ ਨੂੰ ਹਾਈਪਰ-ਥਾਇਰਾਇਡਿਜ਼ਮ ਆਖਦੇ ਹਨ। ਹਾਈਪੋ-ਥਾਇਰਾਇਡਿਜ਼ਮ 'ਚ ਸਰੀਰ ਦਾ ਭਾਰ ਘਟਦਾ ਜਾਂਦਾ ਹੈ। ਭਾਰ ਤੇ ਮੋਟਾਪੇ ਨੂੰ ਵਧਾਉਣ ਵਾਲੇ ਥਾਇਰਾਇਡ ਕਰਕੇ ਮੋਟਾਪਾ ਆਉਣ ਨਾਲ ਇਨਸਾਨ ਲਈ ਕੰਮ ਕਰਨਾ ਔਖਾ ਹੋ ਜਾਂਦਾ ਹੈ। ਮੋਟਾਪਾ ਹੋਣ ਕਾਰਨ ਥਾਇਰਾਇਡ ਦੇ ਨਾਲ-ਨਾਲ ਕਈ ਹੋਰ ਮੁਸ਼ਕਿਲਾਂ ਵੀ ਪੈਦਾ ਹੋ ਜਾਂਦੀਆਂ ਹਨ। ਆਓ ਜਾਣਦੇ ਹਾਂ ਕਿ ਇਸ ਦੇ ਕਾਰਨ ਵੱਧ ਰਹੇ ਮੋਟਾਪੇ ਨੂੰ ਤੁਸੀ ਕਿਸ ਤਰ੍ਹਾਂ ਘੱਟ ਕਰ ਸਕਦੇ ਹੋ। ਆਓ ਅੱਜ ਅਸੀਂ ਥਾਇਰਾਇਡ ਤੋਂ ਬਚਣ ਬਾਰੇ ਜਾਣਦੇ ਹਾਂ ਤਾਂ ਜੋ ਅਸੀਂ ਇਸ ਭਿਆਨਕ ਬਿਮਾਰੀ ਦਾ ਸ਼ਿਕਾਰ ਨਾ ਹੋਈਏ।

### ਸ਼ਰਾਬ ਦੇ ਨੁਕਸਾਨ

ਥਾਇਰਾਇਡ ਦੀ ਪਰੇਸ਼ਾਨੀ ਹੋਣ 'ਤੇ ਸ਼ਰਾਬ ਦੀ ਵਰਤੋਂ ਕਰਨ ਨਾਲ ਵੀ ਮੋਟਾਪਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ ਐਨਰਜੀ ਲੈਵਲ ਬਹੁਤ ਘੱਟ ਹੋ ਜਾਂਦਾ ਹੈ। ਰਾਤ ਨੂੰ ਨੀਂਦ ਨਾ ਆਉਣਾ, ਬੇਚੈਨੀ ਤੇ ਘਬਰਾਹਟ ਵਰਗੀਆਂ ਸਮੱਸਿਆਵਾਂ ਵੀ ਹੋ ਜਾਂਦੀਆਂ ਹਨ। ਇਸ ਲਈ ਜੋ ਲੋਕ ਸ਼ਰਾਬ ਦਾ ਜ਼ਿਆਦਾ ਸੇਵਨ ਕਰਦੇ ਹਨ, ਉਨ੍ਹਾਂ ਨੂੰ ਥਾਇਰਾਇਡ ਹੋਣ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ।



### ਸੰਤੁਲਿਤ ਭੋਜਨ

ਥਾਇਰਾਇਡ 'ਚ ਵਜ਼ਨ ਘੱਟ ਕਰਨ ਲਈ ਹਰ ਸੰਤੁਲਿਤ ਭੋਜਨ ਖਾਓ। ਆਪਣੇ ਭੋਜਨ 'ਚ ਹਰੀਆਂ ਸਬਜ਼ੀਆਂ, ਫਲਾਂ ਤੇ ਦੁੱਧ ਵਾਲੇ ਪਦਾਰਥਾਂ ਨੂੰ ਸ਼ਾਮਲ ਕਰੋ।

### ਚਾਹ ਦੀ ਥਾਂ ਜੂਸ

ਥਾਇਰਾਇਡ 'ਚ ਚਾਹ ਦਾ ਜ਼ਿਆਦਾ ਸੇਵਨ ਕਰਨ ਨਾਲ ਵੀ ਮੋਟਾਪਾ ਵੱਧ ਜਾਂਦਾ ਹੈ। ਇਸ ਕਰਕੇ ਚਾਹ ਛੱਡ ਕੇ ਚੁਕੰਦਰ, ਆਨਾਰ ਤੇ ਸੇਬ ਦਾ ਜੂਸ ਪੀਣਾ ਜ਼ਿਆਦਾ ਲਾਭਦਾਇਕ ਰਹਿੰਦਾ ਹੈ। •

# ਤੁਹਾਡੀ ਰਸੋਈ

## ਗੋਲ ਗੱਪੇ



ਗੋਲ ਗੱਪੇ ਖਾਣੇ ਕਿਸ ਨੂੰ ਪਸੰਦ ਨਹੀਂ ਹੁੰਦੇ, ਫ਼ਿਰ ਚਾਹੇ ਉਹ ਕੁੜੀ ਹੋਵੇ ਜਾਂ ਫ਼ਿਰ ਮੁੰਡਾ। ਇਹ ਖਾਣ 'ਚ ਬਹੁਤ ਹੀ ਸੁਆਦੀ ਅਤੇ ਚਟਪਟੇ ਹੁੰਦੇ ਹਨ। ਜੇਕਰ ਤੁਸੀਂ ਚਟਪਟੇ ਗੋਲ ਗੱਪੇ ਖਾਣ ਦੇ ਸ਼ੌਕੀਨ ਹੋ ਤਾਂ ਅੱਜ ਅਸੀਂ ਤੁਹਾਨੂੰ ਇਨ੍ਹਾਂ ਨੂੰ ਬਣਾਉਣ ਦਾ ਤਰੀਕਾ ਦੱਸਾਂਗੇ। ਇਨ੍ਹਾਂ ਨੂੰ ਤੁਸੀਂ ਘਰ 'ਚ ਹੀ ਬਹੁਤ ਆਸਾਨੀ ਨਾਲ ਬਣਾ ਸਕਦੇ ਹੋ। ਤਾਂ ਫ਼ਿਰ ਆਓ ਜਾਣੀਏ ਇਨ੍ਹਾਂ ਨੂੰ ਬਣਾਉਣ ਦਾ ਤਰੀਕਾ

ਗੋਲ ਗੱਪੇ ਬਣਾਉਣ ਦੀ ਸਮੱਗਰੀ
ਇੱਕ ਕੱਪ ਮੈਦਾ
ਇੱਕ ਕੱਪ ਸੂਜੀ
1 ਕੱਪ ਤੇਲ
ਚੁਟਕੀ ਭਰ ਸੋਡਾ
1 ਕੱਪ ਪਾਣੀ
ਸੁਆਦ ਮੁਤਾਬਕ ਲੂਣ

ਗੋਲ ਗੱਪੇ ਬਣਾਉਣ ਦੀ ਵਿਧੀ
1. ਸਭ ਤੋਂ ਪਹਿਲਾਂ ਇੱਕ ਭਾਂਡੇ 'ਚ ਸੂਜੀ, ਮੈਦਾ, ਲੂਣ, ਸੋਡਾ ਅਤੇ ਤੇਲ ਮਿਲਾਓ। ਬਾਅਦ 'ਚ ਇਸ ਸਾਰੇ ਮਿਸ਼ਰਣ ਨੂੰ ਪਾਣੀ ਦੇ ਨਾਲ ਗੁੰਨ ਲਵੋ।
2. ਹੁਣ ਇਸ ਗੁੰਨੇ ਹੋਏ ਆਟੇ ਨੂੰ 25-35 ਮਿੰਟਾਂ ਲਈ ਢੱਕ ਕੇ ਰੱਖ ਦਿਓ।
3. ਫ਼ਿਰ ਇਸ ਆਟੇ ਨੂੰ ਇੱਕ ਵਾਰ ਫ਼ਿਰ ਤੋਂ ਗੁੰਨ ਕੇ ਮੁਲਾਇਮ ਕਰ ਲਓ ਅਤੇ ਤਿੰਨ ਭਾਗਾਂ 'ਚ ਵੰਡ ਲਓ।
4. ਧਿਆਨ ਰਹੇ ਕਿ ਆਟਾ ਨਾ ਜ਼ਿਆਦਾ ਸਖ਼ਤ ਹੋਵੇ ਅਤੇ ਨਾ ਹੀ ਜ਼ਿਆਦਾ ਮੁਲਾਇਮ। ਫ਼ਿਰ ਇਸ ਦੇ ਇੱਕ ਹਿੱਸੇ ਨੂੰ ਪੂਰੀ ਦੇ ਵਾਂਗ ਵੇਲ ਲਵੋ।
5. ਹੁਣ ਇਸ ਵੇਲੇ ਹੋਏ ਆਟੇ ਨੂੰ ਕਿਸੇ ਗੋਲ ਸਾਂਚੇ ਨਾਲ ਦਬਾ ਕੇ ਛੋਟੇ-ਛੋਟੇ ਗੋਲ ਗੱਪੇ ਬਣਾ ਲਵੋ ਅਤੇ ਇਨ੍ਹਾਂ ਗੋਲ ਗੱਪਿਆਂ ਨੂੰ ਕਿਸੇ ਕੱਪੜੇ ਨਾਲ ਢੱਕ ਕੇ ਰੱਖ ਲਓ।
6. ਜਦੋਂ ਇਹ ਤਿਆਰ ਹੋ ਜਾਣ ਤਾਂ ਇੱਕ ਕੜਾਹੀ 'ਚ ਤੇਲ ਪਾ ਕੇ ਇਸ ਨੂੰ ਘੱਟ ਸੇਕ 'ਤੇ ਗੈਸ 'ਤੇ ਰੱਖ ਦਿਓ।
7. ਹੁਣ ਇਨ੍ਹਾਂ ਗੋਲ ਗੱਪਿਆਂ ਨੂੰ ਪੂੜੀਆਂ ਦੇ ਵਾਂਗ ਤਲ ਲਵੋ।
8. ਇਸ ਗੱਲ ਦਾ ਧਿਆਨ ਰੱਖੋ ਕਿ ਜੇਕਰ ਤੁਸੀਂ ਗੋਲ ਗੱਪਿਆਂ ਨੂੰ ਜ਼ਿਆਦਾ ਕਰਾਰਾ ਕਰਨਾ ਚਾਹੁੰਦੇ ਹੋ ਤਾਂ ਗੈਸ ਦਾ ਸੇਕ ਘੱਟ ਰੱਖੋ।
9. ਜਦੋਂ ਗੋਲ ਗੱਪੇ ਤਿਆਰ ਹੋ ਜਾਣ ਤਾਂ ਇਨ੍ਹਾਂ ਨੂੰ 3 ਘੰਟਿਆਂ ਲਈ ਇੱਕ ਖੁੱਲ੍ਹੇ ਭਾਂਡੇ 'ਚ ਪਾ ਕੇ ਸਖ਼ਤ ਹੋਣ ਲਈ ਰੱਖ ਦਿਓ
10. ਜਦੋਂ ਗੋਲ ਗੱਪੇ ਸਖ਼ਤ ਹੋ ਕੇ ਖਾਣ ਲਈ ਤਿਆਰ ਹੋ ਜਾਣ ਤਾਂ ਇਨ੍ਹਾਂ ਨੂੰ ਮਿੱਠੀ ਅਤੇ ਨਮਕੀਨ ਚਟਨੀ ਪਾ ਕੇ ਸਰਵ ਕਰੋ।

## ਮੈਂਗੋ ਕੇਕ



ਬਣਾਉਣ ਲਈ ਸਮੱਗਰੀ
250 ਗ੍ਰਾਮ ਮੈਦਾ
250 ਗ੍ਰਾਮ ਬਟਰ
4-5 ਅੰਡੇ
2 ਚਮਚ ਬੇਕਿੰਗ ਪਾਊਡਰ
200 ਗ੍ਰਾਮ ਚੀਨੀ
1 ਕੱਪ ਮੈਂਗੋ ਪਿਊਰੀ
1 ਚਮਚ ਮੈਂਗੋ ਅਸੈਂਸ
2-3 ਅੰਬ
3 ਕੱਪ ਕਰੀਮ

ਬਣਾਉਣ ਦੀ ਵਿਧੀ
1. ਸਭ ਤੋਂ ਪਹਿਲਾਂ ਓਵਨ ਨੂੰ 150 ਡਿਗਰੀ 'ਤੇ ਗਰਮ ਕਰੋ।
2. ਹੁਣ 1 ਬਾਊਲ 'ਚ ਅੰਡਾ ਅਤੇ ਬਟਰ ਚੰਗੀ ਤਰ੍ਹਾਂ ਫ਼ੈਂਟ ਲਓ।
3. ਫ਼ਿਰ ਇਸ 'ਚ 5 ਚਮਚ ਚੀਨੀ, ਨਮਕ, ਮੈਂਗੋ ਪਿਊਰੀ ਅਤੇ ਮੈਂਗੋ ਐਸੈਂਸ ਮਿਲਾ ਕੇ 5 ਮਿੰਟਾਂ ਲਈ ਰੱਖ ਦਿਓ।
4. ਹੁਣ ਇਕ ਬਰਤਨ 'ਚ ਮੈਦਾ ਅਤੇ ਬੇਕਿੰਗ ਪਾਊਡਰ ਲੈ ਲਓ ਅਤੇ ਉਸ 'ਚ ਤਿਆਰ ਅੰਡੇ ਦੀ ਪੂਰੀ ਸਮੱਗਰੀ ਨੂੰ ਮਿਲਾ ਕੇ 2 ਮਿੰਟਾਂ ਦੇ ਲਈ ਅਲੱਗ ਰੱਖ ਦਿਓ।
5. ਫ਼ਿਰ ਬੇਕਿੰਗ ਪੈਨ 'ਚ ਕੇਕ ਦੀ ਤਿਆਰ ਸਮੱਗਰੀ ਪਾਓ ਅਤੇ ਗਰਮ ਓਵਨ 'ਚ ਰੱਖੋ।
6. ਇਸ ਨੂੰ 35 ਤੋਂ 40 ਮਿੰਟਾਂ ਤੱਕ ਬੇਕ ਕਰ ਲਓ।
7. ਹੁਣ ਚੀਨੀ ਅਤੇ ਕਰੀਮ ਨੂੰ 1 ਬਾਊਲ 'ਚ ਚੰਗੀ ਤਰ੍ਹਾਂ ਫ਼ੈਂਟ ਲਓ।
8. ਜਦੋਂ ਕੇਕ ਬਣ ਜਾਵੇ ਤਾਂ ਉਸਦੀ ਪੂਰੀ ਸਾਈਡ ਕਰੀਮ ਨਾਲ ਕਵਰ ਕਰੋ ਅਤੇ ਕੇਕ ਨੂੰ ਅੰਬ ਦੇ ਟੁੱਕੜਿਆਂ ਨਾਲ ਸਜਾਓ।

## ਸ਼ੁੱਧ ਦੇਸੀ ਘਿਓ

ਦੇਸੀ ਘਿਓ ਬਣਾਉਣ ਲਈ ਸਮੱਗਰੀ
- ਮਲਾਈ
- ਘਿਓ ਪਕਾਉਣ ਦੇ ਲਈ ਕੜਾਈ
- ਛਾਣਨੀ

ਦੇਸੀ ਘਿਓ ਬਣਾਉਣ ਦੀ ਵਿਧੀ

ਤੁਸੀਂ ਦੁੱਧ ਤਾਂ ਰੋਜ਼ਾਨਾ ਖਰੀਦਦੇ ਹੋ ਦੁੱਧ ਉਬਾਲਣ ਤੋਂ ਬਾਅਦ ਉਸ 'ਤੇ ਜੰਮੀ ਮਲਾਈ ਨੂੰ ਰੋਜ਼ਾਨਾ ਇਕ ਬਰਤਨ 'ਚ ਜਮਾ ਕਰਦੇ ਜਾਓ। ਧਿਆਨ ਰੱਖੋ ਕਿ ਮਲਾਈ ਦੇ ਬਰਤਨ ਨੂੰ ਫ਼ਰਿੱਜ 'ਚ ਰੱਖਿਆ ਜਾਵੇ ਤਾਂ ਕਿ ਉਹ ਖਰਾਬ ਨਾ ਹੋ ਜਾਵੇ ਜਦੋਂ ਮਲਾਈ ਜ਼ਿਆਦਾ ਮਾਤਰਾ 'ਚ ਜਮਾ ਹੋ ਜਾਵੇ ਤਾਂ ਬਰਤਨ ਨੂੰ ਬਾਹਰ ਕੱਢ ਲਓ। ਹੁਣ ਇਸ 'ਚੋਂ ਮੱਖਣ ਕੱਢ ਲਓ। ਫ਼ਿਰ ਇਸ ਮੱਖਣ ਨੂੰ 3 ਤੋਂ 4 ਵਾਰ ਧੋ ਲਓ। ਇਸ ਮੱਖਣ ਨੂੰ ਇਕ ਕੜਾਈ 'ਚ ਪਾ ਕੇ ਗੈਸ 'ਤੇ ਰੱਖੋ। ਘੱਟ ਗੈਸ 'ਤੇ ਇਸ ਨੂੰ ਹਿਲਾਉਂਦੇ ਜਾਓ। ਪਹਿਲਾਂ ਇਹ ਗਾੜ੍ਹਾ ਹੋਵੇਗਾ। ਇਸ ਤੋਂ ਬਾਅਦ ਇਹ ਪਤਲਾ ਹੋਣਾ ਸ਼ੁਰੂ ਹੋਵੇਗਾ। ਧਿਆਨ ਰੱਖੋ ਕਿ ਇਹ ਕੜਾਈ ਦੇ ਤਲੇ ਦੇ ਨਾਲ ਚਿਪਕੇ ਨਾ। ਜਦੋਂ ਮੱਖਣ ਹੌਲੀ-ਹੌਲੀ ਪਿਘਲ ਕੇ ਪੱਕਣ ਲੱਗੇਗਾ ਤਾਂ ਘਿਓ ਬਣਨਾ ਸ਼ੁਰੂ ਹੋ ਜਾਵੇਗਾ। ਫ਼ਿਰ ਥੋੜ੍ਹੀ ਦੇਰ ਬਾਅਦ ਘਿਓ ਦੀ ਪਰਤ 'ਤੇ ਘਿਓ ਤੈਰਨ ਲੱਗੇਗਾ। ਹੁਣ ਗੈਸ ਬੰਦ ਕਰ ਦਿਓ ਅਤੇ ਠੰਡਾ ਹੋ ਜਾਣ ਤੋਂ ਬਾਅਦ ਇਸ ਨੂੰ ਦੂਜੇ ਬਰਤਨ 'ਚ ਛਾਣ ਲਓ। ਤੁਹਾਡਾ ਸ਼ੁੱਧ ਦੇਸੀ ਘਿਓ ਤਿਆਰ ਹੈ। ਜ਼ਰੂਰਤ ਪੈਣ 'ਤੇ ਇਸ ਘਿਓ ਦੀ ਵਰਤੋਂ ਕਰੋ।

# ਸੱਸ-ਨੂੰਹ 'ਚ ਤਣਾਅ ਕਿਉਂ ?

➢ ਗੁਰਵੀਰ ਸਿੰਘ ਚੀਮਾ

**ਚਿੰਤਾ ਜਾਂ ਘਬਰਾਹਟ ਭਰੇ ਅਤੇ ਭੜਕਾਊ ਸ਼ਬਦਾਂ ਦਾ ਇਸਤੇਮਾਲ ਨਾ ਕਰਕੇ ਸੱਚੀ, ਮਧੁਰ ਅਤੇ ਸਹਿਯੋਗੀ ਭਾਸ਼ਾ ਦੀ ਵਰਤੋਂ ਕਰੋ ਅਤੇ ਆਪਣੇ ਵਚਨਾਂ ਰਾਹੀਂ ਆਪਣੀ ਬਾਣੀ ਨੂੰ ਇਸ ਤਰ੍ਹਾਂ ਸਜਾਓ ਕਿ ਇੰਜ ਲੱਗੇ ਜਿਵੇਂ ਕਿਸੇ ਨੇ ਆਪਣੇ ਸਰੀਰ ਨੂੰ ਗਹਿਣਿਆਂ ਨਾਲ ਸਜਾਇਆ ਹੋਵੇ। ਸ਼ਾਸਤਰਾਂ ਵਿੱਚ ਵੀ ਕਿਹਾ ਗਿਆ ਹੈ ਕਿ ਅਦਾਮੀ ਦਾ ਸਭ ਤੋਂ ਵੱਡਾ ਗਹਿਣਾ ਉਸਦੀ ਮਿੱਠੀ ਬਾਣੀ ਹੈ।**



ਬੇਸ਼ੱਕ ਅਜੋਕਾ ਸਮਾਂ ਪੁਰਾਣੇ ਸਮੇਂ ਨਾਲੋਂ ਬਹੁਤ ਜ਼ਿਆਦਾ ਬਦਲ ਚੁੱਕਾ ਹੈ, ਪਰ ਕਈ ਸਮਾਜਿਕ ਰਿਸ਼ਤੇ ਅਜਿਹੇ ਹਨ ਜਿਹੜੇ ਹਾਲੇ ਵੀ ਉਸੇ ਰੂਪ ਵਿੱਚ ਹੰਢਾਏ-ਵਰਤਾਏ ਜਾ ਰਹੇ ਹਨ। ਇਨ੍ਹਾਂ ਰਿਸ਼ਤਿਆਂ ਵਿੱਚੋਂ ਨੂੰਹ-ਸੱਸ ਦਾ ਰਿਸ਼ਤਾ ਅਹਿਮ ਹੈ। ਸੱਸ ਅਤੇ ਨੂੰਹ ਬੇਸ਼ੱਕ ਦੋ ਔਰਤਾਂ ਹੀ ਹਨ, ਪਰ ਇਹ ਨਾਮ ਸੁਣ ਕੇ ਹਰੇਕ ਮਨ ਅੰਦਰ ਤਰ੍ਹਾਂ-ਤਰ੍ਹਾਂ ਦੇ ਖਿਆਲ ਉਪਜਣ ਲੱਗ ਪੈਂਦੇ ਹਨ। ਹਰ ਔਰਤ ਖ਼ੁਦ ਦਾ ਵਿਆਹ ਹੋਣ 'ਤੇ ਨੂੰਹ ਬਣਦੀ ਹੈ ਅਤੇ ਆਪਣੇ ਪੁੱਤ-ਧੀ ਦਾ ਵਿਆਹ ਕਰਨ 'ਤੇ ਸੱਸ ਦਾ ਰੂਪ ਧਾਰਨ ਕਰ ਲੈਂਦੀ ਹੈ। ਧੀ ਦਾ ਵਿਆਹ ਕਰਨ 'ਤੇ ਉਸ ਦੇ ਰੁਤਬੇ ਵਿੱਚ ਕੋਈ ਖ਼ਾਸ ਫ਼ਰਕ ਨਹੀਂ ਪੈਂਦਾ, ਪਰ ਪੁੱਤਰ ਦਾ ਵਿਆਹ ਕਰਨ ਉਪਰੰਤ ਉਹ ਆਪਣਾ ਸਾਰਾ ਸਾਮਰਾਜ ਬਦਲਿਆ-ਬਦਲਿਆ ਮਹਿਸੂਸ ਕਰਨ ਲੱਗ ਪੈਂਦੀ ਹੈ ਅਤੇ ਆਪਣੇ-ਆਪ ਨੂੰ ਆਪਣੇ ਮਨ ਦੇ ਖ਼ਿਆਲਾਂ ਨਾਲ ਘਰੇਲੂ ਸਾਮਰਾਜ ਦੀ ਮਹਾਰਾਣੀ ਐਲਾਨ ਲੈਂਦੀ ਹੈ। ਇੱਥੋਂ ਤਕ ਕਿ ਉਹ ਆਪਣੇ ਪੇਟੋਂ ਜੰਮੇ ਪੁੱਤ ਨੂੰ ਆਪਣੀ ਸਲਤਨਤ ਦਾ ਗ਼ੁਲਾਮ ਅਤੇ ਆਪਣੀ ਪਤਨੀ ਲਈ ਇੱਕ ਸਖ਼ਤ ਰਾਜਕੁਮਾਰ ਦੇਖਣਾ ਪਸੰਦ ਕਰਦੀ ਹੈ। ਹਾਲੇ ਤਕ ਸੱਸ ਦੇ ਇਸ ਮਾਨਸਿਕ ਸ਼ੌਕ ਜਾਂ ਮਜਬੂਰੀ ਦੇ ਕਾਰਨਾਂ ਦਾ ਕੋਈ ਠੋਸ ਪਤਾ ਨਹੀਂ ਲੱਗ ਸਕਿਆ। ਇਸ ਸਖ਼ਤ ਰਵੱਈਏ ਕਰਕੇ ਹੁਣ ਤਕ ਬਹੁ-ਗਿਣਤੀ ਵਿੱਚ ਨਵ-ਵਿਆਹੀਆਂ ਦੇ ਤਲਾਕ ਅਤੇ ਬਲੀਆਂ ਚੜ੍ਹੀਆਂ ਹਨ। ਸੱਸ ਰੂਪੀ ਨਾਮ ਦੇ ਡਰ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਹਰੇਕ ਕੁੜੀ ਨੂੰ ਵਿਆਹ ਪਿੱਛੋਂ ਹਰ ਇੱਕ ਦਾ ਇਹੀ ਸਵਾਲ ਹੁੰਦਾ ਹੈ 'ਤੇਰੀ ਸੱਸ ਕਿਹੋ-ਜਿਹੀ ਹੈ ? ਉਸ ਦਾ ਸੁਭਾਅ ਕਿਵੇਂ ਹੈ ? ਉਹ ਤੰਗ ਤਾਂ ਨੀਂ ਕਰਦੀ।' ਆਦਿ-ਆਦਿ।

ਵੈਸੇ ਪੰਜੇ ਉਂਗਲਾਂ ਇੱਕਸਾਰ ਨਹੀਂ ਹੁੰਦੀਆਂ। ਕਈ ਪਰਿਵਾਰਾਂ ਵਿੱਚ ਸੱਸ ਅਤੇ ਨੂੰਹ ਸਕੀਆਂ ਮਾਵਾਂ-ਧੀਆਂ ਨਾਲੋਂ ਵੀ ਵੱਧ ਪਿਆਰ-ਸਤਿਕਾਰ ਨਾਲ ਰਹਿ ਰਹੀਆਂ ਹਨ ਅਤੇ ਅਜਿਹੀਆਂ ਔਰਤਾਂ ਸਮਾਜ ਲਈ ਉਦਾਹਰਨ ਵੀ ਬਣਦੀਆਂ ਹਨ, ਪਰ ਸਾਡੇ ਸਮਾਜ ਦੀ ਬਦਕਿਸਮਤੀ ਹੈ ਕਿ ਸਮੇਂ ਦੇ ਬਦਲਣ ਅਤੇ ਹਰ ਇੱਕ ਦੇ ਸਾਖਰ ਹੋਣ ਦੇ ਬਾਵਜੂਦ ਵੀ ਅਜਿਹੇ ਸਵਰਗ ਪਰਿਵਾਰਾਂ ਦੀ ਗਿਣਤੀ ਬਹੁਤ ਘੱਟ ਹੈ। ਜ਼ਿਆਦਾਤਰ ਸਹੁਰਾ ਪਰਿਵਾਰਾਂ ਵਿੱਚ ਸੱਸ ਕੋਲ ਹੀ ਸੁਪਰੀਮ ਪਾਵਰ ਹੁੰਦੀ ਹੈ ਜਿਹੜੀ ਔਰਤ ਸਿਆਣੀ ਹੁੰਦੀ ਹੈ ਉਹ ਆਪਣੀ ਤੀਖਣ ਬੁੱਧੀ ਅਤੇ ਸਮੇਂ ਦੇ ਹਾਣ ਦੀ ਹੋ ਕੇ ਘਰ ਨੂੰ ਸਵਰਗ ਬਣਾ ਦਿੰਦੀ ਹੈ ਅਤੇ ਇਸ ਦੀ ਵਿਰੋਧੀ ਔਰਤ ਆਪਣੇ ਹੀ ਹੱਸਦੇ-ਵੱਸਦੇ ਪਰਿਵਾਰ ਨੂੰ ਲੜਾਈ-ਕਲੇਸ਼ ਦਾ ਅੱਡਾ ਬਣਾ ਲੈਂਦੀ ਹੈ। ਇਸ ਲੜਾਈ ਕਲੇਸ਼ ਦਾ ਬੁਰਾ ਅਸਰ ਕੇਵਲ ਦੋ ਔਰਤਾਂ ਉੱਤੇ ਹੀ ਨਹੀਂ ਸਗੋਂ ਪਰਿਵਾਰ ਦੇ ਬਾਕੀ ਮੈਂਬਰਾਂ ਉੱਪਰ ਵੀ ਪੈਂਦਾ ਹੈ। ਸੱਸ ਅਤੇ ਨੂੰਹ ਵਿਚਕਾਰ ਹੋਣ ਵਾਲੀ ਨੋਕ-ਝੋਕ ਦੇ ਕੋਈ ਬਹੁਤ ਵੱਡੇ ਕਾਰਨ ਨਹੀਂ ਹੁੰਦੇ, ਬਸ ਕੁਝ ਛੋਟੀਆਂ-ਮੋਟੀਆਂ ਸਵੈ-ਹਉਮੈ ਕਾਰਨ ਪੈਦਾ ਹੋਈਆਂ ਮਾਨਸਿਕ ਉਲਝਣਾਂ ਹਨ। ਇਹ ਮਾਨਸਿਕ ਉਲਝਣਾਂ ਹੌਲੀ-ਹੌਲੀ ਇੱਕ ਘਾਤਕ ਬਿਮਾਰੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਅਤੇ ਮਨ ਅੰਦਰ ਨਫ਼ਰਤ ਅਤੇ ਈਰਖਾ ਦਾ ਪੱਕੇ ਤੌਰ 'ਤੇ ਘਰ ਬਣਾ ਲੈਂਦੀਆਂ ਹਨ। ਇਸ ਨਾਲ ਪਤੀ-ਪਤਨੀ ਦਰਮਿਆਨ ਨੋਕ-ਝੋਕ ਵਧ ਜਾਂਦੀ ਹੈ, ਤਣਾਅ ਵਧਣ ਲੱਗ ਪੈਂਦਾ ਹੈ। ਕਈ ਵਾਰ ਅਜਿਹੇ ਮਾਮਲਿਆਂ ਵਿੱਚ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਅਜਿਹੇ ਹਾਲਾਤ ਦਾ ਬੱਚਿਆਂ ਉੱਪਰ ਬਹੁਤ ਗਹਿਰਾ ਅਸਰ ਪੈਂਦਾ ਹੈ। ਅਜੋਕਾ ਸਮਾਜ ਛੋਟੇ-ਛੋਟੇ ਪਰਿਵਾਰਾਂ ਦਾ ਸਮੂਹ ਰਹਿ ਗਿਆ ਹੈ, ਫਿਰ ਵੀ ਜ਼ਿਆਦਾਤਰ ਘਰਾਂ ਵਿੱਚ ਜਿਨ੍ਹਾਂ ਦੇ ਕੇਵਲ ਇੱਕ ਪੁੱਤਰ-ਧੀ ਹੁੰਦੇ ਹਨ, ਉੱਥੇ ਵੀ ਨੂੰਹ-ਸੱਸ ਦੇ ਰਿਸ਼ਤੇ ਵਿੱਚ ਤਰੇੜ ਆ ਜਾਂਦੀ ਹੈ ਅਤੇ ਸਿੱਟੇ ਵਜੋਂ ਮਾਂ-ਬਾਪ ਅਲੱਗ ਰਹਿੰਦੇ ਹਨ ਅਤੇ ਪਤੀ-ਪਤਨੀ ਅਲੱਗ। ਜਿਸ ਉਮਰ ਵਿੱਚ ਮਾਂ-ਬਾਪ ਨੂੰ ਆਪਣੀ ਸੇਵਾ ਕਰਾਉਣ ਦਾ ਵੇਲਾ ਹੁੰਦਾ ਹੈ ਉਹ ਆਪਣੇ ਸੁਭਾਅ ਜਾਂ ਆਪਣੇ ਪੁਰਾਣੇ ਖ਼ਿਆਲਾਂ ਕਾਰਨ ਇਕੱਲਤਾ ਦਾ ਜੀਵਨ ਬਤੀਤ ਕਰਦੇ ਹਨ।ਹੁਣ ਬਦਲਦੇ ਦੌਰ ਦੇ ਹਿਸਾਬ ਨਾਲ ਹਰ ਔਰਤ ਨੂੰ ਆਪਣੀ ਮਾਨਸਿਕਤਾ ਬਦਲਣੀ ਚਾਹੀਦੀ ਹੈ। ਇਸ ਦੀ ਸ਼ੁਰੂਆਤ ਜੇਕਰ ਵੱਡਿਆਂ ਭਾਵ ਸੱਸ ਵੱਲੋਂ ਕੀਤੀ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ ਕਿਉਂਕਿ ਪਰਿਵਾਰ ਦੀ ਵੱਡੀ ਔਰਤ ਕੋਲ ਪੂਰੀ ਜ਼ਿੰਦਗੀ ਦਾ ਲੰਬਾ ਤਜਰਬਾ ਹੁੰਦਾ ਹੈ। ਉਸਨੇ ਨੂੰਹ-ਸੱਸ ਦੇ ਰਿਸ਼ਤੇ ਨੂੰ ਇੱਕ ਲੰਬਾ ਸਮਾਂ ਮਾਣਿਆ ਹੁੰਦਾ ਹੈ। ਉਸਨੂੰ ਆਪਣੇ-ਆਪ ਨੂੰ ਸਮੇਂ ਦੇ ਹਿਸਾਬ ਨਾਲ ਬਦਲ ਕੇ ਆਪਣੇ ਪੁੱਤ-ਨੂੰਹ ਦੀ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਉਣ ਲਈ ਉਨ੍ਹਾਂ ਅੱਗੇ ਰਾਹ ਦਾ ਰੋੜਾ ਨਹੀਂ ਸਗੋਂ ਸਿਆਣਪ ਅਤੇ ਯੋਗ ਅਗਵਾਈ ਨਾਲ ਅਗਾਂਹ ਵੱਲ ਨੂੰ ਤੋਰਨਾ ਚਾਹੀਦਾ ਹੈ। ਉਸ ਵੱਲੋਂ ਆਪਣੇ ਨੂੰਹ-ਪੁੱਤ ਨੂੰ ਤਿਆਰ ਹੋ ਕੇ ਕਿਧਰੇ ਜਾਂਦਿਆਂ ਵੇਖ ਕੇ ਗੁੱਸਾ ਜਾਂ ਈਰਖਾ ਨਹੀਂ ਕਰਨੀ ਚਾਹੀਦੀ ਸਗੋਂ ਹੱਸ ਕੇ ਤੋਰਨਾ ਚਾਹੀਦਾ ਹੈ। ਆਪਣੀ ਧੀ ਵਾਂਗ ਨੂੰਹ ਦੇ ਸ਼ੌਕ ਵੀ ਪੁਗਾਉਣੇ ਚਾਹੀਦੇ ਹਨ। ਬਿਨਾਂ ਗੱਲ ਤੋਂ ਰੋਕ-ਟੋਕ ਨਹੀਂ ਕਰਨੀ ਚਾਹੀਦੀ। ਕਈ ਵਾਰ ਨਵੀਂਆਂ ਵਿਆਹੀਆਂ ਕੁੜੀਆਂ ਤੋਂ ਕੁਝ ਖਾਣ-ਪੀਣ ਦਾ ਸਾਮਾਨ ਬਣਾਉਣ ਜਾਂ ਹੋਰ ਘਰੇਲੂ ਕੰਮ ਵਿੱਚ ਕੋਈ ਗ਼ਲਤੀ ਹੋ ਜਾਂਦੀ ਹੈ ਤਾਂ ਸੱਸ ਨੂੰ ਚਾਹੀਦਾ ਹੈ ਕਿ ਉਹ ਗ਼ਲਤੀ ਦਾ ਅਹਿਸਾਸ ਕਰਾਉਣ ਦੀ ਬਜਾਏ ਪਿਆਰ ਨਾਲ ਸਮਝਾਵੇ ਤਾਂ ਕਿ ਇੱਕ-ਦੂਜੇ ਮਨ ਅੰਦਰ ਕਿਸੇ ਤਰ੍ਹਾਂ ਦੀ ਹੀਣ-ਭਾਵਨਾ ਨਾ ਪੈਦਾ ਹੋਵੇ ਅਤੇ ਆਪਸੀ ਪਿਆਰ ਕਾਇਮ ਰਹਿ ਸਕੇ। ਜਿਹੜੇ ਕੰਮ ਨੂੰਹ ਨੂੰ ਨਾ ਆਉਂਦੇ ਹੋਣ ਉਨ੍ਹਾਂ ਨੂੰ ਉਸ ਦੀ ਸਿੱਖਣ ਸਮਰੱਥਾ ਦੇ ਹਿਸਾਬ ਨਾਲ ਸਿਖਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਗੱਲ-ਗੱਲ 'ਤੇ ਖ਼ੁਦ ਨੂੰ ਉੱਤਮ ਸਮਝਣ, ਦੂਜੇ 'ਤੇ ਰੋਅਬ ਝਾੜਣ ਜਾਂ ਨੀਵਾਂ ਦਿਖਾਉਣ ਨਾਲ ਸਬੰਧ ਖ਼ਰਾਬ ਹੀ ਹੁੰਦੇ ਹਨ। ਇਸ ਤੋਂ ਇਲਾਵਾ ਹਰ ਇੱਕ ਮਾਂ-ਬਾਪ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਧੀ ਨੂੰ ਚੰਗੀ ਵਿੱਦਿਆ ਦੇ ਨਾਲ-ਨਾਲ ਘਰੇਲੂ ਸੰਸਕਾਰਾਂ ਤੋਂ ਵੀ ਚੰਗੀ ਤਰ੍ਹਾਂ ਜਾਣੂ ਕਰਾਉਣ ਤਾਂ ਕਿ ਉਹ ਆਪਣੇ ਆਉਣ ਵਾਲੇ ਜੀਵਨ ਦੀਆਂ ਮੁਸੀਬਤਾਂ ਨੂੰ ਇੱਕ ਸੁਚੱਜੀ ਔਰਤ ਦੇ ਰੂਪ ਵਿੱਚ ਨਜਿੱਠਣਾ ਸਿੱਖ ਲੈਣ। ਨੂੰਹ ਬਣਨ ਉਪਰੰਤ ਉਹ ਆਪਣੇ ਸਹੁਰੇ ਪਰਿਵਾਰ ਦੇ ਰੀਤੀ-ਰਿਵਾਜਾਂ ਨੂੰ ਚੰਗੀ ਤਰ੍ਹਾਂ ਸਮਝ ਅਤੇ ਉਨ੍ਹਾਂ ਨੂੰ ਆਪਣੀ ਚੋਖ਼ੀ ਸੂਝ ਮੁਤਾਬਿਕ ਨਿਭਾਉਣ ਦਾ ਯਤਨ ਕਰ ਸਕਣ। ਉਹ ਆਪਣੀ ਸੱਸ ਦਾ ਮਾਂ ਵਾਂਗ ਹੀ ਸਤਿਕਾਰ ਕਰਨ। ਉਹ ਆਪਣੀ ਤੀਖਣ ਬੁੱਧੀ ਰਾਹੀਂ ਆਪਣੀ ਸੱਸ ਨੂੰ ਹੌਲੀ-ਹੌਲੀ ਪੁਰਾਣੇ ਖ਼ਿਆਲਾਂ ਵਿੱਚੋਂ ਕੱਢ ਕੇ ਨਵੀਂ ਸੱਭਿਅਤਾ ਦੇ ਹਾਣ ਦਾ ਬਣਾਉਣ ਵਿੱਚ ਮਦਦ ਕਰਨ ਤਾਂ ਕਿ ਉਸ ਦਾ ਸਾਰਾ ਪਰਿਵਾਰ ਇੱਕ ਸੁਖਾਵੇਂ ਮਾਹੌਲ ਦਾ ਆਨੰਦ ਮਾਣ ਸਕੇ।

# ਬਜ਼ੁਰਗਾਂ ਪ੍ਰਤੀ ਨਜ਼ਰੀਆ ਬਦਲੋ

ਗੁਰਤੇਜ ਸਿੰਘ



ਰਿਸ਼ਤਿਆਂ ਦਾ ਨਿੱਘ ਅਤੇ ਜ਼ਿੰਮੇਵਾਰੀਆਂ ਨਿਭਾਉਣ ਦੀ ਕਲਾ ਇਨਸਾਨ ਨੇ ਪਰਿਵਾਰ ਵਿੱਚ ਰਹਿ ਕੇ ਸਿੱਖੀ ਹੈ। ਆਦਿ ਮਾਨਵ ਤੋਂ ਮਨੁੱਖ ਬਣਨ ਤਕ ਦਾ ਸਫ਼ਰ ਪਰਿਵਾਰ 'ਤੇ ਆ ਕੇ ਮੁੱਕਿਆ ਹੈ। ਅਸੱਭਿਅਕ ਨੂੰ ਸੱਭਿਅਕ ਬਣਾਉਣਾ ਸਮਾਜ ਦੇ ਨਾਲ ਪਰਿਵਾਰ ਦੇ ਵੱਡੇ ਜੀਆਂ ਦੀ ਜ਼ਿੰਮੇਵਾਰੀ ਹੁੰਦੀ ਹੈ। ਪਰਿਵਾਰ ਦੇ ਹਰ ਮੈਂਬਰ ਦਾ ਆਪਣਾ ਵਿਲੱਖਣ ਰੋਲ ਹੁੰਦਾ ਹੈ, ਪਰ ਦੋ ਮੈਂਬਰਾਂ ਦੀ ਪਰਿਵਾਰ ਵਿੱਚ ਅਹਿਮੀਅਤ ਨੂੰ ਕਦੇ ਵੀ ਨਕਾਰਿਆ ਨਹੀਂ ਜਾ ਸਕਦਾ। ਉਹ ਦੋ ਮੈਂਬਰ ਹਨ ਮਾਤਾ ਪਿਤਾ ਜਿਨ੍ਹਾਂ ਤੋਂ ਬਿਨਾਂ ਘਰ ਪਰਿਵਾਰ ਅਧੂਰਾ ਹੁੰਦਾ ਹੈ।

ਅਜੋਕੇ ਅਗਾਂਹਵਧੂ ਯੁੱਗ ਵਿੱਚ ਭੱਜਦੌੜ ਵਾਲੀ ਜ਼ਿੰਦਗੀ ਵਿੱਚ ਲੋਕ ਕਿਤੇ ਨਾਂ ਕਿਤੇ ਆਪਣੀਆਂ ਸਾਕਾਰਤਮਕ ਪਰੰਪਰਾਵਾਂ ਤੋਂ ਮੂੰਹ ਫੇਰ ਰਹੇ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਕਿਸੇ ਕੋਲ ਇੰਨਾ ਵਕਤ ਹੀ ਨਹੀਂ ਕਿ ਉਹ ਦੂਜਿਆਂ ਦੀ ਸੁੱਖ ਸਾਂਦ ਪੁੱਛ ਸਕੇ। ਇਸ ਸਮੱਸਿਆ ਨਾਲ ਅੱਜ ਬਜ਼ੁਰਗ ਜੂਝ ਰਹੇ ਹਨ। ਜ਼ਿਆਦਾਤਰ ਘਰਾਂ ਵਿੱਚ ਉਨ੍ਹਾਂ ਨਾਲ ਸਿੱਧੇ ਮੂੰਹ ਨਾਲ ਗੱਲ ਤਕ ਨਹੀਂ ਕੀਤੀ ਜਾਂਦੀ। ਉਨ੍ਹਾਂ ਦੀ ਖ਼ੁਸ਼ੀ ਗ਼ਮੀ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ। ਸਮਾਜ ਦੇ ਮਜ਼ਬੂਤ ਥੰਮ ਇਨ੍ਹਾਂ ਬਜ਼ੁਰਗਾਂ ਨੇ ਸਾਰੀ ਉਮਰ ਆਪਣੀ ਔਲਾਦ ਦੇ ਨਾਂ ਲਗਾਈ ਹੁੰਦੀ ਹੈ ਜਦ ਉਹੀ ਔਲਾਦ ਆਪਣੇ ਪੈਰਾਂ 'ਤੇ ਖੜ੍ਹੀ ਹੁੰਦੀ ਹੈ ਤਾਂ ਬਜ਼ੁਰਗ ਮਾਪਿਆਂ ਨੂੰ ਤ੍ਰਿਸਕਾਰਨ ਲੱਗ ਜਾਂਦੀ ਹੈ। ਜਦੋਂ ਤਕ ਮਾਪੇ ਪੈਸੇ ਦੀ ਮਸ਼ੀਨ ਹੁੰਦੇ ਹਨ ਤਾਂ ਪੁੱਛ ਪੜਤਾਲ ਹੁੰਦੀ ਹੈ, ਬਾਅਦ ਵਿੱਚ ਬਿਗਾਨਿਆਂ ਵਾਲਾ ਵਰਤਾਉ ਹੋਣ ਲੱਗ ਜਾਂਦਾ ਹੈ। ਇਨ੍ਹਾਂ ਬਜ਼ੁਰਗਾਂ ਨਾਲ ਮਧੂ ਮੱਖੀਆਂ ਵਾਲੀ ਕਹਾਣੀ ਵਾਪਰਦੀ ਹੈ ਕਿ ਉਹ ਸਾਰੀ ਉਮਰ ਸ਼ਹਿਦ ਇਕੱਠਾ ਕਰਨ ਵਿੱਚ ਲਗਾਉਂਦੀਆਂ ਹਨ। ਅੰਤ ਵਿੱਚ ਇਨਸਾਨ ਧੂੰਆਂ ਕਰਕੇ ਜਾਂ ਹੋਰ ਤਰੀਕਿਆਂ ਨਾਲ ਮਧੂ ਮੱਖੀਆਂ ਨੂੰ ਛੱਤੇ ਤੋਂ ਦੂਰ ਭਜਾ ਦਿੰਦਾ ਹੈ ਤੇ ਸ਼ਹਿਦ ਆਪਣੇ ਘਰ ਲੈ ਆਉਂਦਾ ਹੈ। ਉਸੇ ਤਰ੍ਹਾਂ ਬਜ਼ੁਰਗਾਂ ਦੇ ਸਰਮਾਏ 'ਤੇ ਕਬਜ਼ਾ ਕਰਕੇ ਔਲਾਦ ਉਨ੍ਹਾਂ ਨੂੰ ਫਿਟਕਾਰਾਂ ਸੁਣਨ ਲਈ ਮਜਬੂਰ ਕਰ ਦਿੰਦੀ ਹੈ। ਅਸੱਭਿਅਕ ਸ਼ਬਦਾਂ ਨਾਲ ਸੰਬੋਧਨ ਤਕ ਕੀਤਾ ਜਾਂਦਾ ਹੈ।

ਆਖਿਰ ਅਜਿਹਾ ਕਿਉਂ ਹੁੰਦਾ ਹੈ ਜਿਨ੍ਹਾਂ ਦੀ ਖ਼ੁਸ਼ੀ ਲਈ ਮਾਪਿਆਂ ਨੇ ਦਿਨ ਰਾਤ ਇੱਕ ਕੀਤਾ ਹੁੰਦਾ ਹੈ, ਉਹੀ ਬੱਚੇ ਸਭ ਕੁਝ ਭੁੱਲ ਕੇ ਪੈਸੇ ਦੇ ਪੀਰ ਬਣ ਜਾਂਦੇ ਹਨ। ਮਾਪਿਆਂ ਨੂੰ ਬਜ਼ੁਰਗ ਹੁੰਦੇ ਘਰੋਂ ਕੱਢਣਾ ਸਾਡੇ ਸਮਾਜ ਦੇ ਚੰਦ ਲੋਕਾਂ ਦੀ ਸ਼ੁਰੂ ਤੋਂ ਹੀ ਪ੍ਰਥਾ ਰਹੀ ਹੈ। ਜਦੋਂ ਮਾਪੇ ਸਹਾਰਾ ਲੈਣ ਯੋਗ ਹੁੰਦੇ ਸਨ ਤਾਂ ਉਨ੍ਹਾਂ ਦੀ ਅਯੋਗ ਔਲਾਦ ਉਨ੍ਹਾਂ ਨੂੰ ਤੀਰਥਾਂ 'ਤੇ ਛੱਡ ਆਉਂਦੀ ਸੀ। ਅਜੋਕੇ ਦੌਰ ਅੰਦਰ ਬਿਰਧ ਆਸ਼ਰਮ ਸਮਾਜ ਦੇ ਮੱਥੇ 'ਤੇ ਬਹੁਤ ਵੱਡੇ ਕਲੰਕ ਹਨ ਜਿੱਥੇ ਪੰਜਾਹ ਫ਼ੀਸਦੀ ਬਜ਼ੁਰਗ ਘਰੋਂ ਠੁਕਰਾਏ ਹੁੰਦੇ ਹਨ। ਅਜੋਕੇ ਇਨਸਾਨ ਦੀ ਮਤਲਬਪ੍ਰਸਤੀ ਇਸ ਹੱਦ ਤਕ ਗਿਰ ਚੁੱਕੀ ਹੈ ਕਿ ਬਿਰਧ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿੱਚ ਛੱਡ ਕੇ ਆਪ ਦੁਨੀਆਂ ਦੀਆਂ ਰੰਗ ਰਲੀਆਂ ਵਿੱਚ ਮਸਤ ਹੋ ਰਿਹਾ ਹੈ। ਜੋ ਆਪਣੇ ਜਨਮ ਦਾਤਾ ਦਾ ਨਹੀਂ ਹੋਇਆ, ਉਹ ਦੇਸ਼ ਸਮਾਜ ਦਾ ਕੀ ਸੰਵਾਰੇਗਾ।

ਸੋਚਣ ਦੀ ਗੱਲ ਹੈ ਕਿ ਜੇਕਰ ਜਨਮ ਸਮੇਂ ਸਾਡੇ ਮਾਪੇ ਸਾਡੇ ਵਾਂਗ ਮਤਲਬੀ ਹੋ ਜਾਂਦੇ ਤਾਂ ਸਾਡਾ ਭਵਿੱਖ ਕੀ ਹੁੰਦਾ। ਸ਼ਾਇਦ ਅਸੀਂ ਵੀ ਅੱਜ ਕਿਸੇ ਅਨਾਥ ਆਸ਼ਰਮ ਵਿੱਚ ਹੋਣਾ ਸੀ, ਪਰ ਉਹ ਖ਼ੁਦਗਰਜ਼ ਨਹੀਂ ਬਣੇ। ਉਨ੍ਹਾਂ ਨੇ ਇਸਨੂੰ ਨੈਤਿਕ ਫਰਜ਼ ਸਮਝ ਕੇ ਨਿਭਾਇਆ, ਫਿਰ ਅਸੀਂ ਅਨੈਤਿਕਤਾ 'ਤੇ ਕਿਉਂ ਉੱਤਰ ਆਏ ਹਾਂ। ਜੇਕਰ ਦੇਖਿਆ ਜਾਵੇ ਸਮਾਜ ਵਿੱਚ ਬਿਰਧ ਆਸ਼ਰਮ ਮੌਜੂਦ ਹਨ ਤਾਂ ਅਨਾਥ ਆਸ਼ਰਮਾਂ ਦੀ ਵੀ ਕੋਈ ਕਮੀ ਨਹੀਂ ਹੈ। ਮੰਨਿਆ ਮਸ਼ੀਨੀ ਯੁੱਗ ਵਿੱਚ ਮਸ਼ੀਨ ਬਣੇ ਬਿਨਾਂ ਪਾਰ ਨਹੀਂ ਪੈਂਦੀ, ਪਰ ਮਾਪਿਆਂ ਲਈ ਚੰਦ ਪਲ ਕੱਢਣੇ ਇੰਨੇ ਵੀ ਜ਼ਿਆਦਾ ਔਖੇ ਨਹੀਂ ਹਨ। ਬੱਚਿਆਂ ਨਾਲ ਪਿਕਨਿਕ 'ਤੇ ਜਾਣ ਲਈ, ਪਾਰਟੀਆਂ ਕਰਨ ਜਾਂ ਹੋਰ ਸਮਾਜਿਕ ਧਾਰਮਿਕ ਕੰਮਾਂ ਲਈ ਤਾਂ ਸਮਾਂ ਬਹੁਤ ਹੈ, ਪਰ ਮਾਪਿਆਂ ਲਈ ਵਕਤ ਦਾ ਕਾਲ ਕਿਉਂ ? ਸਾਨੂੰ ਅੱਜ ਇਹ ਜ਼ਰੂਰ ਦੇਖਣਾ ਹੋਵੇਗਾ ਕਿ ਅਸੀਂ ਆਪਣੇ ਬੱਚਿਆਂ ਨੂੰ ਕੀ ਸਿਖਾ ਰਹੇ ਹਾਂ। ਅੱਜ ਜੇਕਰ ਅਸੀਂ ਆਪਣੇ ਮਾਪਿਆਂ ਦਾ ਕਹਿਣਾ ਨਹੀਂ ਮੰਨਦੇ, ਉਨ੍ਹਾਂ ਦੀ ਸੇਵਾ ਸੰਭਾਲ ਨਹੀਂ ਕਰਦੇ ਤਾਂ ਕੀ ਸਾਡੀ ਆਉਣ ਵਾਲੀ ਪੀੜ੍ਹੀ ਸਾਡੀ ਆਗਿਆਕਾਰ ਹੋਵੇਗੀ ਤੇ ਸਾਡੇ ਅਰਮਾਨਾਂ 'ਤੇ ਖਰਾ ਉੱਤਰੇਗੀ ?



ਔਲਾਦ ਆਪਣੇ ਮਾਪਿਆਂ ਦੀ ਦੇਣ, ਸੰਘਰਸ਼ ਤੇ ਉਨ੍ਹਾਂ ਲਈ ਕੀਤੀਆਂ ਕੁਰਬਾਨੀਆਂ ਨੂੰ ਸਦਾ ਯਾਦ ਰੱਖੇ ਜਿੰਨਾ ਕੁ ਉਨ੍ਹਾਂ ਨੂੰ ਗਿਆਨ ਸੀ, ਸ਼ਕਤੀ ਤੇ ਸਰਮਾਇਆ ਸੀ ਉਸ ਨਾਲ ਲਾਜ਼ਮੀ ਹੀ ਉਨ੍ਹਾਂ ਨੇ ਚੰਗੇਰਾ ਕਰਨ ਦੀ ਕੋਸ਼ਿਸ਼ ਕੀਤੀ ਹੋਵੇਗੀ। ਆਪਣੀ ਜ਼ਿੰਦਗੀ ਵਿੱਚ ਦੋ ਵਿਅਕਤੀਆਂ ਨੂੰ ਕਦੇ ਨਾਂ ਭੁੱਲੋ, ਇੱਕ (ਪਿਤਾ) ਉਹ ਜੋ ਤੁਹਾਨੂੰ ਕਿਸੇ ਮੁਕਾਮ 'ਤੇ ਪਹੁੰਚਾਉਣ ਲਈ ਆਪਣਾ ਸਭ ਕੁਝ ਨਿਸ਼ਾਵਰ ਕਰਨ ਨੂੰ ਤਿਆਰ ਰਹਿੰਦਾ ਹੈ। ਦੂਜਾ ਉਹ (ਮਾਤਾ) ਜੋ ਹਰ ਦੁੱਖ ਦਰਦ ਵਿੱਚ ਤੁਹਾਡਾ ਸਾਥ ਦਿੰਦੀ ਹੈ। ਇਸ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਲੋਕ ਆਪਣੀ ਜ਼ਿੰਮੇਵਾਰੀ ਸਮਝਣ ਤੇ ਮਾਪਿਆਂ ਨੂੰ ਬਣਦਾ ਮਾਣ ਸਨਮਾਨ ਦੇਣ ਦੀ ਕੋਸ਼ਿਸ਼ ਕਰਨ। ਮਾਪੇ ਸਦਾ ਕੋਲ ਨਹੀਂ ਰਹਿੰਦੇ, ਉਨ੍ਹਾਂ ਦਾ ਵਿਛੋੜਾ ਹੀ ਉਨ੍ਹਾਂ ਦੀ ਅਹਿਮੀਅਤ ਦਾ ਅਹਿਸਾਸ ਕਰਾਉਂਦਾ ਹੈ। ਬਜ਼ੁਰਗ ਦੁਆਵਾਂ ਅਤੇ ਤਜਰਬੇ ਦੇ ਭੰਡਾਰ ਹੁੰਦੇ ਹਨ ਇਸਦਾ ਲਾਹਾ ਲਿਆ ਜਾਣਾ ਚਾਹੀਦਾ ਹੈ।

ਬਜ਼ੁਰਗ ਵੀ ਸਾਰਥਿਕ ਸੋਚ ਅਪਣਾਉਣ, ਜੇਕਰ ਉਨ੍ਹਾਂ ਦੀ ਸਲਾਹ ਨਹੀਂ ਪੁੱਛੀ ਜਾਂਦੀ ਤਾਂ ਆਪਣੀ ਟੰਗ ਨਾ ਅੜਾਉਣ। ਚੌਧਰ ਵਾਲੀ ਬਿਰਤੀ ਉਨ੍ਹਾਂ ਨੂੰ ਵੀ ਤਿਆਗਣੀ ਚਾਹੀਦੀ ਹੈ ਤੇ ਹਰ ਹੀਲੇ ਸੰਤੁਸ਼ਟੀ ਵਾਲਾ ਜੀਵਨ ਜਿਉਣ ਦੀ ਜਾਚ ਸਿੱਖਣੀ ਹੋਵੇਗੀ। ਸਭ ਤੋਂ ਵੱਡੀ ਗੱਲ ਦੋਨੋ ਪੀੜ੍ਹੀਆਂ ਆਪਸ ਵਿੱਚ ਮਤਭੇਦ ਖ਼ਤਮ ਕਰਨ ਅਤੇ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕਰਨ।

ਸੰਪਰਕ: 94641-72783

# ਤਿਉਹਾਰਾਂ ਤੋਂ ਪਹਿਲਾਂ ਖ਼ਰੀਦਦਾਰੀ



ਰੌਸ਼ਨੀਆਂ ਦੇ ਤਿਉਹਾਰਾਂ ਦੌਰਾਨ ਸਟੋਰਾਂ ਅਤੇ ਈ ਕਾਮਰਸ ਪੋਰਟਲਜ਼ 'ਤੇ ਛੋਟ ਦੇ ਨਾਲ ਇਸ ਮੌਕੇ ਦਾ ਪ੍ਰਭਾਵਸ਼ਾਲੀ ਢੰਗ ਨਾਲ ਕਿਸ ਤਰ੍ਹਾਂ ਉਪਯੋਗ ਕਰਨਾ ਚਾਹੀਦਾ ਹੈ, ਸਵਾਲ ਹੈ। ਤਿਉਹਾਰਾਂ ਦੌਰਾਨ ਆਪਣੇ ਲਈ, ਪਰਿਵਾਰ ਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਲਈ ਖਰੀਦਦਾਰੀ ਕਰਨ ਲਈ ਹਰ ਕਿਸੇ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

ਦੀਵਾਲੀ 'ਤੇ ਖ਼ਰੀਦਦਾਰੀ ਲਈ ਨੁਕਤੇ

1. ਆਪਣੀਆਂ ਲੋੜਾਂ ਨੂੰ ਸਮਝਣਾ : ਤੁਹਾਡੇ ਵਲੋਂ ਖ਼ਰੀਦਦਾਰੀ ਦੀ ਯੋਜਨਾ ਦੀ ਸ਼ੁਰੂਆਤ ਸਮੇਂ ਯਕੀਨੀ ਬਣਾਉਣ ਲਈ ਮੁੱਖ ਟੀਚਾ ਹੈ ਤੁਹਾਡੀਆਂ ਜ਼ਰੂਰਤਾਂ ਨੂੰ ਪਰਿਭਾਸ਼ਤ ਕਰਨਾ। ਆਪਣੀਆਂ ਜ਼ਰੂਰਤਾਂ ਤੋਂ ਬਾਅਦ ਆਪਣੀਆਂ ਤਰਜੀਹਾਂ ਨੂੰ ਯਕੀਨੀ ਬਣਾਓ ਜਾਂ ਨਿਰਧਾਰਤ ਕਰੋ। ਆਪਣੀਆਂ ਨਿੱਜੀ ਲੋੜਾਂ ਨੂੰ ਨਿਰਧਾਰਤ ਕਰਨ ਪਿੱਛੋਂ, ਹੁਣ ਸਮਾਂ ਹੈ ਤੁਹਾਡੇ ਨਜ਼ਦੀਕੀ ਤੇ ਪਿਆਰਿਆਂ ਦੀਆਂ ਲੋੜਾਂ ਅਤੇ ਇੱਛਾਵਾਂ ਸਬੰਧੀ ਜਾਨਣ ਦਾ।
2. ਬਜਟ ਸਬੰਧੀ ਯੋਜਨਾਬੰਦੀ : ਫਿਰ ਜ਼ਰੂਰੀ ਹਿੱਸਾ ਆਉਂਦਾ ਹੈ, ਜੋ ਤੁਹਾਡੀ ਖ਼ਰੀਦਦਾਰੀ ਨੂੰ ਪਰਿਭਾਸ਼ਤ ਕਰਦਾ ਹੈ। ਆਪਣੀਆਂ ਜ਼ਰੂਰਤਾਂ ਦੀ ਸੂਚੀ ਅਨੁਸਾਰ ਹਰ ਇਕ ਚੀਜ਼ ਲਈ ਆਪਣਾ ਬਜਟ ਨਿਰਧਾਰਤ ਕਰੋ। ਆਪਣੇ ਬਜਟ ਮੁਤਾਬਿਕ ਖਰਚ ਕਰਨ ਦੀ ਹੱਦ ਨੂੰ ਸਮਝੋ।
3. ਬਾਜ਼ਾਰ ਜਾਣਾ : ਸੂਚੀ ਤਿਆਰ ਕਰ ਲਈ ਗਈ ਹੈ ਅਤੇ ਬਜਟ ਨਿਰਧਾਰਤ ਕੀਤਾ ਗਿਆ ਹੈ। ਹੁਣ ਮਾਰਕੀਟ ਜਾਂ ਬਾਜ਼ਾਰ ਜਾਣ 'ਤੇ ਵਿਚਾਰ ਕਰਨਾ ਹੈ। ਹਮੇਸ਼ਾ ਖ਼ਰੀਦਦਾਰੀ ਸ਼ੁਰੂ ਕਰਨ ਤੋਂ ਪਹਿਲਾਂ ਇਹ ਯਕੀਨੀ ਯੋਜਨਾ ਬਣਾਈ ਜਾਵੇ ਕਿ ਕਿਸ ਬਾਜ਼ਾਰ ਜਾਣਾ ਹੈ ਅਤੇ ਕੀ ਆਨਲਾਈਨ ਲਿਆਂਦਾ ਜਾ ਸਕਦਾ ਹੈ।
4. ਸੌਦੇ ਅਤੇ ਛੋਟ ਸਬੰਧੀ ਦੇਖੋ : ਦੀਵਾਲੀ ਖ਼ਰੀਦਦਾਰੀ ਸਬੰਧੀ ਤਜਰਬੇ ਦਾ ਸਭ ਤੋਂ ਵਧੀਆ ਹਿੱਸਾ ਸੌਦਾ ਅਤੇ ਛੋਟ ਹੈ। ਹਮੇਸ਼ਾ ਸਭ ਤੋਂ ਵਧੀਆ ਸੌਦੇ ਨੂੰ ਪ੍ਰਾਪਤ ਕਰਨ ਲਈ ਯਕੀਨੀ ਬਣਾਓ ਤੇ ਆਪਣੀ ਪਸੰਦ ਦਾ ਖ਼ਿਆਲ ਰੱਖਣ ਤੋਂ ਪਹਿਲਾਂ ਉਪਲਬਧ ਵਧੀਆ ਸੌਦੇ ਆਨਲਾਈਨ 'ਤੇ ਲੱਭਣ ਲਈ ਵਕਤ ਲਗਾਓ।
5. ਹਮੇਸ਼ਾ ਤੁਲਨਾ ਕਰੋ : ਤੁਸੀਂ ਮਾਰਕੀਟ ਸਬੰਧੀ ਆਪਣਾ ਟੀਚਾ ਸਥਾਪਤ ਕਰ ਲਿਆ ਹੈ ਅਤੇ ਮਿਲਣ ਵਾਲੀ ਛੋਟ ਬਾਰੇ ਪਤਾ ਕਰ ਲਿਆ ਹੈ, ਹੁਣ ਇਸ ਸਭ ਦੀ ਤੁਲਨਾ ਕਰਨ ਦਾ ਸਮਾਂ ਹੈ। ਖ਼ਰੀਦਦਾਰੀ ਕਰਨ ਦਾ ਪ੍ਰਭਾਵਸ਼ਾਲੀ ਤਰੀਕਾ ਹਮੇਸ਼ਾ ਕਿਸੇ ਵੀ ਸਿੱਟੇ 'ਤੇ ਪੁੱਜਣ ਤੋਂ ਪਹਿਲਾਂ ਤੁਲਨਾ ਕਰਨਾ ਹੁੰਦਾ ਹੈ।
6. ਅਸਰਦਾਰ ਢੰਗ ਨਾਲ ਖ਼ਰੀਦਦਾਰੀ : ਹਮੇਸ਼ਾ ਹੈਰਾਨੀਜਨਕ ਕੰਮ ਨਾ ਕਰੋ। ਆਪਣੇ ਬਜਟ ਮੁਤਾਬਿਕ ਚੱਲੋ ਅਤੇ ਵੱਧ ਖਰਚ ਨਾ ਕਰੋ। ਤਿਉਹਾਰ ਵੱਡੇ ਬਿੱਲਾਂ ਦੇ ਨਾਲ ਖ਼ਤਮ ਕੀਤੇ ਬਿਨਾਂ ਖੁਸ਼ੀ ਫੈਲਾਉਣ ਬਾਰੇ ਹੁੰਦਾ ਹੈ।
7. ਪ੍ਰਦਰਸ਼ਨੀਆਂ 'ਤੇ ਜਾਓ : ਦੀਵਾਲੀ 'ਤੇ ਵਸਤੂਆਂ ਦੇ ਚੰਗੇ ਸੌਦੇ ਲਈ ਆਪਣੇ ਸ਼ਹਿਰ ਵਿਚ ਪ੍ਰਦਰਸ਼ਨੀਆਂ ਤੇ ਮੇਲਿਆਂ 'ਤੇ ਜਾਓ।
8. ਪਟਾਕਿਆਂ 'ਤੇ ਸਮਝਦਾਰੀ ਨਾਲ ਖ਼ਰਚੋ : ਦੀਵਾਲੀ ਕਿਉਂਕਿ ਇਕ ਰੌਸ਼ਨੀਆਂ ਦਾ ਤਿਉਹਾਰ ਹੈ, ਪਟਾਕੇ ਚਲਾਉਣਾ ਲੋਕਾਂ ਦੀ ਸੋਚ ਹੈ, ਇਸ ਲਈ ਇਹ ਯਕੀਨੀ ਬਣਾਓ ਕਿ ਪਟਾਕੇ ਖ਼ਰੀਦਣ 'ਤੇ ਵਧੇਰੇ ਖ਼ਰਚ ਨਹੀਂ ਕਰਨਾ ਚਾਹੀਦਾ।
9. ਖੁਸ਼ੀ ਦੀ ਆਪਣੀ ਟੋਕਰੀ ਨੂੰ ਸਾਂਝਾ ਕਰੋ : ਆਖ਼ਰੀ ਪਰ ਘੱਟੋ-ਘੱਟ ਨਹੀਂ, ਆਪਣੀ ਖੁਸ਼ੀ ਨੂੰ ਸਾਂਝੀ ਕਰੋ। ਇਸ ਤਿਉਹਾਰ ਦੇ ਮੌਸਮ ਦੌਰਾਨ ਗਰੀਬ ਲੋਕਾਂ ਦੇ ਨਾਲ ਕੁਝ ਮੁਸਕਾਨ ਸਾਂਝੀ ਕਰਨ ਲਈ ਬਜਟ ਦਾ ਕੁਝ ਹਿੱਸਾ ਰੱਖਣਾ ਨਾ ਭੁੱਲੋ।

ਆਪਣੀ ਉੱਚੀ ਆਤਮਾ, ਊਰਜਾ ਨੂੰ ਕਾਇਮ ਰੱਖੋ ਅਤੇ ਉਪਰੋਕਤ ਨੁਕਤੇ ਯਾਦ ਰੱਖੋ ਕਿ ਆਉਣ ਵਾਲੀ ਇਸ ਦੀਵਾਲੀ ਲਈ ਖ਼ਰੀਦਦਾਰੀ ਇਕ ਅਨੰਦਦਾਇਕ ਤਜਰਬਾ ਹੈ।

ਸ਼ੁੱਭ ਦੀਵਾਲੀ ਅਤੇ ਸ਼ੁੱਭ ਖ਼ਰੀਦਦਾਰੀ!

# ਡਿਪਟੀ ਕਮਿਸ਼ਨਰ ਵੱਲੋਂ ਪਟਿਆਲਾ ਹੈਰੀਟੇਜ ਫੈਸਟੀਵਲ ਦੀ ਰੂਪ ਰੇਖਾ ਉਲੀਕਣ ਲਈ ਮੀਟਿੰਗ

## ਮਿਲਟਰੀ ਲਿਟਰੇਚਰ ਫੈਸਟੀਵਲ, ਏਅਰੋ ਮਾਡਲਿੰਗ, ਸ਼ਾਸਤਰੀ ਸੰਗੀਤ, ਫੂਡ ਐਂਡ ਫਲਾਵਰ ਸ਼ੋਅ, ਹੈਰੀਟੇਜ ਵਾਕ, ਡਾਗ ਸ਼ੋਅ, ਪੌਪ ਸ਼ੋਅ ਤੇ ਪੰਜਾਬ ਸਖੀ ਸ਼ਕਤੀ ਤੇ ਕਰਾਫ਼ਟ ਮੇਲੇ ਲਈ ਤਿਆਰੀਆਂ ਜ਼ੋਰਾਂ ’ਤੇ



**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਖੇ ਹਰ ਵਰ੍ਹੇ ਕਰਵਾਏ ਜਾਣ ਵਾਲੇ ਪਟਿਆਲਾ ਹੈਰੀਟੇਜ਼ ਫੈਸਟੀਵਲ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਸ ਬਾਬਤ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਹੋਈ ਇੱਕ ਬੈਠਕ ਦੌਰਾਨ ਨੋਡਲ ਅਧਿਕਾਰੀਆਂ ਨੂੰ ਮਿਲਟਰੀ ਲਿਟਰੇਚਰ ਫੈਸਟੀਵਲ, ਏਅਰੋ ਮਾਡਲਿੰਗ, ਸ਼ਾਸਤਰੀ ਸੰਗੀਤ, ਕਵੀ ਦਰਬਾਰ, ਫੂਡ ਐਂਡ ਫਲਾਵਰ ਸ਼ੋਅ, ਹੈਰੀਟੇਜ ਵਾਕ, ਡਾਗ ਸ਼ੋਅ, ਪੌਪ ਸ਼ੋਅ ਤੇ ਪੰਜਾਬ ਸਖੀ ਸ਼ਕਤੀ ਤੇ ਕਰਾਫ਼ਟ ਮੇਲੇ ਲਈ ਜਿੰਮੇਵਾਰੀਆਂ ਸੌਂਪੀਆਂ ਗਈਆਂ।

ਡਾ. ਪ੍ਰੀਤੀ ਯਾਦਵ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਟਿਆਲਾ ਨੂੰ ਟੂਰਿਜ਼ਮ ਦੇ ਕੇਂਦਰ ਵਜੋਂ ਉਭਾਰਨ ਲਈ ਫਰਵਰੀ ਮਹੀਨੇ ਪਟਿਆਲਾ ਹੈਰੀਟੇਜ ਫੈਸਟੀਵਲ ਦੇ ਵੱਖ-ਵੱਖ ਸਮਾਗਮ ਕਰਵਾਉਣ ਦੀ ਯੋਜਨਾ ਉਲੀਕੀ ਗਈ ਹੈ। ਉਨ੍ਹਾਂ ਨੇ ਇਸ ਫੈਸਟੀਵਲ ਦੇ ਸਾਰੇ ਸਮਾਗਮਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜਨ ਲਈ ਸਮੁੱਚੇ ਪ੍ਰਬੰਧ ਪੂਰੀ ਜਿੰਮੇਵਾਰੀ ਤੇ ਤਨਦੇਹੀ ਨਾਲ ਨੇਪਰੇ ਚਾੜ੍ਹੇ ਜਾਣ ਦੀਆਂ ਹਦਾਇਤਾਂ ਕਰਦਿਆਂ ਕਿਹਾ ਕਿ ਸਾਰੇ ਨੋਡਲ ਅਧਿਕਾਰੀ ਹੈਰੀਟੇਜ ਫੈਸਟੀਵਲ ਦੀ ਬਰੀਕੀ ਨਾਲ ਯੋਜਨਾਬੰਦੀ ਕਰਨ।

ਇਸ ਮੀਟਿੰਗ ’ਚ ਏ.ਡੀ.ਸੀ (ਜ) ਸਿਮਰਪ੍ਰੀਤ ਕੌਰ, ਏ.ਡੀ.ਸੀ. (ਸ਼ਹਿਰੀ ਵਿਕਾਸ) ਡਾ. ਇਸਮਤ ਵਿਜੇ ਸਿੰਘ, ਪੀਡੀਏ ਦੇ ਏਸੀਏ ਜਸ਼ਨਪ੍ਰੀਤ ਕੌਰ ਗਿੱਲ, ਐਸ.ਡੀ.ਐਮ. ਨਾਭਾ ਕੰਨੂ ਗਰਗ, ਐਸ.ਡੀ.ਐਮ ਰਾਜਪੁਰਾ ਨਮਨ ਮਾਰਕੰਨ, ਐਸ.ਡੀ.ਐਮ ਸਮਾਣਾ ਰਿਚਾ ਗੋਇਲ, ਐਨ.ਜੈਡ.ਸੀ.ਸੀ ਤੋਂ ਰਵਿੰਦਰ ਸ਼ਰਮਾ, ਕੈਪਟਨ ਹਰਪ੍ਰੀਤ ਸਿੰਘ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਆਪਣੀ ਵਡਮੁੱਲੀ ਵਿਰਾਸਤ, ਸੱਭਿਆਚਾਰ ਅਤੇ ਅਮੀਰ ਵਿਰਸੇ ਬਾਰੇ ਜਾਣਕਾਰੀ ਦੇਣ ਲਈ ਵਿਰਾਸਤੀ ਸ਼ਹਿਰ ਪਟਿਆਲਾ ਵਿਖੇ ਕਰਵਾਏ ਜਾਣ ਵਾਲੇ ਪਟਿਆਲਾ ਹੈਰੀਟੇਜ ਫੈਸਟੀਵਲ ’ਚ ਵੱਡੀ ਗਿਣਤੀ ਦਰਸ਼ਕ ਪੁੱਜਣਗੇ। ਉਨ੍ਹਾਂ ਦੱਸਿਆ ਕਿ ਪਟਿਆਲਾ ਨੂੰ ਸੈਰ-ਸਪਾਟੇ ਦੇ ਸਥਾਨ ਵਜੋਂ ਵਿਕਸਤ ਕਰਨ ਦੇ ਨਾਲ-ਨਾਲ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾਉਣ ਲਈ ਸੈਰ ਸਪਾਟਾ ਵਿਭਾਗ ਦੇ ਰਾਹੀਂ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਇਸ ਮੇਲੇ ਦਾ ਅਨੰਦ ਮਾਣਨ ਲਈ ਖੁੱਲ੍ਹਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਫਰਵਰੀ ਮਹੀਨੇ ਦੇ ਅਖੀਰ ’ਚ ਸ਼ੀਸ਼ ਮਹਿਲ ਵਿਖੇ ਪੰਜਾਬ ਸਖੀ ਸ਼ਕਤੀ ਮੇਲੇ ਅਤੇ ਕਰਾਫ਼ਟ ਮੇਲੇ ਤੱਕ ਚੱਲਣ ਵਾਲੇ ਪਟਿਆਲਾ ਹੈਰੀਟੇਜ ਫੈਸਟੀਵਲ ਦੀ ਸ਼ੁਰੂਆਤ ਫਰਵਰੀ ਮਹੀਨੇ ਦੇ ਦੂਜੇ ਹਫ਼ਤੇ ਮਿਲਟਰੀ ਲਿਟਰੇਚਰ ਫੈਸਟੀਵਲ ਦੇ ਨਾਲ ਹੋ ਜਾਵੇਗੀ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਵਿੱਚ ਮਨਰੇਗਾ ਦੀਆਂ ਬੇਨਿਯਮੀਆਂ ’ਤੇ ਇੱਕ ਵ੍ਹਾਈਟ ਪੇਪਰ ਜਾਰੀ ਕਰੇ : ਪਰਮਜੀਤ ਕੈਂਥ

## ਭਾਜਪਾ ਨੇਤਾ ਪਰਮਜੀਤ ਕੈਂਥ ਵੱਲੋਂ ਵਿਕਾਸ ਭਾਰਤ-ਰੁਜ਼ਗਾਰ ਅਤੇ ਆਜੀਵਿਕਾ ਮਿਸ਼ਨ (ਗ੍ਰਾਮੀਣ) (ਵੀਬੀ ਜੀ ਰਾਮ ਜੀ) ਐਕਟ ਦਾ ਕੀਤਾ ਸਵਾਗਤ

**ਚੰਡੀਗੜ੍ਹ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪਿਛਲੇ ਦਸ ਸਾਲਾਂ ਦੌਰਾਨ ਪੰਜਾਬ ਵਿੱਚ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਪ੍ਰੋਗਰਾਮ ਨੂੰ ਲਾਗੂ ਕਰਨ ਵਿੱਚ ਹੋਈਆਂ ਕਥਿਤ ਬੇਨਿਯਮੀਆਂ ’ਤੇ ਇੱਕ ਵਾਈਟ ਪੇਪਰ ਜਾਰੀ ਕਰਨਾ ਚਾਹੀਦਾ ਹੈ, ਅਤੇ ਜਿੱਥੇ ਗਲਤੀ ਪਾਈ ਜਾਂਦੀ ਹੈ, ਉੱਥੇ ਸਪੱਸ਼ਟ ਵਸੂਲੀ ਅਤੇ ਮੁਕੱਦਮਾ ਚਲਾਉਣ ਦੀ ਸਮਾਂਬੱਧ, ਉੱਚ-ਪੱਧਰੀ ਜਾਂਚ ਦਾ ਆਦੇਸ਼ ਦੇਣਾ ਚਾਹੀਦਾ ਹੈ, ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਸੂਬਾ ਮੀਤ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਮੰਗ ਕਰਦਿਆਂ ਕਿਹਾ ਕਿ ਜੇਕਰ ਰਾਜ ਸਰਕਾਰ ਆਪਣੇ ਸ਼ਾਸਨ ਰਿਕਾਰਡ ’ਤੇ ਭਰੋਸਾ ਰੱਖਦੀ ਹੈ, ਤਾਂ ਉਸਨੂੰ ਜਨਤਕ ਖੇਤਰ ਵਿੱਚ ਪ੍ਰਮਾਣਿਤ ਤੱਥ - ਜ਼ਿਲ੍ਹਾ-ਵਾਰ, ਬਲਾਕ-ਵਾਰ ਅਤੇ ਗ੍ਰਾਮ ਪੰਚਾਇਤ-ਵਾਰ - ਰੱਖਣੇ ਚਾਹੀਦੇ ਹਨ ਜਿਸ ਵਿੱਚ ਜਾਰੀ ਕੀਤੇ ਗਏ ਜੌਬ ਕਾਰਡ, ਮੰਗ ਰਜਿਸਟਰਡ, ਪ੍ਰਦਾਨ ਕੀਤਾ ਗਿਆ ਰੋਜ਼ਗਾਰ, ਮਸਟਰ ਰੋਲ, ਕੰਮ ਦੇ ਮਾਪ, ਸਮੱਗਰੀ ਖਰੀਦ, ਭੁਗਤਾਨ ਅਤੇ ਸਮਾਜਿਕ ਆਡਿਟ ਪਾਲਣਾ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਇੱਕ ਵ੍ਹਾਈਟ ਪੇਪਰ ਜਵਾਬਦੇਹੀ ਦਾ ਇੱਕ ਘੱਟੋ-ਘੱਟ ਮਿਆਰ ਹੈ ਅਤੇ ਨਾਗਰਿਕਾਂ ਨੂੰ ਇਹ ਮੁਲਾਂਕਣ ਕਰਨ ਦੀ ਆਗਿਆ ਦੇਵੇਗਾ ਕਿ ਕੀ ਫੰਡ ਅਸਲ ਲਾਭਪਾਤਰੀਆਂ ਤੱਕ ਪਹੁੰਚੇ ਹਨ ਅਤੇ ਕੀ ਬਣਾਈਆਂ ਗਈਆਂ ਸੰਪਤੀਆਂ ਟਿਕਾਊ ਅਤੇ ਉਪਯੋਗੀ ਹਨ।

ਕੈਂਥ ਨੇ ਕਿਹਾ ਕਿ ਸਾਲਾਂ ਦੌਰਾਨ ਸ਼ਿਕਾਇਤਾਂ ਅਤੇ ਆਡਿਟ ਨਿਰੀਖਣ ਵਾਰ-ਵਾਰ ਜੋਖਮ ਪੈਟਰਨਾਂ ਵੱਲ ਇਸ਼ਾਰਾ ਕਰਦੇ ਹਨ ਜੋ ਫੋਰੈਂਸਿਕ ਜਾਂਚ ਦੀ ਵਾਰੰਟੀ ਦਿੰਦੇ ਹਨ, ਜਿਸ ਵਿੱਚ ਜਾਅਲੀ ਜਾਂ ਡੁਪਲੀਕੇਟ ਜੌਬ ਕਾਰਡਾਂ ਦੇ ਦੋਸ਼, ਜਾਅਲੀ ਜਾਂ ਭਰੋਸੇਯੋਗ ਦਸਤਾਵੇਜ਼ਾਂ ਦੁਆਰਾ ਸਮਰਥਤ ਭੁਗਤਾਨ, ਮਸਟਰ ਰੋਲ ਮਹਿੰਗਾਈ ਅਤੇ ਸੰਬੰਧਿਤ ਕੰਮ ਤੋਂ ਬਿਨਾਂ ਭੁਗਤਾਨ, ਟਿਕਾਊ ਆਉਟਪੁੱਟ ਤੋਂ ਬਿਨਾਂ ਪੂਰਾ ਕੀਤੇ ਗਏ ਦਿਖਾਏ ਗਏ ਕੰਮ, ਅਤੇ ਅਯੋਗ ਜਾਂ ਮ੍ਰਿਤਕ ਵਿਅਕਤੀਆਂ ਨੂੰ ਲਾਭਪਾਤਰੀਆਂ ਵਜੋਂ ਸ਼ਾਮਲ ਕਰਨਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਵ੍ਹਾਈਟ ਪੇਪਰ ਵਿੱਚ ਵਿਭਾਗੀ ਪੁੱਛਗਿੱਛਾਂ, ਦਰਜ ਕੀਤੀਆਂ ਗਈਆਂ ਐਫਆਈਆਰ, ਕੀਤੀਆਂ ਗਈਆਂ ਵਸੂਲੀਆਂ, ਅਧਿਕਾਰੀਆਂ ਅਤੇ ਪੰਚਾਇਤ ਕਾਰਜਕਰਤਾਵਾਂ ਵਿਰੁੱਧ ਕਾਰਵਾਈਆਂ, ਅਤੇ ਦੁਹਰਾਓ ਨੂੰ ਰੋਕਣ ਲਈ ਅਪਣਾਏ ਗਏ ਸੁਧਾਰਾਤਮਕ ਨਿਯੰਤਰਣਾਂ ਦੀ ਸਥਿਤੀ ਦਾ ਵੀ ਖੁਲਾਸਾ ਕਰਨਾ ਚਾਹੀਦਾ ਹੈ।

ਕੈਂਥ ਨੇ ਵਿਕਾਸ ਭਾਰਤ—ਰੋਜ਼ਗਾਰ ਅਤੇ ਅਜੀਵਿਕਾ ਮਿਸ਼ਨ (ਗ੍ਰਾਮੀਣ) (ਵੀਬੀ ਜੀ ਰਾਮ ਜੀ ) ਐਕਟ, 2025 ਦੇ ਲਾਗੂ ਹੋਣ ਦਾ ਵੀ ਸਵਾਗਤ ਕੀਤਾ, ਇਸਨੂੰ ਪੇਂਡੂ ਰੁਜ਼ਗਾਰ ਸਪੁਰਦਗੀ ਨੂੰ ਆਧੁਨਿਕ ਬਣਾਉਣ ਅਤੇ ਇਸਨੂੰ ਟਿਕਾਊ ਪੇਂਡੂ ਬੁਨਿਆਦੀ ਢਾਂਚੇ ਦੇ ਨਿਰਮਾਣ ਨਾਲ ਸਿੱਧੇ ਤੌਰ ’ਤੇ ਜੋੜਨ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਸੁਧਾਰ ਢਾਂਚਾ ਦੱਸਿਆ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਸਭ ਤੋਂ ਵੱਡੇ ਪੇਂਡੂ ਰੋਜ਼ੀ-ਰੋਟੀ ਅਤੇ ਬੁਨਿਆਦੀ ਢਾਂਚੇ ਦੇ ਦਖਲਅੰਦਾਜ਼ੀ ਵਿੱਚੋਂ ਇੱਕ ਹੈ ਅਤੇ ਇਸਨੂੰ ਸਪੱਸ਼ਟ ਸੇਵਾ ਮਿਆਰਾਂ ਅਤੇ ਮਜ਼ਬੂਤ ਜਵਾਬਦੇਹੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ, ਖਾਸ ਕਰਕੇ ਉਨ੍ਹਾਂ ਰਾਜਾਂ ਵਿੱਚ ਜਿੱਥੇ ਇਮਾਨਦਾਰੀ ਦੀਆਂ ਚਿੰਤਾਵਾਂ ਉਠਾਈਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਇਹ ਐਕਟ ਪ੍ਰਤੀ ਵਿੱਤੀ ਸਾਲ ਪ੍ਰਤੀ ਪੇਂਡੂ ਪਰਿਵਾਰ ਪ੍ਰਤੀ ਵਿੱਤੀ ਸਾਲ ਲਈ 125 ਦਿਨਾਂ ਦੀ ਮਜ਼ਦੂਰੀ ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਵਧਾ ਕੇ ਅਤੇ ਹਫਤਾਵਾਰੀ ਤਨਖਾਹ ਭੁਗਤਾਨਾਂ ਦੀ ਜ਼ਰੂਰਤ ਦੁਆਰਾ ਭੁਗਤਾਨ ਅਨੁਸ਼ਾਸਨ ਨੂੰ ਸਖ਼ਤ ਕਰਕੇ, ਅਤੇ ਕਿਸੇ ਵੀ ਸਥਿਤੀ ਵਿੱਚ ਕੰਮ ਪੂਰਾ ਹੋਣ ਦੇ 15 ਦਿਨਾਂ ਦੇ ਅੰਦਰ ਭੁਗਤਾਨ ਕਰਕੇ, ਰੋਜ਼ੀ-ਰੋਟੀ ਸੁਰੱਖਿਆ ਨੂੰ ਮਜ਼ਬੂਤ ਕਰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਢਾਂਚਾ ਸਮਾਜਿਕ ਆਡਿਟ ਨੂੰ ਲਾਜ਼ਮੀ ਬਣਾਉਂਦਾ ਹੈ ਅਤੇ ਮਜ਼ਬੂਤ ਪਾਰਦਰਸ਼ਤਾ ਵਿਧੀਆਂ ਦੇ ਨਾਲ-ਨਾਲ ਔਰਤਾਂ ਦੀ ਭਾਗੀਦਾਰੀ ਅਤੇ ਸਵੈ-ਸਹਾਇਤਾ ਸਮੂਹਾਂ ਸਮੇਤ ਭਾਈਚਾਰਕ ਸੰਸਥਾਵਾਂ ’ਤੇ ਜ਼ੋਰ ਦਿੰਦਾ ਹੈ।

ਭਾਜਪਾ ਨੇਤਾ ਕੈਂਥ ਨੇ ਕਿਹਾ ਕਿ ਨਵਾਂ ਢਾਂਚਾ ਟਿਕਾਊ ਕੰਮਾਂ ਨੂੰ ਤਰਜੀਹ ਦੇਣ ਲਈ ਤਿਆਰ ਕੀਤਾ ਗਿਆ ਹੈ ਜਿਨ੍ਹਾਂ ਦੇ ਮਾਪਣਯੋਗ ਨਤੀਜੇ ਹਨ, ਜਿਸ ਵਿੱਚ ਪਾਣੀ ਦੀ ਸੁਰੱਖਿਆ, ਮੁੱਖ ਪੇਂਡੂ ਬੁਨਿਆਦੀ ਢਾਂਚਾ, ਰੋਜ਼ੀ-ਰੋਟੀ ਨਾਲ ਸਬੰਧਤ ਬੁਨਿਆਦੀ ਢਾਂਚਾ, ਅਤੇ ਅਤਿਅੰਤ ਮੌਸਮ ਘਟਾਉਣ ਦੇ ਕੰਮ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਯੋਜਨਾਬੰਦੀ ਵਿਕਾਸ ਗ੍ਰਾਮ ਪੰਚਾਇਤ ਯੋਜਨਾਵਾਂ ਅਤੇ ਪੰਚਾਇਤ-ਅਗਵਾਈ ਲਾਗੂਕਰਨ ਵਿੱਚ ਕੇਂਦਰਿਤ ਹੋਵੇਗੀ, ਜੋ ਤਕਨਾਲੋਜੀ-ਸਮਰਥਿਤ ਨਿਗਰਾਨੀ ਦੁਆਰਾ ਸਮਰਥਤ ਹੈ, ਜਿਸ ਵਿੱਚ ਬਾਇਓਮੈਟ੍ਰਿਕ ਪ੍ਰਮਾਣਿਕਤਾ, ਭੂ-ਸਥਾਨਕ ਯੋਜਨਾਬੰਦੀ ਅਤੇ ਮਾਪ, ਅਤੇ ਲੀਕੇਜ ਨੂੰ ਘਟਾਉਣ ਅਤੇ ਆਡਿਟਯੋਗਤਾ ਨੂੰ ਬਿਹਤਰ ਬਣਾਉਣ ਲਈ ਰੀਅਲ-ਟਾਈਮ ਡੈਸ਼ਬੋਰਡ ਅਤੇ ਜਨਤਕ ਖੁਲਾਸਾ ਪ੍ਰਣਾਲੀਆਂ ਸ਼ਾਮਲ ਹਨ।

ਉਨ੍ਹਾਂ ਅੱਗੇ ਕਿਹਾ ਕਿ ਕੇਂਦਰੀ ਸਪਾਂਸਰਡ ਸਕੀਮ ਆਰਕੀਟੈਕਚਰ, ਜਿਸ ਵਿੱਚ ਜ਼ਿਆਦਾਤਰ ਰਾਜਾਂ ਲਈ 60:40 ਕੇਂਦਰ-ਰਾਜ ਲਾਗਤ ਵੰਡ (ਵਿਸ਼ੇਸ਼-ਸ਼੍ਰੇਣੀ ਦੇ ਰਾਜਾਂ ਅਤੇ ਕੁਝ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ ਵੱਖਰੇ ਪੈਟਰਨਾਂ ਦੇ ਨਾਲ) ਸ਼ਾਮਲ ਹੈ, ਇੱਕ ਵਧੇਰੇ ਢਾਂਚਾਗਤ ਵਿੱਤ ਪਹੁੰਚ ਪੇਸ਼ ਕਰਦਾ ਹੈ ਜੋ ਭਵਿੱਖਬਾਣੀ ਨੂੰ ਬਿਹਤਰ ਬਣਾ ਸਕਦਾ ਹੈ, ਪਰ ਇਹ ਰਾਜ-ਪੱਧਰੀ ਲਾਗੂਕਰਨ ਅਨੁਸ਼ਾਸਨ ਅਤੇ ਸਮੇਂ ਸਿਰ ਲਾਗੂ ਕਰਨ ਦੀ ਮਹੱਤਤਾ ਨੂੰ ਵੀ ਵਧਾਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਪੰਜਾਬ ਨੂੰ ਮਾਪ, ਮਨਜ਼ੂਰੀਆਂ, ਭੁਗਤਾਨਾਂ ਅਤੇ ਸ਼ਿਕਾਇਤ ਨਿਵਾਰਣ ਲਈ ਖੇਤਰੀ ਸਮਰੱਥਾ ਬਣਾਉਣ ’ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਤਾਂ ਜੋ ਕਾਨੂੰਨੀ ਗਰੰਟੀਆਂ ਜ਼ਮੀਨੀ ਪੱਧਰ ’ਤੇ ਭਰੋਸੇਯੋਗ ਡਿਲੀਵਰੀ ਵਿੱਚ ਅਨੁਵਾਦ ਹੋ ਸਕਣ।

# ਨਵੇਂ ਸਾਲ ਦੀ ਆਮਦ ਮੌਕੇ ਸ਼੍ਰੋਮਣੀ ਅਕਾਲੀ ਦਲ ਹਲਕਾ ਸਮਰਾਲਾ ਵਲੋਂ ਪਾਏ ਗਏ ਆਖੰਡ ਪਾਠ ਸਾਹਿਬ ਦੇ ਭੋਗ

**ਮਾਛੀਵਾੜਾ ਸਾਹਿਬ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੋਮਣੀ ਅਕਾਲੀ ਦਲ ਹਲਕਾ ਸਮਰਾਲਾ ਦੀ ਸਮੁੱਚੀ ਲੀਡਰਸ਼ਿਪ ਵਲੋਂ ਨਵੇਂ ਵਰ੍ਹੇ 2026 ਦੀ ਆਮਦ ’ਤੇ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਦੀ ਅਗਵਾਈ ਵਿਚ ਪਾਰਟੀ ਦੀ ਚੜ੍ਹਦੀਕਲਾ ਅਤੇ ਸਰਬੱਤ ਦੇ ਭਲੇ ਲਈ ਸ੍ਰੀ ਆਖੰਡ ਪਾਠ ਸਾਹਿਬ ਪਾਠ ਦੇ ਭੋਗ ਪਾਏ ਗਏ ਅਤੇ ਸਰਬੱਤ ਦੇ ਭਲੇ ਤੇ ਪਾਰਟੀ ਦੀ ਚੜ੍ਹਦੀਕਲਾ ਲਈ ਅਰਦਾਸ ਵੀ ਕੀਤੀ। ਇਸ ਮੌਕੇ ਭਾਰੀ ਗਿਣਤੀ ’ਚ ਇਕੱਤਰ ਹੋਏ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਨਵਾਂ ਵਰ੍ਹਾ ਸਮੂਹ ਮਨੁੱਖਤਾ ਲਈ ਖੁਸ਼ੀਆਂ, ਖੇੜੇ ਭਰਿਆ ਹੋਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਸਮੂਹ ਵਰਕਰਾਂ ਨੂੰ 2026 ਵਿਚ ਇੱਕਜੁਟ ਹੋ ਕੇ ਕੰਮ ਕਰਨ, ਤਾਂ ਜ਼ੋ 2027 ਵਿੱਚ ਪਾਰਟੀ ਵੱਡੀ ਲੀਡ ਨਾਲ ਬੰਬ ਪ੍ਰਾਪਤ ਕਰ ਸਕੇ। ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਲੋਂ ਮੈਨੇਜਰ ਜਸਵੀਰ ਸਿੰਘ ਮੰਗਲੀ ਅਤੇ ਹੈੱਡ ਗ੍ਰੰਥੀ ਹਰਪਾਲ ਸਿੰਘ ਗੁਰਮੁਖ ਨੇ ਪਰਮਜੀਤ ਸਿੰਘ ਢਿੱਲੋਂ ਨੂੰ ਸਿਰੋਪਾਓ ਭੇਟ ਕੀਤਾ।

ਇਸ ਮੌਕੇ ਸੀਨੀਅਰ ਅਕਾਲੀ ਆਗੂ ਰਜਿੰਦਰ ਸਿੰਘ ਢਿੱਲੋਂ, ਹਰਜਤਿੰਦਰ ਸਿੰਘ ਬਾਜਵਾ, ਬਲਾਕ ਸੰਮਤੀ ਮੈਂਬਰ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ, ਜਥੇਦਾਰ ਹਰਦੀਪ ਸਿੰਘ ਬਹਿਲੋਲਪੁਰ, ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਜਥੇਦਾਰ ਜਸਮੇਲ ਸਿੰਘ ਬੌਂਦਲੀ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜੋਤ ਸਿੰਘ ਮਾਂਗਟ, ਦੇਸਰਾਜ ਸਿੰਘ ਰਹੀਮਾਬਾਦ, ਨਰਿੰਦਰ ਸਿੰਘ ਮਾਂਗਟ, ਚਰਨਜੀਤ ਸਿੰਘ ਲੱਖੋਵਾਲ, ਸਰਪੰਚ ਕਾਬਲ ਸਿੰਘ, ਗੁਰਦੇਵ ਸਿੰਘ ਛੌੜੀਆਂ, ਅਮਰੀਕ ਸਿੰਘ ਹੇੜੀਆਂ, ਬਲਵਿੰਦਰ ਸਿੰਘ ਪ੍ਰਿਥੀਪੁਰ, ਹਰਵਿੰਦਰ ਸਿੰਘ, ਹਰਜਿੰਦਰ ਸਿੰਘ ਟੋਡਰਪੁਰ, ਨਰਿੰਦਰ ਸਿੰਘ ਧੰਨੋਆ, ਮਹਿੰਦਰ ਸਿੰਘ ਸੈਂਸੋਵਾਲ, ਰਜਿੰਦਰ ਸਿੰਘ ਰੰਧਾਵਾ, ਕੁਲਵਿੰਦਰ ਸਿੰਘ ਨੀਲਾ, ਸਿਮਰਨਜੀਤ ਸਿੰਘ ਗੋਗੀਆ ਵੀ ਮੌਜੂਦ ਸਨ।

# ਲੋਹੜੀ ਦੇ ਤਿਉਹਾਰ ਨੂੰ ਵੇਖਦਿਆਂ ਹੋਇਆਂ ਲੋਕਾਂ ’ਚ ਮੂੰਗਫਲੀ ਅਤੇ ਰੇਹੜੀਆਂ ਦੀ ਖਰੀਦੋ ਫਰੋਖ਼ਤ ’ਚ ਭਾਰੀ ਵਾਧਾ

**ਫਗਵਾੜਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਲੋਹੜੀ ਦਾ ਤਿਉਹਾਰ ਜਨਵਰੀ ਨੂੰ ਆ ਰਿਹਾ ਹੈ ਤੇ ਇਸ ਤਿਉਹਾਰ ਦਾ ਉਤਸਾਹ ਸੁਰੂ ਹੋ ਗਿਆ ਹੈ ਜੋ ਬਾਜਾਰਾਂ ’ਚ ਮੂੰਗਫਲੀ, ਗੱਚਕ, ਮੱਕੀ ਦੇ ਦਾਣੇ, ਗਿਰੀ, ਛੋਲੇ ਰਿਉੜੀਆਂ,ਆਦਿ ਸਜਾ ਦਿੱਤੀਆਂ ਗਈਆਂ ਹਨ ਤੇ ਰੌਣਕ ਸ਼ੁਰੂ ਹੋ ਗਈ ਹੈ ਜਿਕਰਯੋਗ ਹੈ ਕਿ ਲੋਹੜੀ ਦੇ ਤਿਉਹਾਰ ਤੋਂ ਥੋੜੇ 1 ਦਿਨ ਪਹਿਲਾਂ ਬੱਚੇ ਟੋਲੀਆਂ ’ਚ. ਘਰ-ਘਰ ਜਾ ਕੇ ਲੋਹੜੀ ਮੰਗਦੇ ਸਨ ਤੇ ਸ਼ਾਮ ਨੂੰ ਘਰ ਆ ਕੇ ਪੈਸੇ ਤੇ ਹੋਰ ਸਾਮਾਨ ਆਪਸ ’ਚ ਵੰਡ ਲੈਂਦੇ ਸਨ।

ਬੱਚਿਆਂ ਨੂੰ ਤਾਂ ਮਾਪਿਆਂ ਕੋਲੋਂ ਝਿੜਕਾਂ ਵੀ ਖਾਣੀਆਂ ਪੈਂਦੀਆਂ ਸਨ ਪਰ ਉਨ੍ਹਾਂ ਦਾ ਸੱਭਿਅਤਾ ਨਾਲ ਪਿਆਰ ਇੰਨਾ ਸੀ ਕਿ ਇਨ੍ਹਾਂ ਬੱਚਿਆ ’ਚ ਲੋਹੜੀ ਮੰਗਣ ਦਾ ਬਹੁਤ ਉਤਸਾਹ ਹੁੰਦਾ ਸੀ ਪਰ ਅੱਜ ਦੇ ਬੱਚੇ ਸੋਸਲ ਮੀਡੀਆ ਤੇ ਮੋਬਾਇਲ ਫੋਨਾਂ ਕਾਰਨ ਇਨ੍ਹਾਂ ਤਿਉਹਾਰਾਂ ਤੋ ਇੰਨੇ ਦੂਰ ਹੋ ਗਏ ਹਨ ਕਿ ਹੁਣ ਬੱਚੇ ਲੋਹੜੀ ਮੰਗਦੇ ਘੱਟ ਹੀ ਦਿਖਾਈ ਦਿੰਦੇ ਹਨ ਤਿਉਹਾਰਾਂ ਪ੍ਰਤੀ ਬੱਚਿਆਂ ਦਾ ਉਤਸਾਹ ਕਾਫੀ ਘੱਟ ਹੋ ਗਿਆ ਹੈ ਹੁਣ ਤਾਂ ਲੋਹੜੀ ਮੰਗਣ ਲਈ ਬੱਚੇ ਘਰੋਂ ਨਿਕਲਣ ’ਚ ਸ਼ਰਮ ਮਹਿਸੂਸ ਕਰਦੇ ਹਨ ਬੱਚੇ ਆਪਣੇ ਮੋਬਾਇਲ ਫੋਨਾਂ ’ਚ ਇੰਨੇ ਵਿਅਸਤ ਹੋ ਗਏ ਹਨ ਕਿ ਉਨ੍ਹਾਂ ਨੂੰ ਇਹ ਵੀ ਬਹੁਤ ਘੱਟ ਪਤਾ ਹੁੰਦਾ ਹੈ ਕਿ ਕਿਹੜਾ ਤਿਉਹਾਰ ਕਦੋ ਆਉਣ ਵਾਲਾ ਹੈ ਹਦੀਆਬਾਦ ਰੋਡ ਨਜ਼ਦੀਕ ਪੈਟਰੋਲ ਪੰਪ ਤੇ ਜਦੋਂ ਇਸ ਬਾਬਤ ਮੂੰਗਫਲੀ ਵਿਕਰੇਤਾ ਕਰਨ ਸਾਗਰ ਨਾਲ ਗੱਲ ਕੀਤੀ ਤਾ ਉਸ ਨੇ ਦੱਸਿਆ ਕਿ ਲੋਕਾ ਚ ਪਿਛਲੇ ਸਾਲ ਨਾਲੋਂ ਜਿਆਦਾ ਉਤਸਾਹ ਵੇਖਣ ਨੂੰ ਮਿਲ ਰਿਹਾ ਹੈ ਪਿਛਲੇ ਸਾਲ ਨਾਲੋਂ ਇਸ ਵਾਰ ਮੂੰਗਫਲੀ ਦਾ ਰੇਟ ਵੀ ਪ੍ਰਤੀ ਕਿਲੋ 140 ਰੁ ਹੈ ਜਦਕਿ ਪਿਛਲੇ ਸਾਲ ਇਸ ਦਾ ਰੇਟ 160ਰੁ ਕਿਲੋ ਸੀ ਦੁਕਾਨਦਾਰ ਨੇ ਕਿਹਾ ਜੇਕਰ ਕਿਸੇ ਵਿਆਕਤੀ ਨੇ ਲੋਹੜੀ ਸੰਬੰਧੀ ਮੂੰਗਫਲੀ ਜਾ ਹੋਰ ਸਮਾਨ ਵੱਧ ਮਾਤਰਾ ਚ ਲੈਣਾ ਹੋਵੇ ਤਾ ਉਸ ਨੂੰ ਹਰ ਆਇਟਮ ਚ ਵਿਸ਼ੇਸ਼ ਰਿਆਇਤ ਦਿੱਤੀ ਜਾਵੇਗੀ ਮੂੰਗਫਲੀ ਵਿਕਰੇਤਾ ਕਰਨ ਸਾਗਰ ਨੇ ਕਿਹਾ ਕਿ ਲੋਕਾ ਚ ਪਿਛਲੇ ਸਾਲ ਨਾਲੋਂ ਜਿਆਦਾ ਉਤਸਾਹ ਵੇਖਣ ਨੂੰ ਮਿਲ ਰਿਹਾ ਹੈ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਪਟਿਆਲਾ ਵਿੱਚ 8 ਜਨਵਰੀ ਤੋਂ ਸ਼ੁਰੂ ਹੋਵੇਗੀ ਰਜਿਸਟਰੇਸ਼ਨ ਪ੍ਰਕਿਰਿਆ

**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿਵਲ ਸਰਜਨ ਪਟਿਆਲਾ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਪਟਿਆਲਾ ਵਿੱਚ 8 ਜਨਵਰੀ 2026 ਤੋਂ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਕੀਤੀ ਜਾ ਰਹੀ ਹੈ ਇਸ ਯੋਜਨਾ ਤਹਿਤ ਪਟਿਆਲਾ ਜਿਲ੍ਹੇ ਦੇ 56 ਪ੍ਰਾਈਵੇਟ ਤੇ 13 ਸਰਕਾਰੀ ਹਸਪਤਾਲਾਂ ਵਿੱਚ ਹਰ ਪਰਿਵਾਰ ਨੂੰ ਪ੍ਰਤੀ ਸਾਲ 10 ਲੱਖ ਤੱਕ ਦਾ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾਵੇਗਾ

ਸਿਵਲ ਸਰਜਨ ਵੱਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨਾਲ ਜੁੜੇ ਮੈਪਿੰਗ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਨੂੰ ਸਰਲ ਤੇ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਜ਼ਰੂਰੀ ਦਿਸ਼ਾ ਨਿਰਦੇਸ਼ ਸਿਹਤ ਅਧਿਕਾਰੀਆ ਨੂੰ ਦਿੱਤੇ ਗਏ।

ਉਨ੍ਹਾਂ ਆਖਿਆ ਕਿ ਇਸ ਯੋਜਨਾ ਦਾ ਮੁੱਖ ਉਦੇਸ਼ ਜ਼ਮੀਨੀ ਪੱਧਰ ਉੱਤੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਬਿਹਤਰ ਸਿਹਤ ਸਹੂਲਤਾਂ ਪਹੁੰਚਾਉਣਾ ਹੈ ਇਸ ਯੋਜਨਾ ਦੀ ਤਫਸੀਲ ਨਾਲ ਜਾਣਕਾਰੀ ਦਿੰਦਿਆਂ ਡਿਪਟੀ ਮੈਡੀਕਲ ਕਮਿਸ਼ਨਰ ਡਾਥ ਜਸਵਿੰਦਰ ਸਿੰਘ ਨੇ ਆਖਿਆ ਕਿ ਇਸ ਯੋਜਨਾ ਤਹਿਤ ਕਾਰਡ ਬਣਵਾਉਣ ਲਈ ਵਿਅਕਤੀ ਦਾ ਪੰਜਾਬ ਦਾ ਵਾਸੀ ਹੋਣਾ ਜ਼ਰੂਰੀ ਹੈ ਇਹ ਕਾਰਡ ਪਿੰਡ ਜਾਂ ਸ਼ਹਿਰ ਦੇ ਕਿਸੇ ਵੀ ਨਜ਼ਦੀਕੀ ਕਾਮਨ ਸਰਵਿਸ ਸੈਂਟਰ ਤੋਂ ਬਣਵਾਇਆ ਜਾ ਸਕਦਾ ਹੈ ਰਜਿਸਟ੍ਰੇਸ਼ਨ ਲਈ ਅਧਾਰ ਕਾਰਡ ਤੇ ਵੋਟਰ ਕਾਰਡ ਨੂੰ ਰਿਹਾਇਸ਼ੀ ਸਰਟੀਫਿਕੇਟ ਵਜੋਂ ਲਾਜ਼ਮੀ ਬਣਾਇਆ ਗਿਆ ਹੈ ਜਿਸ ਦਾ ਪਹਿਲਾਂ ਆਯੂਸ਼ਮਾਨ ਕਾਰਡ ਬਣਿਆ ਹੋਇਆ ਹੈ ਉਸ ਦਾ ਵੀ ਦੁਬਾਰਾ ਇਸ ਸਕੀਮ ਤਹਿਤ ਕਾਰਡ ਬਣਾਇਆ ਜਾਵੇਗਾ

ਉਨ੍ਹਾਂ ਅੱਗੇ ਸਪਸ਼ਟ ਕਰਦਿਆਂ ਆਖਿਆ ਕਿ ਯੋਜਨਾ ਦਾ ਲਾਭ ਉਠਾਉਣ ਲਈ ਹਰ ਯੋਗ ਵਿਅਕਤੀ ਦਾ ਵੱਖੋ ਵੱਖਰਾ ਕਾਰਡ ਬਨਵਾਉਣਾ ਜ਼ਰੂਰੀ ਹੋਵੇਗਾ ਇੱਕ ਪਰਿਵਾਰ ਦੇ ਸਾਰੇ ਜੀਆਂ ਦਾ ਵੱਖਰਾ ਕਾਰਡ ਬਣੇਗਾ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਕਾਰਡ ਬਨਵਾਉਣ ਸਮੇਂ ਅਧਾਰ ਕਾਰਡ ਤੇ ਵੋਟਰ ਕਾਰਡ ਨਾਲ ਲਿਆਉਣਾ ਜ਼ਰੂਰੀ ਹੋਵੇਗਾ ਜਦਕਿ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਲਈ ਅਧਾਰ ਕਾਰਡ ਦੇ ਨਾਲ ਜਨਮ ਪ੍ਰਮਾਣ ਪੱਤਰ ਵੀ ਪੇਸ਼ ਕਰਨਾ ਹੋਵੇਗਾ ਉਨ੍ਹਾਂ ਆਖਿਆ ਕਿ ਜਿਲ੍ਹੇ ਦੀ ਲੱਗਭਗ 20 ਲੱਖ ਆਬਾਦੀ ਹੈ, ਜਿਸ ਵਿੱਚ 984 ਪਿੰਡ ਤੇ 215 ਵਾਰਡ ਸ਼ਾਮਲ ਹਨ ਸਾਰੀ ਆਬਾਦੀ ਦੇ ਕਾਰਡ ਬਨਵਾਉਣ ਲਈ 742 ਕਾਮਨ ਸਰਵਿਸ ਸੈਂਟਰਾਂ ਦੀ ਸ਼ਨਾਖ਼ਤ ਕੀਤੀ ਗਈ ਹੈ ਡੀਐਮਸੀ ਨੇ ਦੱਸਿਆ ਕਿ ਪਿੰਡਾਂ ਦੇ ਸਰਪੰਚਾਂ, ਕਾਊਂਸਲਰਾਂ, ਨੰਬਰਦਾਰਾਂ, ਐਸਐਮਓਜ਼, ਮੈਡੀਕਲ ਅਫਸਰਾਂ, ਏਐਨਐਮਜ਼, ਮੇਲ ਵਰਕਰਜ਼, ਆਸ਼ਾ ਵਰਕਰਾਂ ਤੇ ਗੈਰ ਸਰਕਾਰੀ ਸੰਗਠਨਾਂ ਦੇ ਨਾਲ ਨਾਲ ਸਥਾਨਕ ਸਿਆਸੀ ਲੀਡਰਾਂ ਦੇ ਸਹਿਯੋਗ ਨਾਲ ਇਸ ਮੁਹਿੰਮ ਨੂੰ ਨੇਪਰੇ ਚਾੜ੍ਹਨ ਦਾ ਉਪਰਾਲਾ ਕੀਤਾ ਜਾਵੇਗਾ।

# ਬਲਜਿੰਦਰ ਸਿੰਘ ਢਿੱਲ ਨੇ ਸਨੌਰ ਵਿਖੇ ਹੋਈ ਬੇਅਦਬੀ ਦੀ ਮੰਦਭਾਗੀ ਘਟਨਾ ’ਤੇ ਚਿੰਤਾ ਪ੍ਰਗਟਾਈ



**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਹਲਕਾ ਸਨੌਰ ਵਿਖੇ ਬੇਅਦਬੀ ਹੋਈ ਸੀ। ਇਸ ਮਾਮਲੇ ਨੂੰ ਲੈ ਕੇ ਅੱਜ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਦੇ ਨਾਲ ਮੁਲਾਕਾਤ ਕਰਨ ਪਹੁੰਚੇ ਲੋਕ ਸਭਾ ਇੰਚਾਰਜ ਤੇ ਪੰਜਾਬ ਐਗਰੋ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਜਿੰਨਾ ਨੇ ਇਸ ਮੰਦਭਾਗੀ ਘਟਨਾ ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਗੱਲ ਕਰਦੇ ਕਿਹਾ ਕਿ ਐਸ.ਐਸ.ਪੀ ਪਟਿਆਲਾ ਦੇ ਨਿਰਦੇਸ਼ਾ ਅਨੁਸਾਰ ਪੁਲਿਸ ਥਾਣਾ ਸਨੌਰ ਨੇ 24 ਘੰਟਿਆਂ ਦੇ ਅੰਦਰ ਬੇਅਦਬੀ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਜੋ ਕਿ ਪਟਿਆਲਾ ਪ੍ਰਸ਼ਾਸਨ ਦੀ ਸ਼ਲਾਘਾ ਕਰਨੀ ਬਣਦੀ ਹੈ ਇਸ ਤੋਂ ਇਲਾਵਾ ਸ਼ਲਾਘਾ ਕਰਨੀ ਹਲਕੇ ਦੇ ਲੋਕਾਂ ਦੀ ਬਣਦੀ ਹੈ ਜਿੰਨਾ ਨੇ ਪ੍ਰਸ਼ਾਸਨ ਦਾ ਸਾਥ ਦਿੱਤਾ ਹੈ ਅਤੇ ਅਮਨ ਸ਼ਾਂਤੀ ਨੂੰ ਬਰਕਰਾਰ ਰਖਿਆ ਹੈ। ਢਿੱਲੋਂ ਨੇ ਕਿਹਾ ਕਿ ਜਿਹੜੇ ਸਿਆਸੀ ਲੋਕ ਇਸ ਮੁੱਦੇ ਉੱਤੇ ਸਿਆਸਤ ਕਰ ਰਹੇ ਹਨ। ਉਨ੍ਹਾਂ ਲੋਕਾਂ ਲਈ ਬੜੀ ਮੰਦਭਾਗੀ ਗੱਲ ਹੈ ਕਿ ਜੋ ਲੋਕ ਇਸ ਮੰਦਭਾਗੀ ਘੱਟਨਾ ਉਤੇ ਸਿਆਸਤ ਚਮਕਾ ਰਹੇ। ਢਿੱਲੋਂ ਨੇ ਅਖੀਰ ਵਿੱਚ ਕਿਹਾ ਕਿ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਇਸ ਤਰਾ ਦੀਆਂ ਮੰਦਭਾਗੀ ਘੱਟਨਾਵਾਂ ਨਾ ਹੋਣ ਜੇਕਰ ਕੋਈ ਇਸ ਤਰਾ ਦੀ ਘਿਨੌਨੀ ਹਰਕਤ ਕਰਦਾ ਵੀ ਹੈ ਤਾਂ ਉਸ ਉਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।



ਸੇਵਾਦਾਰ ਰਾਕੇਸ਼ ਬੱਗਾ ਨੇ ਸਨੌਰ ਦੇ ਸ੍ਰੀ ਖਾਟੂ ਸਿਆਮ ਮੰਦਿਰ ਵਿਖੇ ਨਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ ਖਾਟੂ ਸਿਆਮ ਸੇਵਕ ਮੰਡਲ ਵੱਲੋਂ ਸੇਵਾਦਾਰ ਰਾਕੇਸ਼ ਬੱਗਾ ਨੂੰ ਸਨਮਾਨਿਤ ਕੀਤਾ ਗਿਆ ਫ਼ੋਟੋ : ਅਮਰਜੀਤ ਸਿੰਘ

# ਮਨਰੇਗਾ ਸਬੰਧੀ ਬਣਾਏ ਗਏ ਨਵੇਂ ਕਾਨੂੰਨ ਦੇ ਵਿਰੋਧ ਵਿੱਚ ਬਹੁਜਨ ਸਮਾਜ ਪਾਰਟੀ ਨੇ ਕੱਢਿਆ ਰੋਸ ਮਾਰਚ

**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਬਹੁਜਨ ਸਮਾਜ ਪਾਰਟੀ ਦੀ ਜਿਲਾ ਇਕਾਈ ਵਲੋਂ ਪੰਜਾਬ ਮੀਤ ਪ੍ਰਧਾਨ ਬਲਦੇਵ ਸਿੰਘ ਮਹਿਰਾ ਅਤੇ ਜਨਰਲ ਸਕੱਤਰ ਜ਼ੋਗਾ ਸਿੰਘ ਪਨੋਦੀਆ ਜਿਲ੍ਹਾ ਪ੍ਰਧਾਨ ਮੇਜਰ ਸਿੰਘ ਟਿੱਬੀ ਆਦਿ ਆਗੂਆਂ ਦੀ ਅਗਵਾਈ ਵਿੱਚ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਨਰੇਗਾ ਸਬੰਧੀ ਬਣਾਏ ਗਏ ਨਵੇਂ ਕਾਨੂੰਨ ਦੇ ਵਿਰੋਧ ਵਿੱਚ ਰੋਸ ਮਾਰਚ ਕੱਢਿਆ ਗਿਆ ਤੇ ਇਸ ਦੌਰਾਨ ਡਿਪਟੀ ਕਮਿਸ਼ਨਰ ਰਾਹੀਂ ਭੇਜਣ ਲਈ ਮੈਮੋਰੰਡਮ ਰਾਸ਼ਟਰਪਤੀ ਦਰੋਪਦੀ ਮੂਰਮੋ, ਰਾਜਪਾਲ ਪੰਜਾਬ ਅਤੇ ਮੁੱਖ ਸਕੱਤਰ ਪੰਜਾਬ ਸਰਕਾਰ ਦੇ ਨਾਮ ਤੇ ਮੈਮੋਰੰਡਮ ਡਿਊਟੀ ਮੈਜਿਸਟਰੇਟ ਕਰਨਦੀਪ ਸਿੰਘ ਭੁੱਲਰ ਨੂੰ ਦਿੱਤਾ ਗਿਆ। ਇਸ ਮੌਕੇ ਮੀਤ ਪ੍ਰਧਾਨ ਬਲਦੇਵ ਸਿੰਘ ਮਹਿਰਾ, ਜੋਗਾ ਸਿੰਘ ਪਨੋਦੀਆ, ਮੇਜਰ ਸਿੰਘ ਟਿੱਬੀ, ਰੂਪ ਸਿੰਘ ਬਠੋਈ ਆਦਿ ਆਗੂਆਂ ਨੇ ਕੇਂਦਰ ਸਰਕਾਰ ਦੀ ਮਨਰੇਗਾ ਸਬੰਧੀ ਇਸ ਨੀਤੀ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਨਵੇਂ ਕਾਨੂੰਨ ਨਾਲ ਕਰੋੜਾਂ ਗਰੀਬ ਮਜਦੂਰਾਂ ਦਾ ਰੋਜਗਾਰ ਖਤਰੇ ਵਿੱਚ ਪੈ ਜਾਵੇਗਾ। ਇਸ ਲਈ ਕੇਂਦਰ ਸਰਕਾਰ ਨੂੰ ਤੁਰੰਤ ਇਹ ਬਿੱਲ ਰੱਦ ਕਰਕੇ ਪਹਿਲਾਂ ਵਾਲਾ ਮਨਰੇਗਾ ਐਕਟ 2005 ਬਹਾਲ ਕਰਨਾ ਚਾਹੀਦਾ ਹੈ।

ਇਸ ਮਾਮਲੇ ਨੂੰ ਲੈ ਕੇ ਅੱਜ ਪੂਰੇ ਪੰਜਾਬ ਵਿੱਚ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪੇ ਗਏ। ਉਹਨਾਂ ਮੰਗ ਕੀਤੀ ਕਿ ਜੀ ਰਾਮ ਜੀ ਬਿੱਲ 2025 ਨੂੰ ਰੱਦ ਕਰਨ ਦੇ ਨਾਲ ਨਾਲ ਮਜਦੂਰਾਂ ਦੇ ਕੰਮ ਦੇ ਦਿਨ ਵਧਾਏ ਜਾਣ ਅਤੇ ਉਜਰਤ ਘੱਟੋ—ਘੱਟ 700 ਰੁਪਏ ਪ੍ਰਤੀ ਦਿਹਾੜੀ ਨਿਰਧਾਰਤ ਕੀਤੀ ਜਾਵੇ। ਇਸ ਮੌਕੇ ਰੂਪ ਸਿੰਘ ਬਠੋਈ ਕੋਆਰਡੀਨੇਟਰ, ਅਜੈਬ ਸਿੰਘ ਬਠੋਈ ਪ੍ਰਧਾਨ ਨਰੇਗਾ ਵਰਕਰ ਫਰੰਟ ਪੰਜਾਬ, ਬੰਤ ਸਿੰਘ, ਸੁਰਜੀਤ ਸਿੰਘ ਗੋਰੀਆ, ਜ਼ਸਪਾਲ ਸਿੰਘ ਐਡਵੋਕੇਟ, ਮੱਘਰ ਸਿੰਘ ਕਨਸੂਹਾ, ਅਮਰ ਸਿੰਘ ਸੈਂਪਲਾ, ਗੁਰਮੀਤ ਸਿੰਘ, ਚੰਨ ਸਿੰਘ ਭੱਟੀ, ਸੁਖਲਾਲ ਸਿੰਘ, ਪਰਮਿੰਦਰ ਸਿੰਘ, ਹਰਵਿੰਦਰ ਸਿੰਘ ਨਾਰੜੂ, ਰਵੀ ਕੁਮਾਰ ਵਾਲਮੀਕਿ, ਜਰਨੈਲ ਸਿੰਘ ਆਈ.ਟੀ.ਓ. ਗੁਰਮੁੱਖ ਸਿੰਘ ਜਾਗੀ, ਕੁਲਦੀਪ ਸਿੰਘ ਬਾਗੀ, ਅਵਤਾਰ ਸਿੰਘ ਬਹਾਦਰਗੜ੍ਹ, ਗੁਰਮੁੱਖ ਸਿੰਘ ਰੁੜਕੀ, ਜਗਮੇਲ ਸਿੰਘ, ਸ਼ੇਰੂ ਰਾਮ, ਰਜਿੰਦਰ ਸਿੰਘ ਚੱਪੜ, ਸੁਨਿਲ ਕੁਮਾਰ, ਰਜਿੰਦਰ ਕੁਮਾਰ ਆਦਿ ਆਗੂ ਹਾਜਰ ਸਨ।

# ਹਨੂੰਮਾਨ ਮੰਦਿਰ ਅਬਲੋਵਾਲ ਵਿਖੇ ਹਨਵਯੱਗ ਕਰਵਾ ਕੇ ਸ਼ੁਰੂ ਕੀਤੀ ਨਵੇਂ ਸਾਲ ਦੀ ਸ਼ੁਰੂਆਤ



**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਟੀਮ ਹਿਊਮਨ ਸਰਵਿਸ ਸੋਸਾਇਟੀ ਨੇ ਨਵੇਂ ਸਾਲ ਦੀ ਸ਼ੁਰੂਆਤ ਹਨੂੰਮਾਨ ਮੰਦਿਰ ਅਬਲੋਵਾਲ ਹਨਵਯੱਗ ਕਰਵਾਕੇ ਕੀਤੀ। ਟੀਮ ਹਿਊਮਨ ਸਰਵਿਸ ਸੋਸਾਇਟੀ ਨੇ ਨਵੇਂ ਸਾਲ ਦੀ ਸ਼ੁਰੂਆਤ ਹਨੂੰਮਾਨ ਮੰਦਿਰ ਅਬਲੋਵਾਲ ਵਿੱਚ ਸਰਬਤ ਦੇ ਭਲੇ ਦੀ ਅਰਦਾਸ ਹਵਨ ਯਗ ਕਰਵਾ ਕੇ ਕੀਤੀ ਤੇ ਪ੍ਰਾਥਨਾ ਕੀਤੀ ਕਿ ਸਾਰਾ ਸੰਸਾਰ ਅਤੇ ਦੇਸ਼ ਵਿੱਚ ਆਉਣ ਵਾਲਾ ਸਾਲ ਖੁਸ਼ੀਆਂ ਲੈ ਕੇ ਆਵੇ। ਇਸ ਮੌਕੇ ਤੇ ਹਰੀਓਮ ਚੇਅਰਮੈਨ ਹਿਊਮਨ ਸਰਵਿਸ ਸੋਸਾਇਟੀ ਟੀਮ ਦੁਆਰਾ ਅਤੁੱਟ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਤੇ ਭਾਰੀ ਗਿਣਤੀ ਵਿੱਚ ਟੀਮ ਮੈਂਬਰ ਤੇ ਭਗਤ ਮੰਦਿਰ ਵਿੱਚ ਨਤਮਸਤਕ ਹੋਏ। ਜਤਿੰਦਰ ਸ਼ਰਮਾ ਨੇ ਕਿਹਾ ਕਿ ਸਾਡੀ ਟੀਮ ਲੋਕ ਸੇਵਾ ਦਾ ਕੰਮ ਪੂਰੇ ਪੰਜਾਬ ਵਿੱਚ ਮਿਲ ਕੇ ਕਰ ਰਹੀ ਹੈ। ਪ੍ਰਮਾਤਮਾ ਦੇ ਆਸ਼ਿਰਵਾਦ ਨਾਲ ਕਰਦੀ ਰਹੇਗੀ। ਉਦਾਸੀਨ ਅਖਾੜਾ ਸਨਿਆਸ ਆਸ਼ਰਮ ਵਿੱਚ ਵੀ ਟੀਮ ਨੇ ਹਵਨ ਯੱਗ ਵਿੱਚ ਹਿੱਸਾ ਲਿੱਤਾ। ਇਸ ਮੌਕੇਤੇ ਵਿਸ਼ੇਸ਼ ਤੌਰ ਤੇ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ, ਚੇਅਰਪਰਸਨ ਵਰਸ਼ਾ ਗੋਇਲ, ਚੇਅਰਮੈਨ ਹਰੀਓਮ, ਰੰਧਾਵਾ ਸਿੰਘ, ਰਾਜੇਸ਼ਵਰ / ਮਹੰਤ ਸਰਬਜੀਤ ਗਿਰੀ ਤੇ ਭਾਰੀ ਗਿਣਤੀ ਵਿੱਚ ਸ਼ਰਧਾਲੂ ਅਤੇ ਟੀਮ ਮੈਂਬਰ ਮੌਜੂਦ ਰਹੇ।

# ਆਰਟੀਆਈ ਕਾਰਕਾਰਕੁੰਨ ਗੋਇਲ ਸਮੇਤ 10 ਪੱਤਰਕਾਰਾਂ ’ਤੇ ਐਫਆਈਆਰ ਦਰਜ ਕਰਨਾ ਮੰਦਭਾਗੀ: ਪ੍ਰਦੀਪ ਵਰਮਾ

**ਪਟਿਆਲਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰਟੀਆਈ ਕਾਰਕੁਨ ਗੋਇਲ ਸਮੇਤ 10 ਪੱਤਰਕਾਰਾਂ ਤੇ ਐਫਆਈਆਰ ਦਰਜ ਕਰਨ ਨੂੰ ਲੈ ਕੇ ਸ਼ਿਵ ਸੈਨਾ ਹਿੰਦੁਸਤਾਨ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਸ਼ਿਵ ਸੈਨਾ ਹਿੰਦੁਸਤਾਨ ਦੇ ਸਪੋਕਸਪਰਸਨ ਪ੍ਰਦੀਪ ਵਰਮਾ ਨੇ ਕਿਹਾ ਕਿ ਪੱਤਰਕਾਰ ਲੋਕਤੰਤਰ ਦਾ ਚੌਥਾ ਸਤੰਭ ਹਨ ਅਤੇ ਉਨ੍ਹਾਂ ਤੇ ਇਸ ਤਰ੍ਹਾਂ ਦੀ ਕਾਰਵਾਈ ਕਰਨਾ ਸਿੱਧਾ ਲੋਕਤੰਤਰ ਤੇ ਹਮਲਾ ਹੈ, ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰ ਅਤੇ ਆਰਟੀਆਈ ਕਾਰਕੁਨ ਸਮਾਜ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ ਲਈ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹਨ। ਅਜਿਹੇ ਵਿੱਚ ਉਨ੍ਹਾਂ ਨੂੰ ਡਰਾਉਣ ਜਾਂ ਦਬਾਉਣ ਦੀ ਕੋਸ਼ਿਸ਼ ਕਾਬਲ-ਏ-ਨਿੰਦਾ ਹੈ। ਪ੍ਰਦੀਪ ਵਰਮਾ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਬੇਗੁਨਾਹ ਪੱਤਰਕਾਰਾਂ ਤੇ ਦਰਜ ਐਫਆਈਆਰ ਤੁਰੰਤ ਰੱਦ ਕੀਤੀ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਸ਼ਿਵ ਸੈਨਾ ਹਿੰਦੁਸਤਾਨ ਪੱਤਰਕਾਰਾਂ ਦੀ ਆਵਾਜ਼ ਨਾਲ ਖੜੀ ਹੈ ਅਤੇ ਜੇ ਲੋੜ ਪਈ ਤਾਂ ਲੋਕਤੰਤਰ ਅਤੇ ਅਭਿਵਿਅਕਤੀ ਦੀ ਆਜ਼ਾਦੀ ਦੀ ਰੱਖਿਆ ਲਈ ਸੰਘਰਸ਼ ਵੀ ਕੀਤਾ।



ਸਾਬਕਾ ਸਰਪੰਚ ਨਿਰਮਲ ਸਿੰਘ ਮਜਾਲੀਆ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਕੁਲਦੀਪ ਕੌਰ ਮਜਾਲੀਆ ਵੱਲੋਂ ਆਪ ਸਾਰਿਆਂ ਨੂੰ ਨਵੇਂ ਸਾਲ 2026 ਦੀਆਂ ਬਹੁਤ ਬਹੁਤ ਮੁਬਾਰਕਾਂ ਜੀ

# ਹਲਕਾ ਪਾਇਲ ਵਿੱਚ ਸਿਹਤ ਸੇਵਾਵਾਂ ਨੂੰ ਵੱਡੀ ਮਜ਼ਬੂਤੀ ਨਵੇਂ ਡਾਕਟਰਾਂ-ਨਰਸਾਂ ਦਾ ਸਨਮਾਨ : ਵਿਧਾਇਕ ਗਿਆਸਪੁਰਾ

**ਲੁਧਿਆਣਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਣਨ ਤੋਂ ਬਾਅਦ ਹਲਕਾ ਪਾਇਲ ਵਿੱਚ ਸਿਹਤ ਖੇਤਰ ਵਿੱਚ ਇਤਿਹਾਸਕ ਸੁਧਾਰ ਹੋਏ ਹਨ। ਇਸ ਸਬੰਧੀ ਨਵੇਂ ਤਾਇਨਾਤ 44 ਡਾਕਟਰਾਂ ਅਤੇ ਨਰਸਾਂ ਦੇ ਸਨਮਾਨ ਸਮਾਰੋਹ ਵਿੱਚ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਸਰਕਾਰੀ ਹਸਪਤਾਲਾਂ ਨੂੰ ਮੁੜ ਜੀਵੰਤ ਕੀਤਾ ਗਿਆ ਹੈ ਅਤੇ ਲੋਕਾਂ ਨੂੰ ਮੁਫ਼ਤ, ਉੱਚ-ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਮਿਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਹਲਕੇ ਵਿੱਚ ਛੇ ਮੁਹੱਲਾ ਕਲੀਨਿਕ ਸ਼ੁਰੂ ਹੋ ਚੁੱਕੇ ਹਨ ਅਤੇ ਦੋਰਾਹਾ ਦਾ ਨਵਾਂ ਸਰਕਾਰੀ ਹਸਪਤਾਲ ਪੂਰੀ ਤਰ੍ਹਾਂ ਸਰਗਰਮ ਕੀਤਾ ਜਾ ਰਿਹਾ ਹੈ, ਜਿੱਥੇ 10 ਸਪੈਸ਼ਲਿਸਟ ਡਾਕਟਰ ਤਾਇਨਾਤ ਹਨ। ਗਿਆਸਪੁਰਾ ਨੇ ਹਲਕਾ ਪਾਇਲ ਵਿੱਚ ਮੈਡੀਕਲ ਕਾਲਜ ਸਥਾਪਤ ਕਰਨ ਦੀ ਇੱਛਾ ਵੀ ਦੁਹਰਾਈ। ਸਮਾਰੋਹ ਦੌਰਾਨ ਡਾਕਟਰਾਂ ਤੇ ਨਰਸਾਂ ਨੂੰ ਸਨਮਾਨਿਤ ਕੀਤਾ ਗਿਆ। ਸਟੇਜ ਸੰਚਾਲਨ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਸੁਦਰਸ਼ਨ ਕੁਮਾਰ ਸ਼ਰਮਾ ਵੱਲੋਂ ਕੀਤਾ ਗਿਆ, ਜਦਕਿ ਸਿਵਲ ਸਰਜਨ ਲੁਧਿਆਣਾ ਰਮਨਦੀਪ ਕੌਰ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨ ਦਿੱਤਾ ਗਿਆ।

# ਦੇਵ ਮਾਨ ਨੇ ਪਿੰਡ ਹੱਲੋਤਾਲੀ ਤੋ ਭਾਦਸੋਂ ਮੁੱਖ ਮਾਰਗ 5.48 ਕਿਲੋਮੀਟਰ ਸੜਕ ਦਾ ਕੀਤਾ ਉਦਘਾਟਨ

**ਨਾਭਾ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪਿੰਡ ਹੱਲੋਤਾਲੀ ਭਾਦਸੋ ਮੁੱਖ ਮਾਰਗ ਤੱਕ 5.48 ਕਿਲੋਮੀਟਰ 78.80 ਲੱਖ ( ਮੁਰੰਮਤ ਲਈ 22.37 ਲੱਖ ) ਕੁੱਲ 101.12 ਲੱਖ ਲਾਗਤ ਨਾਲ ਬਨਣ ਵਾਲੀ ਸੜਕ ਦਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੇ ਨੀਂਹ ਪੱਥਰ ਰੱਖਿਆ ਇਸ ਦੇ ਨਾਲ ਹੀ ਪਿੰਡ ਨਾਨੋਕੀ ਤੋ ਪਿੰਡ ਮਾਂਗੇਵਾਲ 3.48 ਕਿਲੋਮੀਟਰ 50:53 ਲੱਖ ( ਮੁਰੰਮਤ ਲਈ 14.21 ਲੱਖ ) ਕੁੱਲ 64.74 ਦੀ ਲਾਗਤ ਨਾਲ ਬਣਕੇ ਤਿਆਰ ਹੋਵੇਗੀ ਇਸ ਦਾ ਵਿਧਾਇਕ ਦੇਵ ਮਾਨ ਵੱਲੋਂ ਨੀਂਹ ਪੱਥਰ ਰੱਖਿਆ ਗਿਆ ਇਸ ਨਾਲ ਪਿੰਡ ਹੱਲੋਤਾਲੀ , ਸਕਰਾਲੀ ਤੇ ਨਾਨੋਕੀ ਦੀਆ ਸਮੁੱਚੀਆਂ ਪੰਚਾਇਤਾਂ ਤੇ ਇਲਾਕੇ ਦੇ ਲੋਕਾਂ ਕਈ ਸਾਲਾ ਤੋ ਵੱਡੀ ਮੰਗ ਪੂਰੀ ਹੋਣ ਜਾ ਰਹੀ ਹੈ ਇਸ ਮੌਕੇ ਉਨਾਂ ਦੇ ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ ਮਾਰਕਿਟ ਕਮੇਟੀ ਭਾਦਸੋਂ , ਨਾਲ ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ , ਮਨਪ੍ਰੀਤ ਸਿੰਘ ਧਾਰੋਕੀ ਪ੍ਰਧਾਨ ਟਰੱਕ ਯੂਨੀਅਨ , ਧਰਮਿੰਦਰ ਸਿੰਘ ਸੁੱਖੇਵਾਲ , ਭੁਪਿੰਦਰ ਸਿੰਘ ਕੱਲਰ ਮਾਜਰੀ ਮੈਂਬਰ ਬਲਾਕ ਸੰਮਤੀ , ਪ੍ਰਗਟ ਸਿੰਘ ਮਾਂਗੇਵਾਲ , ਸਰਬਜੀਤ ਸਿੰਘ ਬਿੱਲੂ ਮੈਂਬਰ ਬਲਾਕ ਸੰਮਤੀ , ਸੱਜਣ ਸਿੰਘ , ਰਣਜੀਤ ਸਿੰਘ , ਸਤਨਾਮ ਸਿੰਘ, ਈਸ਼ਵਰ ਸਿੰਘ , ਜਸਵੀਰ ਸਿੰਘ ਵਜੀਦਪੁਰ , ਸੁਖਦੀਪ ਸਿੰਘ ਖਹਿਰਾ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

# ਚੌਥੇ ਸਤੰਭ ਤੇ ਸਿੱਧਾ ਹਮਲਾ 10 ਪੱਤਰਕਾਰਾਂ ਤੇ ਐਫਆਈਆਰ ਦਰਜ ਕਰਨਾ ਮੰਦਭਾਗੀ: ਪ੍ਰਦੀਪ ਵਰਮਾ

**ਧੂਰੀ, 6 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰਟੀਆਈ ਕਾਰਕੁਨ ਗੋਇਲ ਸਮੇਤ 10 ਪੱਤਰਕਾਰਾਂ ਤੇ ਐਫਆਈਆਰ ਦਰਜ ਕਰਨ ਨੂੰ ਲੈ ਕੇ ਸ਼ਿਵ ਸੈਨਾ ਹਿੰਦੁਸਤਾਨ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਸ਼ਿਵ ਸੈਨਾ ਹਿੰਦੁਸਤਾਨ ਦੇ ਸਪੋਕਸਪਰਸਨ ਪ੍ਰਦੀਪ ਵਰਮਾ ਨੇ ਕਿਹਾ ਕਿ ਪੱਤਰਕਾਰ ਲੋਕਤੰਤਰ ਦਾ ਚੌਥਾ ਸਤੰਭ ਹਨ ਅਤੇ ਉਨ੍ਹਾਂ ਤੇ ਇਸ ਤਰ੍ਹਾਂ ਦੀ ਕਾਰਵਾਈ ਕਰਨਾ ਸਿੱਧਾ ਲੋਕਤੰਤਰ ਤੇ ਹਮਲਾ ਹੈ, ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ।

# ਗ਼ਜ਼ਲ ਮੇਰੀ ਰੂਹ ਨਾਲ ਮੇਲ ਖਾਂਦੀ ਹੈ

## ਕਰਨੈਲ ਸਿੰਘ ਨੇਕਨਾਮਾ



• ਧਰਮਪਾਲ ਸਾਹਿਲ
98761-56964

ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਢੀ ਪਹਾੜੀ ਖੇਤਰ ਦੀਆਂ ਹਰੀਆਂ ਭਰੀਆਂ ਸ਼ਿਵਾਲਿਕ ਪਹਾੜੀਆਂ ਦੀ ਗੋਦ ਵਿਚ ਵਸਿਆ ਹੈ ਇਕ ਨਿੱਕਾ ਜਿਹਾ ਪਿੰਡ ਨੇਕਨਾਮਾ। ਹਰ ਪਾਸੇ ਹਰਿਆਵਲ। ਵਗਦੇ ਚੋਅ। ਅਸੀਮ ਸ਼ਾਂਤੀ। ਪੰਛੀਆਂ ਦੀਆਂ ਮਨਮੋਹਕ ਆਵਾਜ਼ਾਂ। ਕੁਦਰਤੀ ਖ਼ੂਬਸੂਰਤੀ ਨਾਲ ਲਬਰੇਜ਼ ਇਲਾਕਾ। ਇਸ ਨਿੱਕੇ ਜਿਹੇ ਪਿੰਡ ਦਾ ਇਕ ਨਿੱਕਾ ਜਿਹਾ ਨਿਮਨ ਕਿਰਸਾਨੀ ਪਰਿਵਾਰ। ਪਿਤਾ ਦਸੌਧਾ ਸਿੰਘ ਅਤੇ ਮਾਤਾ ਰਤਨ ਕੌਰ ਦੇ ਘਰ ਜਨਮਿਆ ਪਲੇਠਾ ਪੁੱਤਰ ਕਰਨੈਲ ਸਿੰਘ। ਜਿਹੜਾ ਹੁਣ ਸਾਹਿਤਕ ਅਤੇ ਸਿੱਖਿਆ ਖੇਤਰ ਵਿਚ ਮਾ. ਕਰਨੈਲ ਸਿੰਘ ਨੇਕਨਾਮਾ ਦੇ ਨਾਂ ਨਾਲ ਮਸ਼ਹੂਰ ਹੈ। ਆਪਣੇ ਸਾਊ ਵਿਵਹਾਰ ਅਤੇ ਨੇਕ ਚਾਲਚਲਣ ਸਦਕਾ ਉਹ ਆਪਣੇ ਪਿੰਡ ਦੇ ਨਾਂ ਨੂੰ ਸਾਰਥਕ ਕਰ ਰਿਹਾ ਹੈ।

ਸਰਕਾਰੀ ਰਿਕਾਰਡ ਮੁਤਾਬਕ 4 ਜਨਵਰੀ 1948 ਨੂੰ ਜਨਮੇ ਕਰਨੈਲ ਸਿੰਘ ਦੇ ਸਮੇਂ ਉਸ ਦੇ ਪਿੰਡ ਨੇਕਨਾਮਾ ਤੋਂ ਤਿੰਨ ਚਾਰ ਕੋਹ ਤਕ ਕੋਈ ਪ੍ਰਾਇਮਰੀ ਸਕੂਲ ਵੀ ਨਹੀਂ ਸੀ। ਹਾਲਾਂਕਿ ਪਿਉ ਦਾਦੇ ਦਾ ਉਸ ਨੂੰ ਪੜ੍ਹਾਉਣ ਦਾ ਬਹੁਤ ਸ਼ੌਕ ਸੀ। ਫਿਰ ਖ਼ੁਸ਼ਕਿਸਮਤੀ ਨਾਲ ਪਿੰਡ ਦੀ ਇਕ ਸਰਾਂ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਖੁੱਲ੍ਹ ਗਿਆ ਅਤੇ ਕਰਨੈਲ ਸਿੰਘ ਨੂੰ ਉਸ ਸਕੂਲ ਦੇ ਪਹਿਲੇ ਪੂਰ ਦਾ ਵਿਦਿਆਰਥੀ ਹੋਣ ਦਾ ਮਾਣ ਹਾਸਿਲ ਹੋਇਆ। ਪਿੰਡੋਂ ਚਾਰ ਕੋਹ ’ਤੇ ਸਥਿਤ ਪਿੰਡ ਰਾਮਪੁਰ ਹਲੇੜ ਤੋਂ 1964 ਵਿਚ ਪਹਿਲੇ ਦਰਜੇ ਵਿਚ ਦਸਵੀਂ ਪਾਸ ਕਰਨ ਮਗਰੋਂ ਅਗਲੀ ਪੜ੍ਹਾਈ ਦੇ ਰਸਤੇ ਇਕ ਤਰ੍ਹਾਂ ਨਾ ਬੰਦ ਹੀ ਹੋ ਗਏ ਸਨ। ਆਰਥਕ ਪੱਖੋਂ ਘਰ ਦੇ ਹਾਲਾਤ ਇੰਨੇ ਸੁਖਾਵੇਂ ਨਹੀਂ ਸਨ। ਮਸਾਂ ਦਾਲ ਫੁਲਕਾ ਚੱਲਦਾ ਸੀ। ਪਰ ਇਕ ਸੁਹਿਰਦ ਰਿਸ਼ਤੇਦਾਰ ਨੇ ਸਰਕਾਰੀ ਸੀ. ਸੈਕੰਡਰੀ ਸਕੂਲ ਟਾਂਡਾ ਵਿਖੇ ਦਾਖਿਲਾ ਦੁਆ ਦਿੱਤਾ ਤੇ 1966 ਵਿਚ ਜੇ.ਬੀ.ਟੀ.ਚੰਗੇ ਨੰਬਰਾਂ ਨਾਲ ਪਾਸ ਕਰ ਲਈ।

ਫਿਰ 1970 ਵਿਚ ਸਰਕਾਰੀ ਮਿਡਲ ਸਕੂਲ ਡੱਫਰ ਵਿਖੇ ਬਤੌਰ ਜੇਬੀਟੀ ਅਧਿਆਪਕ ਨੌਕਰੀ ਦੀ ਸ਼ੁਰੂਆਤ ਕੀਤੀ। ਪੜ੍ਹਨ ਦੇ ਸ਼ੌਕ ਅਤੇ ਸਕੂਲ ਦੇ ਹੋਰ ਸਟਾਫ ਦੀ ਪ੍ਰੇਰਣਾ ਸਦਕਾ ਪ੍ਰਾਈਵੇਟ ਵਿਦਿਆਰਥੀ ਵਜੋਂ ਗਿਆਨੀ, ਬੀ.ਏ, ਐਮ.ਏ. ਪੰਜਾਬੀ ਪਾਸ ਕਰ ਲਈ। ਫਿਰ 1972 ਵਿਚ ਹੀ ਸਕੂਲ ਦੇ ਰਸਤੇ ਵਿਚ ਪੈਂਦੇ ਇਕ ਪਿੰਡ ਦੀ ਇਕ ਮਟਿਆਰ ਨਾਲ ਮੁਲਾਕਾਤ ਜਨਮ ਜਨਮਾਂਤਰਾਂ ਦੇ ਬੰਧਨ ਵਿਚ ਬਦਲ ਗਈ। ਦੋਹਾਂਪਰਿਵਾਰਾਂ ਦੀ ਸਹਿਮਤੀ ਨਾਲ ਬਿਨਾਂ ਢੋਲ ਢਮੱਕਿਆਂ ਅਤੇ ਬਿਨਾਂ ਦਾਜ ਦਹੇਜ ਦੇ ਵਿਆਹ ਕਰਾ ਕੇ ਇਲਾਕੇ ਵਿਚ ਇਕ ਮਿਸਾਲ ਕਾਇਮ ਕੀਤੀ। ਅੱਜਕੱਲ੍ਹ ਦੋ ਧੀਆਂ ਅਤੇ ਇਕ ਪੁੱਤਰ ਦਾ ਵਸਿਆ ਰਸਿਆ ਪਰਿਵਾਰ ਤੇ ਮਾ. ਕਰਨੈਲ ਸਿੰਘ ਆਪਣਾ ਰਿਟਾਇਰੀ ਜੀਵਨ ਸਾਹਿਤ ਅਤੇ ਸਮਾਜਕ ਜ਼ਿੰਮੇਵਾਰੀ ਨਿਭਾਉਣ ਦੇ ਲੇਖੇ ਲਾ ਰਿਹਾ ਹੈ।

ਗ਼ਜ਼ਲ ਅਤੇ ਕਵਿਤਾ ਦੇ ਖੇਤਰ ਵਿਚ ਕਈ ਕਿਤਾਬਾਂ ਲਿਖ ਕੇ ਮਾ. ਕਰਨੈਲ ਸਿੰਘ ਨੇ ਆਪਣੀ ਪੁਖਤਾ ਪਛਾਣ ਸਥਾਪਿਤ ਕੀਤੀ ਹੈ। ਸਾਹਿਤ ਸਭਾਵਾਂ ਦੇ ਕਵੀ ਦਰਬਾਰਾਂ ਅਤੇ ਹੋਰ ਸਮਾਗਮਾਂ ਵਿਚ ਚੁੱਪਚੁਪੀਤੇ ਹਾਜ਼ਰੀ ਲੁਆਉਂਦਾ ਅਤੇ ਸਾਹਿਤਕ ਕਲਾਬਾਜ਼ੀਆਂ ਤੇ ਰਾਜਨੀਤੀਕ ਵਲ ਫਰੇਬ ਤੋਂ ਦੂਰ ਆਪਣੇ ਸਾਊ ਤੇ ਮਿਲਾਪੜੇ ਸੁਭਾਓ ਸਦਕਾ ਇਕ ਹਰਮਨ ਪਿਆਰਾ ਇਨਸਾਨ ਹੈ। ਮਾ. ਕਰਨੈਲ ਸਿੰਘ ਨਾਲ ਕੀਤੀ ਗਈ ਇਕ ਮੁਲਾਕਾਤ ਦੇ ਕੁਝ ਅੰਸ਼ ਪਾਠਕਾਂ ਦੇ ਰੂਬਰੂ ਹਨ-

**• ਮਾਸਟਰ ਜੀ ਤੁਹਾਨੂੰ ਸ਼ਾਇਰੀ ਵੱਲ ਰੁਝਾਨ ਸ਼ੌਕ ਕਿਵੇਂ ਪੈਦਾ ਹੋਇਆ?**

ਦਰਅਸਲ ਛੋਟੇ ਹੁੰਦਿਆਂ ਲਾਊਡ ਸਪੀਕਰਾਂ ’ਤੇ ਵੱਜਦੇ ਲਾਲ ਚੰਦ ਯਮਲਾ, ਸੁਰਿੰਦਰ ਕੌਰ, ਆਸ਼ਾ ਸਿੰਘ ਮਸਤਾਨਾ ਅਤੇ ਮੁਹੰਮਦ ਸਦੀਕ ਆਦਿ ਗਾਇਕਾਂ ਦੇ ਗਾਏ ਅਤੇ ਨੰਦ ਲਾਲ ਨੂਰਪੁਰੀ ਤੇ ਗੁਰਦੇਵ ਮਾਨ ਜਿਹੇ ਗੀਤਕਾਰਾਂ ਦੇ ਲਿਖੇ ਗੀਤ ਮੇਰੇ ਲਈ ਪ੍ਰੇਰਣਾ ਸਰੋਤ ਬਣੇ। ਮੈਂ ਵੀ ਕੱਚੀ ਉਮਰੇ ਉਨ੍ਹਾਂ ਗੀਤਕਾਰਾਂ ਵਾਂਗ ਹੀ ਜੋੜ-ਤੋੜ ਕੇ ਗੀਤ ਲਿਖਣ ਦੀ ਕੋਸ਼ਿਸ਼ ਕੀਤੀ। ਇਹ ਗੀਤ ਨਾ ਤੇ ਗਾਏ ਹੀ ਅਤੇ ਨਾ ਹੀ ਕਿਧਰੇ ਛਪਣ ਲਈ ਭੇਜੇ।

ਕਵਿਤਾ ਬਾਰੇ ਬਹੁਤਾ ਗਿਆਨ ਨਹੀਂ ਸੀ, ਫਿਰ ਵੀ ਕਲਮ ਆਜਮਾਈ ਕਰਦਾ ਰਹਿੰਦਾ ਸੀ। ਉਨ੍ਹਾਂ ਦਿਨੀਂ ਅਜੀਤ ਦੇ ਹਫਤਾਵਾਰੀ ਕਾਲਮ ਫੁਲਵਾੜੀ ਵਿਚ ਇਕ ਸਮੱਸਿਆ ਦੇ ਕੇ ਬੰਦਿਸ਼ ਵਿਚ ਲਿਖਣ ਲਈ ਨਵੇਂ ਲੇਖਕਾਂ ਨੂੰ ਹਲਾਸ਼ੇਰੀ ਦਿੱਤੀ ਜਾਂਦੀ ਸੀ। ਉਸ ਕਾਲਮ ਵਿਚ ਅਕਸਰ ਦੀਦਾਰ ਗੜ੍ਹਦੀਵਾਲਾ ਦੀ ਕੋਈ ਰਚਨਾ ਛਪਦੀ ਤਾਂ ਦਿਲ ਬੜਾ ਕਰਦਾ ਕਿ ਕਾਸ਼ ਮੇਰੀ ਵੀ ਕੋਈ ਰਚਨਾ ਉਸ ਕਾਲਮ ਵਿਚ ਛਪੇ। ਫਿਰ ਮੈਂ ਦਸੂਹਾ ਗੜ੍ਹਦੀਵਾਲਾ ਸਾਹਿਤ ਸਭਾ ਦੇ ਗਠਨ ਨਾਲ ਪ੍ਰੋ. ਦੀਦਾਰ, ਅਮਰੀਕ ਡੋਗਰਾ, ਤਰਸੇਮ ਸਫ਼ਰੀ ਵਰਗੇ ਕਵੀਆਂ ਦੀ ਸੰਗਤ ਵਿਚ ਆ ਗਿਆ। ਸੰਖੇਪ ਅਤੇ ਘੱਟ ਗੱਲ ਕਰਨ ਕਰਕੇ ਗ਼ਜ਼ਲ ਮੇਰੀ ਰੂਹ ਨਾਲ ਮੇਲ ਖਾ ਗਈ।

**• ਕੀ ਸ਼ਾਇਰੀ ਸਿੱਖਣ ਲਈ ਤੁਸੀਂ ਕੋਈ ਉਸਤਾਦ ਵੀ ਧਾਰਿਆ?**

ਮੈਂ ਪ੍ਰੋ. ਦੀਦਾਰ ਦੇ ਉਸਤਾਦ ਜਨਾਬ ਮਜ਼ਰਮ ਦਸੂਹੀ ਅਤੇ ਤਰਸੇਮ ਸਫਰੀ ਦੇ ਉਸਤਾਦ ਜਨਾਬ ਦੀਪਕ ਜੈਤੋਈ ਜੀ ਦੇ ਇਕ ਦੋ ਵਾਰੀ ਦਰਸ਼ਨ ਤਾਂ ਜ਼ਰੂਰ ਕੀਤੇ ਪਰ ਉਨ੍ਹਾਂ ਵਿੱਚੋਂ ਕਿਸੇ ਦੀ ਵੀ ਸ਼ਾਗਿਰਦੀ ਪ੍ਰਾਪਤ ਕਰਨ ਵਿਚ ਅਸਫਲ ਹੀ ਰਿਹਾ। ਉਂਜ ਹਰ ਚੰਗੇ ਸ਼ਾਇਰ ਦਾ ਕਲਾਮ ਮੇਰੇ ਲਈ “ਏਕਲਵਿਆ” ਵਾਂਗ ਦਰੋਣਾਚਾਰਿਆ ਦਾ ਰੁਤਬਾ ਰੱਖਦਾ ਹੈ।

**• ਤੁਸੀਂ ਕਿਹੜੇ ਸ਼ਾਇਰ ਤੋਂ ਸਭ ਤੋਂ ਵੱਧ ਪ੍ਰਭਾਵਤ ਹੋਏ?**

ਮੈਂ ਸ਼ਿਵ ਕੁਮਾਰ ਬਟਾਲਵੀ ਦੀ ਸ਼ਾਇਰੀ ਤੋਂ ਬਹੁਤ ਪ੍ਰਭਾਵਤ ਸੀ। ਮੇਰੀਆਂ ਮੁੱਢਲੀਆਂ ਰਚਨਾਵਾਂ ਤੇ ਉਨ੍ਹਾਂ ਦਾ ਪ੍ਰਭਾਵ ਸਪਸ਼ਟ ਵੇਖਿਆ ਜਾ ਸਕਦਾ ਹੈ।

**• ਤੁਹਾਡੀ ਪਹਿਲੀ ਪੁਸਤਕ ਕਦੋਂ ਛਪੀ?**

ਮੇਰੀ ਪਹਿਲੀ ਗ਼ਜ਼ਲਾਂ, ਗੀਤਾਂ ਅਤੇ ਕਵਿਤਾਵਾਂ ਦੀ ਕਿਤਾਬ 2011 ਵਿਚ ਪ੍ਰਕਾਸ਼ਤ ਹੋਈ। ਜਿਸ ਨੂੰ ਸੂਝਵਾਨ ਪਾਠਕਾਂ ਅਤੇ ਵਿਦਵਾਨ ਅਲੋਚਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ। ਪੰਜਾਬੀ ਗ਼ਜ਼ਲ ਅਕਾਡਮੀ ( ਇੰਟਰਨੈਸ਼ਨਲ) ਵਲੋਂ ਛਾਪੀਆਂ ਗਈਆਂ ਪੁਸਤਕਾਂ ਵਿਚ ਵੀ ਮੇਰੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਅਤੇ ਉਸ ਪੁਸਤਕ ਲੜੀ ਦਾ ਨਾਂ ‘ਲਟ ਲਟ ਬਲੇ ਚਿਰਾਗ਼’ ਵੀ ਮੇਰੇ ਇਕ ਸ਼ੇਅਰ ’ਤੇ ਅਧਾਰਤ ਹੈ। ਸ਼ੇਅਰ ਇੰਜ ਹੈ-

‘ਧੁਖਦੇ ਰਹਿਣਾ ਜ਼ਿੰਦਗੀ ਦਾ ਨਾਂ ਨਹੀਂ;
ਲ਼ਾਟ ਇਹ ਜਦ ਤਕ ਬਲੇ ਲਟ ਲਟ ਬਲੇ।’

**• ਤੁਹਾਡੀ ਪਹਿਲੀ ਰਚਨਾ ਕਦੋਂ ਤੇ ਕਿੱਥੇ ਛਪੀ?**

ਭਾਰਤ-ਪਾਕ ਦੀ ਪਹਿਲੀ ਜੰਗ ਸਮੇਂ ਬੜੇ ਹੀ ਉਤੇਜਿਤ ਮਾਹੌਲ ਵਿਚ ਮੈਂ ਇਕ ਕਵਿਤਾ ਲਿਖੀ ਜੋ ਸਕੂਲ ਦੇ ਮੈਗਜ਼ੀਨ ਵਿਚ ਛਪੀ ਅਤੇ ਇਹੋ ਕਵਿਤਾ ਟਾਂਡਾ ਵਿਖੇ ਇਕ ਸਮਾਗਮ ਵਿਚ ਕਿਸੇ ਵਿਦਿਆਰਥੀ ਵਲੋਂ ਸੁਰੀਲੀ ਆਵਾਜ਼ ਵਿਚ ਗਾਉਂਦਿਆਂ ਸੁਣਿਆ ਤਾਂ ਬਹੁਤ ਹੀ ਚੰਗਾ ਲਗਿਆ ਤੇ ਮੇਰਾ ਹੌਸਲਾ ਵਧਿਆ। ਇਸ ਮਗਰੋਂ ਪ੍ਰੀਤਲੜੀ, ਨਾਗਮਣੀ, ਸਾਹਿਤਕਾਰ, ਪੰਜਾਬੀ ਦੁਨੀਆ, ਜਨਸਾਹਿਤ ਤੇ ਜਾਗ੍ਰਿਤੀ ਆਦਿ ਵਿਚ ਮੇਰੀਆਂ ਰਚਨਾਵਾਂ ਛਪਦੀਆਂ ਰਹੀਆਂ।



‘ਮੇਰਾ ਦਾਗ਼ਿਸਤਾਨ’ ਮੇਰੀ ਸਭ ਤੋਂ ਪਸੰਦੀਦਾ ਪੁਸਤਕ ਹੈ। ਇਸ ਦੀ ਹਰ ਸਤਰ ਇਕ ਅਟੱਲ ਸੱਚਾਈ ਹੈ। ਇਹ ਹਰ ਤਰ੍ਹਾਂ ਨਾਲ ਲੇਖਕ ਲਈ ਪ੍ਰੇਰਣਾਦਾਇਕ ਹੈ...

ਰੂਬਰੂ

‘ਗ਼ਜ਼ਲ ਉਦਾਸ ਹੈ’ ਅਤੇ ‘ਉਦਾਸ ਮਨਾਂ ’ਚੋਂ ’ ਆਦਿ ਸੰਗ੍ਰਹਿਆਂ ਵਿਚ ਵੀ ਮੇਰੀਆਂ ਗ਼ਜ਼ਲਾਂ ਨੂੰ ਢੁਕਵੀਂ ਥਾਂ ਪ੍ਰਾਪਤ ਹੋਈ ਹੈ।

**• ਤੁਸੀਂ ਕਿਸੇ ਵਾਦ ਤੋਂ ਵੀ ਪ੍ਰਭਾਵਤ ਹੋਏ ਹੋ?**

ਨਹੀਂ ਜੀ; ਮੈਂ ਕਿਸੇ ਵੀ ਵਾਦ ਜਾਂ ਵਿਵਾਦ ਨਾਲ ਬੱਝਾ ਹੋਇਆ ਨਹੀਂ ਹਾਂ। ਫਿਰ ਵੀ ਮਾਨਵਵਾਦ ਨਾਲ ਮੇਰੀ ਆਸਥਾ ਹੈ। ਕਲਾ ਕਲਾ ਲਈ ਮੇਰੇ ਲਈ ਕੋਈ ਮਾਇਨੇ ਨਹੀਂ ਰਖਦੀ ਜੇ ਉਹ ਕਲਿਆਣਕਾਰੀ ਨਹੀਂ, ਜੇ ਉਹ ਸਰਬਤ ਦੇ ਭਲੇ ਲਈ ਪ੍ਰੇਰਿਤ ਨਹੀਂ ਕਰਦੀ।

**• ਤੁਹਾਡੀ ਪਸੰਦੀਦਾ ਪੁਸਤਕ ਕਿਹੜੀ ਹੈ?**

‘ਮੇਰਾ ਦਾਗ਼ਿਸਤਾਨ’ ਮੇਰੀ ਸਭ ਤੋਂ ਪਸੰਦੀਦਾ ਪੁਸਤਕ ਹੈ। ਇਸ ਪੁਸਤਕ ਦੀ ਹਰ ਸਤਰ ਇਕ ਅਟੱਲ ਸੱਚਾਈ ਹੈ। ਇਹ ਹਰ ਤਰ੍ਹਾਂ ਨਾਲ ਇਕ ਲੇਖਕ ਲਈ ਪ੍ਰੇਰਣਾਦਾਇਕ ਅਤੇ ਸਿੱਖਿਆਦਾਇਕ ਹੈ।

**• ਤੁਸੀਂ ਕਿਹੜੇ ਸ਼ਾਇਰਾਂ ਨੂੰ ਵਾਰ-ਵਾਰ ਪੜ੍ਹਨਾ ਪਸੰਦ ਕਰਦੇ ਹੋ।**

ਵਿਸ਼ੇਸ਼ ਤੌਰ ’ਤੇ ਗ਼ਜ਼ਲ ਨਾਲ ਲਗਾਉ ਹੋਣ ਕਰ ਕੇ ਸੁਰਜੀਤ ਪਾਤਰ, ਡਾ. ਜਗਤਾਰ, ਜਸਵਿੰਦਰ, ਸੁਖਵਿੰਦਰ ਅੰਮ੍ਰਿਤ, ਹਰਦਿਆਲ ਸਾਗਰ ਅਤੇ ਅਮਰੀਕ ਡੋਗਰਾ ਆਦਿ ਸ਼ਾਇਰਾਂ ਦੀਆਂ ਪੁਸਤਕਾਂ ਹਰ ਸਮੇਂ ਮੇਰੀ ਪਹੁੰਚ ਵਿਚ ਰਹਿੰਦੀਆਂ ਹਨ।

**• ਲਿਖਣ ਪੜ੍ਹਨ ਵਿਚ ਪਰਿਵਾਰ ਦਾ ਸਹਿਯੋਗ ਕਿੰਨਾ ਕੁ ਹੁੰਦਾ ਹੈ?**

ਲਿਖਣ ਪੜ੍ਹਨ ਵਿਚ ਪਰਿਵਾਰ ਵੱਲੋਂ ਕੋਈ ਰੁਕਾਵਟ ਨਹੀਂ ਹੈ। ਘਰ ਵਿਚ ਸੁਖਾਵਾਂ ਮਾਹੌਲ ਮਿਲਦਾ ਹੈ। ਕਈ ਵਾਰੀ ਜੀਵਨ ਸਾਥਣ ਮੇਰਾ ਲਿਖਿਆ ਕੋਈ ਵਰਕਾ, ਜਿਸ ’ਤੇ ਅੱਧਾ ਅਧੂਰਾ ਸ਼ੇਅਰ ਲਿਖਿਆ ਹੁੰਦਾ ਹੈ, ਸਾਂਭ ਲੈਂਦੀ ਹੈ ਅਤੇ ਓਹੀ ਅੱਧਾ ਅਧੂਰਾ ਸ਼ੇਅਰ ਕਈ ਵਾਰੀ ਪੂਰੀ ਗ਼ਜ਼ਲ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ। ਪਤਨੀ ਘਰੇਲੂ ਜ਼ਿੰਮੇਵਾਰੀਆਂ ਸਾਂਭ ਲੈਂਦੀ ਹੈ। ਮੈਨੂੰ ਕਿਧਰੇ ਸਾਹਿਤ ਸਮਾਗਮਾਂ ਵਿਚ ਜਾਣ ਲਈ ਕਦੇ ਰੁਕਾਵਟ ਨਹੀਂ ਪੈਣ ਦਿੰਦੀ।

**• ਸਾਹਿਤ ਸਭਾਵਾਂ ਦੀ ਭੂਮਿਕਾ ਬਾਰੇ ਕੀ ਕਹਿਣਾ ਚਾਹੋਗੇ?**

ਸਾਹਿਤ ਸਭਾਵਾਂ ਕਿਸੇ ਲੇਖਕ ਦੀ ਲਿਖਣ ਕਲਾ ਨੂੰ ਸੰਵਾਰਨ ਵਿਚ ਕਾਫੀ ਸਹਾਈ ਹੋ ਸਕਦੀਆਂ ਹਨ। ਪਰ ਅੱਜਕੱਲ੍ਹ ਵੱਖੋ ਵੱਖਰੇ ਗੱਟਾਂ ਵਿਚ ਵੰਡੀਆਂ ਹੋਣ ਕਰਕੇ ਇਸ ਪੱਖੋਂ ਅਵੇਸਲੀਆਂ ਹਨ। ਪ੍ਰਧਾਨਗੀਆਂ, ਸਕੱਤਰੀਆਂ ਦੀ ਜ਼ਿਆਦਾ ਫ਼ਿਕਰ ਲੱਗੀ ਰਹਿੰਦੀ ਹੈ।

**• ਲੇਖਕਾਂ ਨੂੰ ਮਿਲਦੇ ਮਾਨਾਂ ਸਨਮਾਨਾਂ ਬਾਰੇ ਤੁਹਾਡੀ ਕੀ ਰਾਏ ਹੈ?**

ਮੇਰੀ ਜਾਚੇ ਮਾਣ ਸਨਮਾਨ ਪ੍ਰਾਪਤ ਕਰਨ ਲਈ ਪ੍ਰਤਿਭਾ ਅਤੇ ਜੁਗਾੜਬੰਦੀ ਦੋਹਾਂ ਦੀ ਲੋੜ ਹੁੰਦੀ ਹੈ। ਇਹ ਹਰ ਬੰਦੇ ਦੇ ਵਸ ਦੀ ਗੱਲ ਨਹੀਂ।

**• ਆਜ਼ਾਦੀ ਦੇ 72 ਸਾਲਾਂ ਮਗਰੋਂ ਵੀ ਮਾਂ ਬੋਲੀ ਪੰਜਾਬੀ ਨੂੰ ਉਸ ਦਾ ਬਣਦਾ ਸਥਾਨ ਹਾਸਿਲ ਨਹੀਂ ਹੋ ਸਕਿਆ, ਇਸ ਦਾ ਕੀ ਕਾਰਣ ਸਮਝਦੇ ਹੋ?**

ਦਰਅਸਲ ਸਿਆਸੀ ਲੀਡਰਾਂ ਨੇ ਇਸ ਨੂੰ ਧਰਮਾਂ ਨਾਲ ਹੀ ਨਰੜੀ ਰਖਿਆ ਹੈ। ਉਰਦੂ ਮੁਸਲਮਾਨਾਂ ਦੀ ਭਾਸ਼ਾ, ਹਿੰਦੀ ਹਿੰਦੂਆਂ ਦੀ ਭਾਸ਼ਾ, ਪੰਜਾਬੀ ਸਿੱਖਾਂ ਦੀ ਭਾਸ਼ਾ। ਪੰਜਾਬ ਨੂੰ ਇਸ ਦਾ ਬਹੁਤ ਵੱਡਾ ਖਮਿਆਜਾ ਭੁਗਤਣਾ ਪਿਆ ਹੈ। ਇਸ ਦੀ ਪ੍ਰਫੁਲਤਾ ਲਈ ਕਾਨੂੰਨ ਤਾਂ ਕਈ ਬਣੇ ਪਰ ਲਾਗੂ ਇਕ ਵੀ ਨਹੀਂ ਹੋ ਸਕਿਆ।

**• ਲੇਖਕ ਦੀ ਸਮਾਜਕ ਤਬਦੀਲੀ ਵਿਚ ਕੀ ਭੂਮਿਕਾ ਹੋ ਸਕਦੀ ਹੈ?**

ਲੇਖਕ ਸਮਾਜਕ ਤਬਦੀਲੀ ਵਿਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਪਰ ਅਜਿਹਾ ਹੋ ਨਹੀਂ ਰਿਹਾ। ਕਾਰਣ ਇਹ ਕਿ ਅਸੀਂ ਕਹਿੰਦੇ ਕੁਝ ਹੋਰ ਹਾਂ ਤੇ ਕਰਦੇ ਕੁਝ ਹੋਰ ਹਾਂ। ਇਸ ਨਾਲ ਸਬੰਧਤ ਮੈਂ ਇਕ ਸ਼ੇਅਰ ਵੀ ਕਿਹਾ ਹੈ-

‘ਕਹਿਣੀ ਤੇ ਕਰਨੀ ਵਿਚਲਾ ਘਟਿਆ ਜਦੋਂ ਵੀ ਅੰਤਰ;
ਦੇਣੀ ਓਦੋਂ ਹੀ ਦਸਤਕ ਨਵਿਆਂ ਸਵੇਰਿਆਂ ਨੇ।’ •

---

# ਅਣਡਿੱਠ ਹੋ ਰਹੀ ਅਧੋਗਤੀ



• ਓਮ ਪ੍ਰਕਾਸ਼ ਗਾਸੋ
9463561123

ਅਧੋਗਤੀ ਦੁਆਰਾ ਕਈ ਕਿਸਮ ਦੇ ਵਿਰਾਮ ਚਿੰਨ੍ਹ ਉਤਪੰਨ ਹੋਣ ਲੱਗ ਪੈਂਦੇ ਹਨ। ਇਹ ਵਿਰਾਮ ਚਿੰਨ੍ਹ ਜ਼ਿੰਦਗੀ ਵਿਚਲੇ ਜੀਵਤ ਤੱਤਾਂ ਦਾ ਨਾਸ਼ ਕਰਨ ਲੱਗ ਪੈਂਦੇ ਹਨ। ਜਿਉਂ-ਜਿਉਂ ਮਨੁੱਖੀ ਸੁਭਾਅ ’ਚੋਂ ਜੀਵਤ ਤੱਤ ਖ਼ਤਮ ਹੁੰਦੇ ਰਹਿੰਦੇ ਹਨ, ਤਿਉਂ-ਤਿਉਂ ਉਹ ਆਪਣੇ ਆਪੇ ਦੀ ਗਿਰਾਵਟ ਨੂੰ ਡਿੱਠ ਕਰਨ ਲੱਗ ਪੈਂਦਾ ਹੈ...



ਮਨੁੱਖ ਦੀ ਉਮਰ ਦੇ ਅਰਥਾਂ ਨੂੰ ਲੱਭਣ ਲਈ ਉਸ ਦੀ ਜ਼ਿੰਦਗੀ ਵਿਚਲੀ ਗਤੀਸ਼ੀਲਤਾ ਦਾ ਅਧਿਐਨ ਕਰਨਾ ਪੈਂਦਾ ਹੈ। ਉਮਰ ਅਤੇ ਆਦਮੀ ਦੀ ਗਤੀ ਅਤੇ ਗਤੀਰੋਧ ਵਰਗੇ ਸ਼ਬਦਾਂ ਦੀ ਆਪਣੀ ਇਕ ਵਿਸ਼ੇਸ਼ ਕਿਸਮ ਦੀ ਅਸਲੀਅਤ ਹੁੰਦੀ ਹੈ। ਅਸਲੀਅਤ ਦੀ ਜਾਣਕਾਰੀ ਦੁਆਰਾ ਜੀਵਨ ਧਾਰਾ ਦੀ ਪਛਾਣ ਹੁੰਦੀ ਰਹਿੰਦੀ ਹੈ। ਇੰਝ ਸਾਡੇ ਸਾਹਮਣੇ ਪਰਖ, ਪਛਾਣ ਅਤੇ ਪੜਤਾ ਵਰਗੇ ਵਿਸ਼ੇ ਆ ਟਿਕਦੇ ਹਨ। ਪਛਾਣ ਅਤੇ ਪਰਖ ਤੋਂ ਬਿਨਾਂ ਅਸਲੀਅਤ ਦੇ ਮੂਲ ਤੱਤ ਅਣਡਿੱਠ ਹੋਣ ਲੱਗ ਪੈਂਦੇ ਹਨ। ਇੱਥੇ ਆ ਕੇ ਸਾਡੇ ਸਨਮੁੱਖ ਉਸ ਜ਼ਿੰਦਗੀ ਬਾਰੇ ਜਿਸ ਨੂੰ ਸਮਾਜਿਕ ਰਹਿਤਾ ਆਪਣਾਉਂਦੀ ਰਹਿੰਦੀ ਹੈ ਨਾਲ ਸਬੰਧਿਤ ਕੁੱਝ ਕੁ ਮਹੱਤਵਪੂਰਨ ਸਰੋਕਾਰ ਆਉਣ ਲੱਗ ਪੈਂਦੇ ਹਨ।

### ਜ਼ਿੰਦਗੀ ਕੀ ਹੈ?

- ਜ਼ਿੰਦਗੀ ਨੂੰ ਜਜ਼ਬਿਆਂ ਦਾ ਭੰਡਾਰ ਕਿਹਾ ਜਾ ਸਕਦਾ ਹੈ।
- ਜ਼ਿੰਦਗੀ ਨੂੰ ਗਤੀਸ਼ੀਲ ਕਰਮਾਂ ਦੀ ਕਿਰਿਆ ਕਿਹਾ ਜਾ ਸਕਦਾ ਹੈ।
- ਜ਼ਿੰਦਗੀ ਨੂੰ ਸੰਵੇਦਨਸ਼ੀਲ ਚੇਤਨਾ ਦਾ ਪਾਠ ਕਿਹਾ ਜਾ ਸਕਦਾ ਹੈ।
- ਜ਼ਿੰਦਗੀ ਨੂੰ ਸੰਘਰਸ਼ਸ਼ੀਲ ਸਮਰੱਥਾ ਦੀ ਸੁੰਦਰਤਾ ਕਿਹਾ ਜਾ ਸਕਦਾ ਹੈ।
- ਜ਼ਿੰਦਗੀ ਨੂੰ ਰਚਨਾਤਮਿਕ ਗਤੀ ਕਿਹਾ ਜਾ ਸਕਦਾ ਹੈ।

ਇੱਥੇ ਆ ਕੇ ਇਕ ਦਮ ਅਧੋਗਤੀ ਵਰਗੀ ਚਿੰਤਾ ਸਾਡੇ ਆਪੇ ਦੇ ਆਲੇ-ਦੁਆਲੇ ਵਾ-ਵਰੋਲਿਆਂ ਵਾਂਗ ਘੁੰਮਣ-ਘੇਰੀਆਂ ਘੱਤਣ ਲੱਗ ਪੈਂਦੀ ਹੈ। ਵਾ-ਵਰੋਲਿਆਂ ਦੀਆਂ ਘੁੰਮਣ ਘੇਰੀਆਂ ਦੁਆਰਾ ਪੈਦਾ ਕੀਤੀਆਂ ਦਰਜਨਾਂ ਕਿਸਮ ਦੀਆਂ ਸਿਆਸੀ, ਸਮਾਜਿਕ ਸਭਿਆਚਾਰਕ, ਆਰਥਿਕ ਅਤੇ ਕਲਾਤਮਿਕ ਸਮੱਸਿਆਵਾਂ ਲੋਕਾਈ ਨੂੰ ਉਲਝਾਈ ਰੱਖਦੀਆਂ ਹਨ। ਇਸ ਕਿਸਮ ਦੀ ਉਲਝਣ ਅਧੋਗਤੀ ਵਿਚ ਵਾਧਾ ਕਰਦੀ ਰਹਿੰਦੀ ਹੈ।

- ਅਧੋਗਤੀ ਨੂੰ ਜਕੜ ਲਿਆ ਜਾ ਸਕਦਾ ਹੈ।
- ਖੜ੍ਹੋਤ ਨੂੰ ਅਧੋਗਤਾ ਕਿਹਾ ਜਾ ਸਕਦਾ ਹੈ।
- ਅਧੋਗਤੀ ਮਨੁੱਖ ਨੂੰ ਵਿਚਾਰਹੀਣ ਬਣਾਉਂਦੀ ਰਹਿੰਦੀ ਹੈ।
- ਅਧੋਗਤੀ ਕਾਰਨ ਰਚਨਾਤਮਿਕਤਾ, ਮੌਲਿਕਤਾ ਅਤੇ ਸਿਰਜਣਾਤਮਿਕਤਾ ਸਮਾਪਤ ਹੋਣ ਲੱਗ ਪੈਂਦੀ ਹੈ।
- ਅਧੋਗਤੀ ਅੰਧਕਾਰ ਪੈਦਾ ਕਰਨ ਲੱਗ ਪੈਂਦੀ ਹੈ।

ਅਧੋਗਤੀ ਦੁਆਰਾ ਕਈ ਕਿਸਮ ਦੇ ਵਿਰਾਮ ਚਿੰਨ੍ਹ ਉਤਪੰਨ ਹੋਣ ਲੱਗ ਪੈਂਦੇ ਹਨ। ਇਹ ਵਿਰਾਮ ਚਿੰਨ੍ਹ ਜ਼ਿੰਦਗੀ ਵਿਚਲੇ ਜੀਵਤ ਤੱਤਾਂ ਦਾ ਨਾਸ਼ ਕਰਨ ਲੱਗ ਪੈਂਦੇ ਹਨ।

ਇੰਝ ਜਿਉਂ-ਜਿਉਂ ਮਨੁੱਖੀ ਸੁਭਾਅ ਵਿਚੋਂ ਜੀਵਤ ਤੱਤ ਖ਼ਤਮ ਹੁੰਦੇ ਰਹਿੰਦੇ ਹਨ, ਤਿਉਂ-ਤਿਉਂ ਉਹ ਆਪਣੇ ਆਪੇ ਦੀ ਗਿਰਾਵਟ ਨੂੰ ਡਿੱਠ ਕਰਨ ਲੱਗ ਪੈਂਦਾ ਹੈ। ਗਿਰਾਵਟ ਨੂੰ ਅਣਡਿੱਠ ਕਰਨ ਵਾਲੀ ਲਾਹਨਤ ਨਾਲ ਆਦਮੀ ਹੀ ਨਹੀਂ ਸਿਆਸਤ, ਸਮਾਜ, ਸਮਾਂ ਅਤੇ ਮੁਲਕ ਵੀ ਬੇ-ਹਿਸਾਬ ਹੋਣ ਲੱਗ ਪੈਂਦਾ ਹੈ।

ਅੱਜ ਕੱਲ੍ਹ ਇਸ ਕਿਸਮ ਦੀਆਂ ਵੱਖ-ਵੱਖ ਸਾਰੀਆਂ ਬਦ-ਇਖਲਾਕੀਆਂ ਵਿਚ ਵਾਧਾ ਕਰਨਾ ਸ਼ੁਰੂ ਕੀਤਾ ਹੋਇਆ ਹੈ। ਆਰਥਿਕ ਮੰਦਹਾਲੀ ਨੂੰ ਆਰਥਿਕ ਬਦ-ਇਖਲਾਕੀ ਵੀ ਕਿਹਾ ਜਾ ਸਕਦਾ ਹੈ।

ਸੌ ਕਿਸਮ ਦੀਆਂ ਅਧੋਗਤੀਆਂ ਪ੍ਰਤੀ ਸੁਚੇਤ ਬਣਕੇ ਜ਼ਿੰਦਗੀ ਦੀ ਨੁਹਾਰ ਨੂੰ ਤੰਦਰੁਸ਼ਤੀ ਦੀ ਬਖਸ਼ਿਸ਼ ਬਖ਼ਸ਼ ਦੇਣਾ ਵਰਤਮਾਨ ਲਈ ਬੇਹੱਦ ਜ਼ਰੂਰੀ ਬਣਦਾ ਹੈ। ਇਸ ਕਰਤੱਵ ਨੂੰ ਅਣਡਿੱਠ ਕਿਉਂ ਕੀਤਾ ਜਾਵੇ? ਇਨ੍ਹਾਂ ਸਤਰਾਂ ਨੂੰ ਸਬਕ ਹੀ ਨਹੀਂ ਸੰਦੇਸ਼ ਵੀ ਸਮਝਿਆ ਜਾਣਾ ਚਾਹੀਦਾ ਹੈ। •

---

# ਅਸਲ ਜੀਵਨ ਦਾ ਆਨੰਦ

• ਤਰਸੇਮ ਲੰਡੇ, 9914586784

ਜੀਵਨ ਬਚਾਉਣ ਤੇ ਖ਼ੁਸ਼ਹਾਲ ਬਣਾਉਣ ਲਈ ਹਰਿਆਲੀ ਜ਼ਰੂਰੀ ਹੈ। ਵੈਸੇ ਵੀ ਹਰਿਆਲੀ ਨਾਲ ਕੁਦਰਤ ਸੋਂਹਦੀ ਹੈ। ਜੇ ਕੁਦਰਤ ਖ਼ੁਸ਼ ਹੈ ਤਾਂ ਸਾਡੇ ਮਨ ਨੂੰ ਖ਼ੁਸ਼ੀ ਮਿਲਦੀ ਹੈ। ਖ਼ੁਸ਼ ਰਹਿਣ ਨਾਲ ਸਰੀਰ ਤੰਦਰੁਸਤ ਤੇ ਨਿਰੋਗ ਰਹਿੰਦਾ ਹੈ। ਤੰਦਰੁਸਤ ਜੀਵਨ ਹੀ ਅਸਲ ਜੀਵਨ ਹੈ ਤਾਂ ਸਾਨੂੰ ਸਾਡੀ ਜ਼ਿੰਦਗੀ ਦਾ ਮੁੱਖ ਮਕਸਦ ਵੱਧ ਤੋਂ ਵੱਧ ਹਰਿਆਲੀ ਪੈਦਾ ਕਰ ਕੇ ਜਾਂ ਰੁੱਖ ਲਗਾ ਕੇ ਪੂਰਾ ਕਰਨਾ ਚਾਹੀਦਾ ਹੈ। ਇਹ ਹਰਿਆਲੀ ਦਾ ਸਾਡੇ ਸਰੀਰ ਨਾਲ ਕੁਦਰਤੀ ਸਬੰਧ ਹੈ।

ਹੁਣ ਦੂਸਰਾ ਤੱਥ ਇਹ ਹੈ ਕਿ ਰੁੱਖ ਮਨੁੱਖ ਨੂੰ ਆਕਸੀਜਨ ਦਿੰਦੇ ਹਨ ਤੇ ਕਾਰਬਨ ਡਾਈਅਕਸਾਈਡ ਜੋ ਮਨੁੱਖ ਛੱਡਦਾ ਹੈ ਉਸ ਨੂੰ ਪ੍ਰਾਪਤ ਕਰਦੇ ਹਨ। ਇਕ ਤਾਂ ਇਸ ਨਾਲ ਵਾਤਾਵਰਨ ਵਿਚ ਸੰਤੁਲਨ ਕਾਇਮ ਰਹਿੰਦਾ ਹੈ। ਦੂਸਰਾ ਆਕਸੀਜਨ ਦੀ ਬਹੁਤਾਤ ਨਾਲ ਉਸ ਨੂੰ ਸਾਹ ਲੈਣ ਵਿਚ ਸੌਖ ਰਹਿੰਦੀ ਹੈ। ਜਿਸ ਨਾਲ ਖ਼ੂਨ ਸ਼ੁੱਧ ਰਹਿੰਦਾ ਹੈ। ਸਾਫ਼ ਹਵਾ ਨਾਲ ਫੇਫੜੇ ਸਾਫ਼ ਰਹਿੰਦੇ ਹਨ। ਇਸਦਾ ਤਕਾਜ਼ਾ ਅਸੀਂ ਪਹਾੜਾਂ ਵਿਚ ਜਾ ਕੇ ਮਹਿਸੂਸ ਕਰਦੇ ਹਾਂ। ਜਿੱਥੇ ਵੱਖ-ਵੱਖ ਦਰੱਖ਼ਤਾਂ ਤੋਂ ਭਿੰਨੀ ਖ਼ੁਸ਼ਬੋ ਆਉਂਦੀ ਹੈ। ਛੋਟੇ-ਛੋਟੇ ਹੋਰ ਕਾਰਨਾਂ ਅਤੇ ਹਰਿਆਲੀ ਕਾਰਨ ਸਾਨੂੰ ਉੱਥੇ ਖ਼ੁਸ਼ੀ ਮਿਲਦੀ ਹੈ। ਰੁੱਖ ਬਾਰਸ਼ ਲਿਆਉਣ ਵਿਚ ਵੀ ਸਹਾਈ ਹੁੰਦੇ ਹਨ। ਵਰਖਾ ਦੀ ਸਹੀ ਮਾਤਰਾ ਨਾਲ ਫ਼ਸਲਾਂ ਦੀ ਝਾੜ ਸਮਰੱਥਾ ਵਿਚ ਵਾਧਾ ਹੁੰਦਾ ਹੈ। ਪਾਣੀ ਦਾ ਸਤਰ ਸਥਿਰ ਰਹਿੰਦਾ ਹੈ। ਹਰਿਆਲੀ ਵਿਚ ਵਾਧਾ ਹੁੰਦਾ ਹੈ। ਪਸ਼ੂ-ਪੰਛੀਆਂ ਦੀ ਚਹਿਕ-ਦਹਿਕ ਵਿਚ ਵਾਧਾ ਹੁੰਦਾ ਹੈ। ਆਲਾ ਦੁਆਲਾ ਨਸ਼ਿਆ ਜਾਂਦਾ ਹੈ, ਤਾਂ ਹੀ ਤਾਂ ਦੇਸੀ ਬਾਰ੍ਹਾਂ ਮਹੀਨਿਆਂ ਵਿੱਚੋਂ ਸਾਉਣ ਮਹੀਨੇ ਨੂੰ ਖ਼ੁਸ਼ੀਆਂ ਭਰਿਆ ਮੰਨਿਆ ਜਾਂਦਾ ਹੈ।



ਰੁੱਖ ਪੰਛੀਆਂ ਦੀਆਂ ਪਨਾਹਗਾਹਾਂ ਹਨ। ਸਾਨੂੰ ਬੈਠਣ ਲਈ ਥਾਂ ਤੇ ਮਾਣਨ ਲਈ ਛਾਂ ਦਿੰਦੇ ਹਨ। ਵੈਸੇ ਵੀ ਆਰਥਿਕ ਪੱਖ ਤੋਂ ਇਨ੍ਹਾਂ ਦੀ ਬੜੀ ਮਹੱਤਤਾ ਹੈ। ਬਹੁਤ ਸਾਰੇ ਉਦਯੋਗ ਇਨ੍ਹਾਂ ਉੱਪਰ ਅਧਾਰਿਤ ਹਨ। ਬਾਲਣ ਤੋਂ ਇਲਾਵਾ ਹੜ੍ਹਾਂ ਦੇ ਵੇਗ ਨੂੰ ਵੀ ਘਟਾਉਂਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਦੇ ਨਿੱਕੇ-ਮੋਟੇ ਹੋਰ ਵੀ ਬਹੁਤ ਸਾਰੇ ਫ਼ਾਇਦੇ ਹਨ। ਅਸੀਂ ਦਿਨ-ਤਿਉਹਾਰਾਂ ਜਾਂ ਖ਼ੁਸ਼ੀਆਂ ਦੇ ਮੌਕਿਆਂ ਤੇ ਫਾਲਤੂ ਖ਼ਰਚ ਕਰਕੇ ਜਾਂ ਸਮਾਂ ਬਰਬਾਦ ਕਰਕੇ ਬੇਮਤਲਬ ਆਜਾਈ ਗਵਾਉਂਦੇ ਹਾਂ। ਜਿਵੇਂ ਪਟਾਕੇ ਚਲਾ ਕੇ, ਜਾਅਲੀ ਮਠਿਆਈਆਂ ਖਾ ਕੇ, ਨਸ਼ੇ ਕਰਕੇ ਜਾਂ ਹੋਰ ਫਜ਼ੂਲ ਖਰਚੇ ਨਾਲ ਇਹਨਾਂ ਨੂੰ ਮਨਾਉਂਦੇ ਹਾਂ। ਜਿਸ ਨਾਲ ਅਸੀਂ ਸਰੀਰ ਨੂੰ ਬਿਮਾਰੀਆਂ ਹੀ ਸਹੇੜ ਕੇ ਦਿੰਦੇ ਹਾਂ। ਇਸ ਤੋਂ ਵੱਧ ਅਜਿਹੇ ਤਰੀਕੇ ਨਾਲ ਖ਼ੁਸ਼ੀ ਮਨਾਉਣ ਦਾ ਕੋਈ ਫਾਇਦਾ ਨਹੀਂ ਹੁੰਦਾ।

ਤੁਸੀਂ ਕਿਸੇ ਨੂੰ ਕਿੰਨਾ ਵੀ ਹੱਥ ਚਟਾ ਕੇ ਦੇਖ ਲਉ। ਸਾਹਮਣੇ ਵਾਲੇ ਦੀ ਤਾਂ ਕਿਸੇ ਨਾ ਕਿਸੇ ਗੱਲੋਂ ਚੂਲ ਵਿੰਗੀ ਹੋ ਹੀ ਜਾਣੀ ਹੁੰਦੀ ਹੈ। ਜਦ ਜਹਾਨ ਦੇ ਹੈ ਹੀ ਦੋ ਪਾਸੇ ਦਿੰਦੇ ਹਨ ਤਾਂ ਅਜਿਹੇ ਕੰਮ ਕੀਤੇ ਜਾਣ ਜਿਸ ਨਾਲ ਕੋਈ ਫਾਇਦਾ ਵੀ ਹੋਵੇ। ਇਸ ਕਰ ਕੇ ਸਾਡਾ ਅਜਿਹੇ ਮੁੱਦਿਆਂ ਤੇ ਤਰਕ-ਵਿਤਰਕ ਨਾਲ ਸੋਚਣਾ ਨੈਤਿਕ ਫ਼ਰਜ਼ ਹੈ। ਭਲੇ ਪਾਸੇ ਸਰੀਰਕ ਉਰਜਾ ਲਗਾ ਕੇ ਹੀ ਅਸੀਂ ਪੜ੍ਹੇ-ਲਿਖੇ ਅਖਵਾ ਸਕਦੇ ਹਾਂ। •

---

# ਕਦੇ ਸੁਣੇ ਨੀ ਪਰ ਨੈਣ ਬੋਲਦੇ ਨੇ

• ਰਾਮਦਾਸ ਬੰਗੜ
9915353800

ਸਾਡੀ ਜ਼ਿੰਦਗੀ ਵਿਚ ਨੈਣਾਂ ਦੀ ਬੋਲੀ ਅਹਿਮ ਸਥਾਨ ਰੱਖਦੀ ਹੈ। ਇਹ ਇਕ ਵਿਲੱਖਣ ਭਾਸ਼ਾ ਹੈ, ਜੋ ਕਿਸੇ ਲਿਪੀ ਦੀ ਮੁਥਾਜ਼ ਨਹੀਂ ਅਤੇ ਨਾ ਹੀ ਇਸ ਲਈ ਪੜ੍ਹੇ-ਲਿਖੇ ਜਾਂ ਅਨਪੜ੍ਹ ਹੋਣਾ ਮਾਅਨੇ ਰੱਖਦਾ ਹੈ। ਸੋਹਣੇ ਮੁਖੜੇ ’ਤੇ ਮਟਕਦੇ ਨੈਣ ਜਦੋਂ ਸ਼ਰਾਰਤੀ ਭਾਵ ’ਚ ਹੋਣ ਤਾਂ ਇਹ ਇਸ਼ਕ ਦੀ ਖੇਡ ਵੀ ਖੇਡ ਲੈਂਦੇ ਨੇ। ਦੁਨੀਆ ਦੀ ਭੀੜ ’ਚੋਂ ਆਪਣੇ ਦਿਲ ਦੇ ਮਹਿਰਮ ਨੂੰ ਪਛਾਣ ਕੇ ਮੁਹੱਬਤਾਂ ਦਾ ਸੱਦਾ ਵੀ ਦੇ ਦਿੰਦੇ ਨੇ ਅਤੇ ਜਦੋਂ ਮਨ ਤਲਖ਼ੀ ਵਿਚ ਹੋਵੇ ਤਾਂ ਇਹ ਨੈਣ ਸਾਡੇ ਹਰਖ ਨੂੰ ਬਿਆਨ ਕਰ ਦਿੰਦੇ ਹਨ। ਇਨ੍ਹਾਂ ਨੈਣਾਂ ਦਾ ਪਿਆਰ ਨਾਲ ਝਾਕਣਾ ਸੱਜਣ ਲਈ ਸ਼ਰਬਤ ਦਾ ਪਿਆਲਾ ਹੁੰਦਾ ਹੈ ਤੇ ਦੁਸ਼ਮਣ ਨੂੰ ਗੁੱਸੇ ਨਾਲ ਦੇਖਣਾ ਤਲਵਾਰ ਦੇ ਵਾਰ ਵਾਂਗ ਹੁੰਦਾ ਹੈ। ਇਹ ਨੈਣ ਬਿਨਾਂ ਰੌਲ਼ੇ-ਰੱਪੇ ਤੋਂ ਕਿਸੇ ਨੂੰ ਆਉਣ ਅਤੇ ਕਿਸੇ ਨੂੰ ਜਾਣ ਦਾ ਰਸਤਾ ਵਿਖਾਉਣ ਦੇ ਵੀ ਕਲਾਕਾਰ ਹਨ।

ਅਸੀਂ ਪੜ੍ਹੇ ਹੋਈਏ ਜਾਂ ਅਨਪੜ੍ਹ ਹੋਈਏ, ਪ੍ਰੰਤੂ ਸਾਡੇ ਨੈਣ ਆਪਣੀ ਭਾਸ਼ਾ ਨੂੰ ਕਦੇ ਨਹੀਂ ਭੁੱਲਦੇ, ਕਿਉਂਕਿ ਇਨ੍ਹਾਂ ਨੂੰ ਨਾ ਸ਼ਬਦਾਂ ਦੀ ਲੋੜ ਹੁੰਦੀ ਹੈ, ਨਾ ਤੁਕਬੰਦੀ ਦੀ, ਨਾ ਆਵਾਜ਼ ਦੀ। ਨੈਣਾਂ ਦੀ ਬੋਲੀ ਨੂੰ ਨਾ ਕੰਪਿਊਟਰ ਸਮਝ ਸਕਦਾ ਹੈ, ਨਾ ਰੋਬੋਟ ਸਮਝ ਸਕਦਾ ਹੈ। ਇਸ ਨੂੰ ਬਸ ਨੈਣ ਹੀ ਸਮਝ ਸਕਦੇ ਹਨ। ਨੈਣਾਂ ਦਾ ਦਿਲ ਨਾਲ ਗਹਿਰਾ ਰਿਸ਼ਤਾ ਜੁੜਿਆ ਹੋਇਆ ਹੈ। ਨੈਣ ਜਦੋਂ ਵੀ ਕਿਸੇ ਨੂੰ ਪਿਆਰ ਨਾਲ ਤੱਕ ਲੈਣ ਤਾਂ ਦਿਲਾਂ ਦੀ ਧੜਕਣ ਆਪ-ਮੁਹਾਰੇ ਤੇਜ਼ ਹੋ ਜਾਂਦੀ ਹੈ। ਕਿਸੇ ਦੇ ਅੰਦਰ ਰੂਹਾਨੀਅਤ ਹੋਵੇ, ਸ਼ੈਤਾਨੀਅਤ ਹੋਵੇ, ਮਾਸੂਮੀਅਤ ਹੋਵੇ ਜਾਂ ਫਿਰ ਇਸ਼ਕ ਦੀ ਕਰੂੰਬਲ ਫੁੱਟਦੀ ਹੋਵੇ। ਇਹ ਸਭ ਨੈਣਾਂ ਦੀ ਭਾਸ਼ਾ ਬਿਆਨ ਕਰ ਦਿੰਦੀ ਹੈ। ਸਾਡੇ ਸਭਿਆਚਾਰ, ਪੁਰਾਤਨ ਗੀਤ ਸੰਗੀਤ, ਲੋਕ ਬੋਲੀਆਂ ਇਸ ਗੱਲ ਦੇ ਗਵਾਹ ਹਨ ਕਿ ਜਦੋਂ ਨਾ ਪਾਠਸ਼ਾਲਾ ਹੁੰਦੀ ਸੀ, ਨਾ ਇੱਲ ਤੇ ਕੁੱਕੜ ਦਾ ਪਤਾ ਹੁੰਦਾ ਸੀ, ਉਦੋਂ ਪਿਆਰ ਦੀਆਂ ਚਿੱਠੀਆਂ ਦਾ ਕੰਮ ਨੈਣਾਂ ਦੀ ਬੋਲੀ ਪੂਰਾ ਕਰਿਆ ਕਰਦੀ ਸੀ। ਇਨ੍ਹਾਂ ਨੈਣਾਂ ਦੀ ਭਾਸ਼ਾ ਨੇ ਹੀ ਸੋਹਣੀ ਤੇ ਮਹੀਵਾਲ ਨੂੰ ਇਸ਼ਕ ਦੇ ਪਹਾੜੇ ਪੜ੍ਹਾ ਕੇ ਕੱਚੇ ਘੜੇ ਰਾਹੀਂ ਦਰਿਆ ’ਚ ਉਤਾਰ ਦਿੱਤਾ ਸੀ।



ਇਹ ਨੈਣਾਂ ਦੀ ਹੀ ਬੋਲੀ ਸੀ, ਜਿਨ੍ਹਾਂ ਦੀਆਂ ਗੱਲਾਂ ਨਾਲ ਲੈਲਾ-ਮਜਨੂੰ, ਹੀਰ-ਰਾਂਝਾ, ਸੱਸੀ-ਪੁੰਨੂ, ਮਿਰਜ਼ਾ-ਸਾਹਿਬਾਂ ਦੇ ਮੁਹੱਬਤਾਂ ਦੇ ਕਿੱਸੇ ਸਾਡੇ ਸਭਿਆਚਾਰ ਅਤੇ ਇਤਿਹਾਸ ਦਾ ਹਿੱਸਾ ਬਣ ਗਏ। ਇਕ ਅੱਖ ਖੋਲ੍ਹ ਕੇ ਤੇ ਦੂਜੀ ਨੂੰ ਦੱਬ ਕੇ ਰਫ਼ਲ ਦੀ ਗੋਲ਼ੀ ਵਾਂਗ ਵਾਰ ਕਰ ਜਾਣਾ ਇਸ਼ਕ ਦੀ ਹੀ ਖੋਜ ਰਹੀ ਹੋਵੇਗੀ। ਜੇਕਰ ਇਸ ਗੋਲ਼ੀ ਦਾ ਵਾਰ ਬਿਲੌਰੀ ਅੱਖਾਂ ਵੱਲੋਂ ਕੀਤਾ ਗਿਆ ਹੋਵੇ ਤਾਂ ਇਸ ਨੂੰ ਹੋਰ ਵੀ ਘਾਤਕ ਮੰਨਿਆ ਜਾਂਦਾ ਹੈ। ਨੈਣਾਂ ਦੀ ਬੋਲੀ ਨੂੰ ਲੋਕ ਗੀਤਾਂ ਤੇ ਲੋਕ ਬੋਲੀਆਂ ਵਿਚ ਆਪੋ-ਆਪਣੇ ਢੰਗਾਂ ਨਾਲ ਬਿਆਨ ਕੀਤਾ ਗਿਆ ਹੈ।

ਅੱਖਾਂ ਦੀ ਬੋਲੀ ਉੱਪਰ ਕਿਸੇ ਸ਼ਾਇਰ ਦੀਆਂ ਇਹ ਲਾਈਨਾਂ ਵੀ ਬਾਕਮਾਲ ਹਨ :

‘ਆਂਖੇ ਨੀਚੀ ਹੁਈ ਤੋ ਹਯਾ ਬਨ ਗਈ
ਆਂਖੇ ਊਚੀ ਹੁਈ ਤੋ ਦੁਆ ਬਨ ਗਈ
ਆਂਖੇ ਉਠ ਕਰ ਝੁਕੀ ਤੋ ਅਦਾ ਬਨ ਗਈ
ਆਂਖੇ ਝੁਕ ਕਰ ਉਠੀ ਤੋਂ ਕਦਾ ਬਨ ਗਈ’

ਪਲਕਾਂ ਦਾ ਝੁਕਣਾ, ਸਾਹਮਣੇ ਖੜ੍ਹੇ ਨੈਣਾਂ ਦੇ ਪੜ੍ਹਾਕੂ ਨੂੰ ਦੱਸ ਦਿੰਦਾ ਹੈ ਕਿ ਤੈਨੂੰ ਮੁਹੱਬਤ ਦਾ ਸਲਾਮ ਹੈ, ਤੇਰੇ ਅੱਗੇ ਸਿਰ ਝੁਕ ਰਿਹਾ, ਤੇਰਾ ਸਵਾਗਤ ਹੈ। ਇਨ੍ਹਾਂ ਨੈਣਾਂ ਦਾ ਇਸ਼ਾਰਾ ਹੀ ਫਿਰ ਮੇਲ-ਮਿਲਾਪ ਕਰਨ ਦਾ ਸੱਦਾ ਦੇ ਦਿੰਦਾ ਹੈ। ਨੱਚਦੇ ਨੈਣ ਦੱਸ ਦਿੰਦੇ ਹਨ ਕਿ ਮਨ ਅੰਦਰ ਖ਼ੁਸ਼ੀਆਂ ਦੇ ਢੋਲ ਵੱਜ ਰਹੇ ਹਨ ਅਤੇ ਨੈਣਾਂ ਦਾ ਨੈਣਾਂ ਨਾਲ ਨਾ ਮਿਲਣਾ ਦਿਲਾਂ ਦੇ ਨਾਰਾਜ਼ ਹੋਣ ਦਾ ਸੁਨੇਹਾ ਵੀ ਦੇ ਦਿੰਦਾ ਹੈ। ਕਿਸੇ ਵੀ ਮਸਲੇ ’ਤੇ ਸਹਿਮਤ ਹੋਣਾ ਜਾਂ ਅਸਹਿਮਤ ਹੋਣਾ ਨੈਣ ਇਕ ਝਪਕ ਵਿਚ ਹੀ ਸਪੱਸ਼ਟ ਕਰ ਦਿੰਦੇ ਹਨ।

ਜਦੋਂ ਇਨ੍ਹਾਂ ਨੈਣਾਂ ਵਿਚ ਸਿੱਲ ਆ ਜਾਵੇ ਤਾਂ ਇਨ੍ਹਾਂ ਤੋਂ ਮਨ ਉਦਾਸ ਹੋਣ ਦਾ ਸੰਕੇਤ ਮਿਲ ਜਾਂਦਾ ਹੈ, ਪ੍ਰੰਤੂ ਇਨ੍ਹਾਂ ਨੈਣਾਂ ’ਚੋਂ ਜਦੋਂ ਪਾਣੀ ਵਗ ਪਵੇ ਤੇ ਹਉਕੇ ਉਸਦਾ ਸਾਥ ਦੇਣ ਲੱਗ ਪੈਣ ਤਾਂ ਅਨਰਥ ਹੋ ਜਾਣ ਭਾਵ ਪ੍ਰਗਟ ਕਰ ਦਿੰਦੇ ਹਨ। ਕਾਦਰ ਨੇ ਸਾਨੂੰ ਦੋ ਨੈਣ ਦੇ ਕੇ ਚੁੱਪ-ਚੁਪੀਤੇ ਬੋਲਣ ਦੀ ਮੁਹਾਰਤ ਬਖਸ਼ੀ ਹੈ। ਸੋ ਨੈਣਾਂ ਦੀ ਮਿੱਠੀ ਤੇ ਪਿਆਰੀ ਬੋਲੀ ਰਾਹੀਂ ਖ਼ੁਸ਼ੀਆਂ ਤੇ ਹਾਸੇ ਖੇੜੇ ਵੰਡਦੇ ਰਹੋ। •

---

## ਪੁਸਤਕ ਚਰਚਾ



‘ਇਸਪਾਤੀ ਮਨੁੱਖ : ਉੱਜਲ ਦੁਸਾਂਝ’ ਡਗਲਸ ਪੀ. ਵੈਲਬੈਂਕਸ ਦੁਆਰਾ ਲਿਖੀ ਅਤੇ ਪੰਜਾਬੀ ਦਾ ਬਹੁਪੱਖੀ ਲੇਖਕ ਕੇ.ਐੱਲ. ਗਰਗ ਦੁਆਰਾ ਅਨੁਵਾਦ ਕੀਤੀ ਪੁਸਤਕ ਹੈ ਜਿਸ ਵਿਚ ਉਜਲ ਦੁਸਾਂਝ ਦੀ ਜ਼ਿੰਦਗੀ ਅਤੇ ਕੈਨੇਡਾ ਵਿਚ ਉਸ ਦੁਆਰਾ ਕੀਤੇ ਕਾਰਨਾਂ ਬਾਰੇ ਵਿਸਥਾਰਪੂਰਬਕ ਦੱਸਿਆ ਗਿਆ ਹੈ। ਭਾਵੇਂ ਕਿ ਉੱਜਲ ਦੁਸਾਂਝ ਬਾਰੇ ਇਹ ਪੁਸਤਕ ਭਰਪੂਰ ਰੂਪ ਵਿਚ ਜਾਣਕਾਰੀ ਪ੍ਰਦਾਨ ਕਰਦੀ ਹੈ ਪਰ ਨਾਲ ਦੀ ਨਾਲ ਉਸ ਦੀ ਪਤਨੀ ਰੰਮੀ ਦੇ ਜੀਵਨ ਅਤੇ ਕੈਨੇਡਾ ਵਿਚ ਉਸ ਦੁਆਰਾ ਕੀਤੇ ਕੰਮਾਂ ਦੀ ਵੀ ਨਿਸ਼ਾਨਦੇਹੀ ਕਰਦੀ ਹੈ।

ਪੁਸਤਕ ਦੇ ਪਹਿਲੇ ਹਿੱਸੇ ਵਿਚ ਤਕਰੀਬਨ ਰੰਮੀ ਬਾਰੇ ਹੀ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ। ਉਸ ਦੀ ਪੜ੍ਹਾਈ, ਅਧਿਆਪਕੀ ਕਿੱਤੇ ਅਤੇ ਫਿਰ ਕੈਨੇਡਾ ਪਹੁੰਚਣ ਅਤੇ ਕੈਨੇਡਾ ਵਿਚ ਪਹੁੰਚਕੇ ਪੰਜਾਬੀ ਭਾਈਚਾਰੇ ਅਤੇ ਵਿਸ਼ੇਸ਼ ਕਰ ਕੇ ਔਰਤਾਂ ਦੇ ਹੱਕਾਂ ਲਈ ਕੀਤੇ ਕੰਮਾਂ ਬਾਰੇ ਵੀ ਪੁਸਤਕ ਵਿਚ ਜਾਣਕਾਰੀ ਦਿੱਤੀ ਗਈ ਹੈ। ਭਾਵੇਂ ਕਿ ਇਨ੍ਹਾਂ ਨੂੰ ਕਿਤੇ-ਕਿਤੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਉੱਜਲ ਦੁਸਾਂਝ ਦੀ ਇਹ ਜੀਵਨੀ ਕੈਨੇਡਾ ਵਿਚ ਪੰਜਾਬੀ ਭਾਈਚਾਰੇ ਦੀਆਂ ਗਤੀਵਿਧੀਆਂ ਦਾ ਵਿਖਿਆਨ ਵੀ ਕਰਦੀ ਹੈ ਅਤੇ ਕੈਨੇਡਾ ਦੇ ਰਾਜਨੀਤਕ ਪਰੀਦ੍ਰਿਸ ਨੂੰ ਪੇਸ਼ ਕਰਦੀ ਹੋਈ ਉੱਜਲ ਦੁਸਾਂਝ ਦੀ ਉੱਥੋਂ ਦੀ ਰਾਜਨੀਤੀ ਵਿਚ ਸ਼ਮੂਲੀਅਤ ਬਾਰੇ ਵੀ ਵਿਸਤ੍ਰਿਤ ਬਿਓਰਾ ਮੁਹੱਈਆਂ ਕਰਵਾਉਂਦੀ ਹੈ। ਇਹ ਜਾਣਕਾਰੀ ਤੱਥਾਤਮਕ ਰੂਪ ਵਿਚ ਪੇਸ਼ ਹੋਈ ਹੈ ਖ਼ਾਸ ਕਰ ਕੇ ਕੈਨੇਡਾ ਵਿਚ ਸਰਕਾਰ ਦੀ ਚੋਣ ਲਈ ਵੱਖ ਸਮੇਂ ਹੋਈਆਂ ਚੋਣਾਂ ਦਾ ਜਾਣਕਾਰੀ ਭਰਪੂਰ ਮਸਾਲਾ ਪੁਸਤਕ ਵਿਚ ਪੇਸ਼ ਹੋਇਆ ਮਿਲਦਾ ਹੈ। ਲੇਖਕ ਨੇ ਆਪਣੀ ਗੱਲ ਨੂੰ ਪ੍ਰਮਾਣਿਕ ਬਣਾਉਣ ਲਈ ਬਹੁਤੀਆਂ ਥਾਵਾਂ ਤੇ ਰੈਮੀ ਜਾਂ ਉੱਜਲ ਦੁਸਾਂਝ ਦੇ ਸ਼ਬਦਾਂ ਵਿਚ ਹੀ ਗੱਲ ਕਰਨ ਦੀ ਵਿਧੀ ਅਪਣਾਈ ਹੈ। ਇਸੇ ਤਰ੍ਹਾਂ ਕਈ ਹੋਰ ਵਿਅਕਤੀਆਂ ਦੇ ਸ਼ਬਦ ਵੀ ਹੂਬਹੂ ਪੇਸ਼ ਕੀਤੇ ਗਏ ਹਨ। ਬੇਸ਼ੱਕ ਦੁਸਾਂਝ ਨੂੰ ਜ਼ਿੰਦਗੀ ’ਚ ਭਾਰੀ ਔਕੜਾਂ ਤੇ ਪਾਰਟੀ ਦੇ ਅੰਦਰੂਨੀ ਵਿਰੋਧਾਂ ਦਾ ਸਾਹਮਣਾ ਕਰਨਾ ਪਿਆ ਪਰ ਉਸ ਨੇ ਦ੍ਰਿੜ ਇਰਾਦੇ ਨਾਲ ਕਾਮਯਾਬੀ ਹਾਸਲ ਕੀਤੀ। ਉਸ ਦੇ ਜੀਵਨ ਨਾਲ ਜੁੜੀਆਂ ਤਸਵੀਰਾਂ ਵੀ ਪੁਸਤਕ ’ਚ ਸ਼ਾਮਲ ਹਨ।



ਡਾ. ਫਕੀਰ ਜੋਤ ਭਾਵੇਂ ਪ੍ਰਸ਼ਾਸਨਿਕ ਅਧਿਕਾਰੀ ਹਨ ਪਰ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਵੀ ਸਿਰਜਣਾਤਮਕ ਪਲਾਂ ਨੂੰ ਹੱਥੋਂ ਨਹੀਂ ਜਾਣ ਦਿੰਦੇ ਕਿਉਂਕਿ ਉਹ ਮਨੁੱਖ ਦੇ ਪ੍ਰਤੀਕੂਲ ਪ੍ਰਸਥਿਤੀਆਂ ਵਿਚ ਆਪਣੀ ਕਵਿਤਾ ਦੁਆਰਾ ਉਸ ਨੂੰ ਜੀਣ ਜੋਗਾ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਇਥੇ ਹੀ ਉੱਦਮ ਵਿੱਚੋਂ ਉਨ੍ਹਾਂ ਦੀ ਕਾਵਿ-ਪੁਸਤਕ ‘ਮੇਰੀ ਅਰਦਾਸ’ ਦਾ ਜਨਮ ਹੋਇਆ ਹੈ। ਜਦੋਂ ਅਸੀਂ ਡਾ. ਫ਼ਕੀਰ ਜੋਤ ਦੇ ਕਾਵਿ-ਬਗ਼ੀਚੇ ਨੂੰ ਵਾਚਦੇ ਹਾਂ ਤਾਂ ਇਸ ਵਿੱਚੋਂ ਉਸ ਦੇ ਵਿਵਿਧ ਭਾਂਤੀ ਕਾਵਿ-ਰੰਗਾਂ ਦੇ ਦੀਦਾਰ ਹੁੰਦੇ ਹਨ ਉਹ ਆਪਣੀ ਕਵਿਤਾ ਵਿੱਚੋਂ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਹਮੇਸ਼ਾ ਹੀ ਦ੍ਰਿੜ ਵਿਸ਼ਵਾਸੀ ਮਨੁੱਖ ਕਿਸੇ ਵੀ ਮੰਜ਼ਿਲ ਨੂੰ ਸਰ ਕਰ ਸਕਦਾ ਹੈ ਇਸ ਦੇ ਵਿਪਰੀਤ ਧਰਮਾਂ-ਕਰਮਾਂ ਦੀਆਂ ਫ਼ਜ਼ੂਲ ਬਹਿਸਾਂ ਵਿਚ ਮਨੁੱਖ ਆਪਣੀ ਸਮਰਥਾ ਅਤੇ ਸੰਵੇਦਨਾ ਨੂੰ ਮਾਰ ਬੈਠਦਾ ਹੈ ਦੂਜਿਆਂ ਪ੍ਰਤੀ ਸ਼ੁਭ ਇੱਛਾ ਹੀ ਸਾਡੀ ਜ਼ਿੰਦਗੀ ਦਾ ਅਸਲ ਨਿਸ਼ਾਨਾ ਮਿੱਥਦੀ ਹੈ ਪਰ ਮਾਨਸਿਕ ਤੌਰ ’ਤੇ ਕਿਸੇ ਵੀ ਸਥਿਤੀ ਦਾ ਸਾਹਮਣਾ ਕਰਨਾ ਮਨੁੱਖੀ ਜ਼ਿੰਦਗੀ ਦੀ ਰਵਾਨਗੀ ਦੀ ਨਿਸ਼ਾਨੀ ਹੈ ਜਿਵੇਂ :

ਜਦੋਂ ਬੰਦਾ ਆਪਣੇ ਇਸ਼ਾਰਿਆਂ ਨੂੰ
ਆਕਾਸ਼ ਵਿਚ ਖਿਲਾਰਦਾ ਹੈ ਤਾਂ
ਰੱਬ ਨੂੰ ਵੀ ਆਪ ਆ ਕੇ
ਉਸ ਦਾ ਕੰਮ ਕਰਨਾ ਪੈਂਦਾ ਹੈ।

ਅਸਲ ਵਿਚ ‘ਮੇਰੀ ਅਰਦਾਸ’ ਪੁਸਤਕ ਦਾ ਜੇਕਰ ਕੇਂਦਰੀ ਥੀਮ ਦੇਖਿਆ ਜਾਵੇ ਤਾਂ ਉਹ ਇਹੀ ਹੈ ਕਿ ਸਾਂਝੀ ਮਨੁੱਖਤਾ ਸੁਖੀ ਵਸੇ, ਕਿਰਤ ਦੀ ਅਤੇ ਮਿਹਨਤ ਦੀ ਕਮਾਈ ਰੋਟੀ ਹੋਵੇ, ਨਵੀਆਂ ਰਾਹਾਂ ’ਤੇ ਤੁਰਨ ਦਾ ਜ਼ੇਰਾ ਹੋਵੇ ਅਤੇ ਮਨੁੱਖੀ ਰਿਸ਼ਤਿਆਂ ਦੀ ਕਦਰ ਹੋਵੇ ਇਹੀ ਕਵੀ ਦੀ ਅਰਦਾਸ ਹੈ। ਇਸ ਤੋਂ ਇਲਾਵਾ ਕਵੀ ਦੀ ਆਪਣੀ ਕਵਿਤਾ ’ਚ ਧੀਆਂ ਪ੍ਰਤੀ ਸਨੇਹ ਵੀ ਪੇਸ਼ ਹੋਇਆ ਭਾਵੇਂ ਕਿ ਉਸ ਦੀਆਂ ਧੀਆਂ ਲਾਡੋ ਅਤੇ ਧਰੁਵੀ ਦਾ ਜ਼ਿਕਰ ਹੈ ਪਰ ਇਹ ਧੀਆਂ ਨਿੱਜੀ ਤੋਂ ਸਮੂਹਿਕ ਰੂਪ ’ਚ ਧੀਆਂ ਪ੍ਰਤੀ ਸੁਚੱਜੀ ਅਤੇ ਸਕਾਰਾਤਮਕ ਰੂਪ ’ਚ ਸਾਹਮਣੇ ਆਉਂਦੀਆਂ ਹਨ। ਮਾਨਵੀ ਕਦਰਾਂ-ਕੀਮਤਾਂ ਦੀ ਹਾਮੀ ਭਰਦੀ ਇਹ ਕਾਵਿ ਪੁਸਤਕ ਚੰਗਾ ਉਪਰਾਲਾ ਹੈ।

• ਸਰਦੂਲ ਸਿੰਘ ਔਜਲਾ



ਇੱਕੋ ਸਮੇਂ ਕਹਾਣੀ, ਵਿਅੰਗ, ਕਵਿਤਾ, ਸਵੈਜੀਵਨੀ ਅਤੇ ਲੇਖ ਵਿਧਾ ਤੇ ਕਲਮ ਅਜ਼ਮਾਈ ਕਰਨ ਵਾਲੇ ਬਹੁਵਿਧਾਵੀ ਲੇਖਕ ਗੁਰਮੇਲ ਸਿੰਘ ਬੌਡੇ ਦਾ ਨਵਾਂ ਲੇਖ ਸੰਗ੍ਰਹਿ ‘ਗੁਰੂ ਗੋਬਿੰਦ ਸਿੰਘ ਤੇ ਅਸੀਂ ’ ਪਾਠਕਾਂ ਤੀਕ ਪੁੱਜਾ ਹੈ। ਇਸ ਵਿਚ ਕੁਲ 16 ਲੇਖ ਦਰਜ ਹਨ। ਇਨ੍ਹਾਂ ਵਿਚ ਲੇਖਕਾਂ ਦੇ ਦੋਗਲੇ ਵਿਵਹਾਰ, ਅੰਗਹੀਣਾਂ ਦੇ ਸਵੈਮਾਨ ਦੀ ਬਾਤ, ਸਿੱਖਿਆ ਪ੍ਰਤੀ ਸਰਕਾਰਾਂ ਦਾ ਨਾਂਹ-ਪੱਖੀ ਰਵਈਆ, ਗ਼ਦਰ ਸਮੇਂ ਦੀ ਲੋੜ, ਕੁਦਰਤੀ ਸਾਧਨਾਂ ਦੀ ਲੁੱਟ, ਮੋਬਾਈਲ ਨੈੱਟ ਰਾਹੀਂ ਨਵੀਂ ਪੀੜ੍ਹੀ ਦਾ ਘਾਣ, ਪੰਜਾਬ ਤੇ ਕਸ਼ਮੀਰ ਵਿਚਲਾ ਦੁਖਾਂਤ, ਸਿਆਸੀ ਪੈਂਤੜੇਬਾਜ਼ੀ, ਹਨੇਰੇ ਪਈ ਜਵਾਨੀ, ਨਸ਼ਿਆਂ ਨਾਲ ਗਰਕ ਹੁੰਦਾ ਸਮਾਜ, ਸਿੱਖਿਆ ਦਾ ਵਪਾਰੀਕਰਨ, ਫੋਕੀ ਚੌਧਰਬਾਜ਼ੀ ਵਿਚ ਗਲਤਾਨ ਮਾਨਸਿਕਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਪ੍ਰਤੀ ਸਮਾਜ ਦੇ ਹਰੇਕ ਵਰਗ ਵਲੋਂ ਉਪਰਾਮਤਾ ਦਾ ਦੁਖਾਂਤ ਆਦਿ ਨੂੰ ਵਿਸ਼ੇ ਬਣਾਇਆ ਗਿਆ ਹੈ।

ਲੇਖਕ ਅੱਜ ਦੀ ਨਿਘਰੀ ਹੋਈ ਵਿਵਸਥਾ ’ਤੇ ਸਵਾਲ-ਦਰ-ਸਵਾਲ ਖੜ੍ਹੇ ਕਰਦਾ ਹੈ। ਪਰਸਥਿਤੀਆਂ ਦਾ ਪੋਸਟਮਾਰਟਮ ਕਰਦਾ ਹੈ, ਵਿਅੰਗ ਦੇ ਤਿੱਖੇ ਨਸ਼ਤਰ ਨਾਲ। ਉਹ ਸਮਾਜ ਦੇ ਉਸ ਹਰ ਤਬਕੇ ਦੇ ਵਿਅਕਤੀ ਨੂੰ ਲਾਹਣਤਾਂ ਪਾਉਂਦਾ ਹੈ ਜੋ ਅਜੋਕੇ ਹਾਲਾਤ ਲਈ ਭਾਵੇਂ ਅਸਿੱਧੇ ਤੌਰ ’ਤੇ ਭਾਗੀਦਾਰ ਹੈ ਅਤੇ ਸਭ ਕੁਝ ਮੂਕ ਦਰਸ਼ਕ ਬਣ ਕੇ ਤਮਾਸ਼ਬੀਨੀ ਕਰ ਰਿਹਾ ਹੈ।ਲੇਖਕ ਪਾਸ ਢੁੱਕਵੇਂ ਇਤਿਹਾਸਕ, ਸਾਹਿਤਕ, ਧਾਰਮਿਕ ਕਥਨ ਤੇ ਹਵਾਲੇ ਹਨ। ਸਮਾਜ ਦੇ ਰਾਹ ਦਸੇਰਿਆਂ ਲੇਖਕਾਂ ਸਿਆਸਤਦਾਨਾਂ ਨੂੰ ਕਰੜੇ ਹੱਥੀਂ ਲਿਆ ਹੈ। ਲੇਖਕ ਨੇ ਪੰਜਾਬ ਵਾਸੀਆਂ ਦੀ ਅਚੇਤ ਹੁੰਦੀ ਜਾਂਦੀ ਚੇਤਨਾ ਨੂੰ ਹਲੂਣਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਅਸੰਵੇਦਨਹੀਣ ਹੁੰਦੀ ਜਾ ਰਹੀ ਨਿੱਜੀ ਲਾਭ ਲਈ ਸਵਾਰਥੀ ਹੁੰਦੀ ਜਾ ਰਹੀ ਲੁਕਾਈ ਦੀ ਸੰਵੇਦਨਾ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਲੇਖ ਲੋਕ ਚੇਤਨਾ ਨੂੰ ਉਸਾਰਨ ਤੇ ਉਭਾਰਨ ਲਈ ਸਾਰਥਕ ਉਪਰਾਲਾ ਹਨ।

• ਡਾ. ਧਰਮ ਪਾਲ ਸਾਹਿਲ



ਹੱਥਲੀ ਪੁਸਤਕ ਜਗਦੇਵ ਸਿੰਘ ਘੁੰਗਰਾਲੀ ਦੀ ਪੰਜਵੀਂ ਪੁਸਤਕ ਹੈ। ਇਸ ਕਹਾਣੀ-ਸੰਗ੍ਰਹਿ ’ਚ ਉਸ ਨੇ ਆਮ ਵਿਅਕਤੀ ਦੇ ਜੀਵਨ ਸੰਘਰਸ਼, ਮਜਬੂਰੀਆਂ, ਅਗਿਆਨਤਾ, ਸਵਾਰਥੀ ਸੋਚ ਤੇ ਲੋਟੂ ਨਿਜ਼ਾਮ ਦਾ ਸਾਫ਼ ਸਪੱਸ਼ਟ ਸ਼ਬਦਾਂ ਵਿਚ ਖੁਲਾਸਾ ਕੀਤਾ ਹੈ। ਜਿੰਨੇ ਵੀ ਵਿਸ਼ੇ ਜਗਦੇਵ ਸਿੰਘ ‘ਘੁੰਗਰਾਲੀ’ ਨੇ ਛੋਹੇ ਹਨ ਬਾਖੂਬੀ ਨਿਭਾਏ ਵੀ ਹਨ। ਸਮਾਜ ਦੀ ਉਂਘਦੀ ਸੋਚ ਨੂੰ ਹਲੂਣਦੀਆਂ ਕਹਾਣੀਆਂ ਲੇਖਕ ਦੀ ਵਿਸ਼ਾਲ ਅਤੇ ਗੰਭੀਰ ਸੋਚ ਦੀ ਸ਼ਾਹਦੀ ਭਰਦੀਆਂ ਹਨ। ਪੁਸਤਕ ਦੀ ਟਾਈਟਲ ਕਹਾਣੀ ‘ਅੱਤਵਾਦੀ’ ਉਨ੍ਹਾਂ ਅੱਤਵਾਦੀਆਂ ਦੀ ਕਹਾਣੀ ਨਹੀਂ ਹੈ ਜੋ ਕਿਸੇ ਵੀ ਕੌਮ ਦੇ ਬੇਕਸੂਰ ਨਿਹੱਥੇ ਲੋਕਾਂ ਦਾ ਖ਼ੂਨ ਵਹਾਉਂਦੇ ਹਨ ਬਲਕਿ ਇਹ ਕਹਾਣੀ ਰਿਸ਼ਤਿਆਂ ਦੀ ਪ੍ਰੀਭਾਸ਼ਾ ਵਿਗਾੜਨ ਵਾਲੇ ਅਤੇ ਸਮਾਜਕ ਤੇ ਨੈਤਿਕ ਕਦਰਾਂ ਕੀਮਤਾਂ ਦਾ ਘਾਣ ਕਰਨ ਵਾਲੇ ਅਕ੍ਰਿਤਘਣ ਲੋਕਾਂ ਦੇ ਮੂੰਹ ਉੱਤੇ ਮਾਰੀ ਚਪੇੜ ਵਰਗੀ ਹੈ ਜੋ ਆਧੁਨਿਕਤਾ ਦੇ ਨਾਂ ਉੱਤੇ ਜ਼ਿਹਨੀ ਅੱਤਵਾਦ ਫੈਲਾਉਂਦੇ ਹਨ।

‘ਅਣਹੋਣੀ’ ਕਹਾਣੀ ’ਚ ਲੇਖਕ ਲੋਕਾਂ ਨੂੰ ਡੇਰਾਵਾਦ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਯਤਨਸ਼ੀਲ ਹੈ। ਕਹਾਣੀ ‘ਓਪਰੇ ਬੰਦੇ’ ਦਾ ਸੂਝਵਾਨ ਤੇ ਪ੍ਰੇਮ ਭਰਿਆ ਮਨ ਰੱਖਣ ਵਾਲਾ ਨਾਇਕ ਅਖੌਤੀ ਆਪਣਿਆਂ ਦੇ ਮਾੜੇ ਕਾਰਨਾਮੇ ਉੱਤੇ ਪਰਦਾ ਪਾਉਣ ਲਈ ਉਸ ਨੂੰ ਓਪਰਾ ਕਹਿ ਕੇ ਰਿਸ਼ਤਿਆਂ ਵਿਚ ਤ੍ਰੇੜ ਪੈਣ ਤੋਂ ਬਚਾਉਂਦਾ ਹੈ। ਆਮ ਜਨਜੀਵਨ ਦੇ ਸਰੋਕਾਰਾਂ ਨਾਲ਼ ਜੁੜੀਆਂ ਕਹਾਣੀਆਂ ਵਿੱਚੋਂ ‘ਕਿਰਨਾ’ ਕਹਾਣੀ ਇੱਕੀਵੀਂ ਸਦੀ ਦੇ ਜਾਗਰੂਕ ਯੁੱਗ ਵਿਚ ਮੱਧ ਕਾਲ ਦੀ ਯਾਦ ਦਿਵਾਉਂਦੀ ਹੋਈ ਦੱਸਦੀ ਹੈ ਕਿ ਅਜੇ ਵੀ ਆਮ ਔਰਤ ਦੀ ਦਸ਼ਾ ਵਿਚ ਕੋਈ ਬਹੁਤਾ ਫ਼ਰਕ ਨਹੀਂ ਪਿਆ। ਸਮਾਜਕ ਬੰਧਨਾਂ ਵਿਚ ਬੰਨ੍ਹਿਆ ਉਸ ਦਾ ਅਧਿਆਪਕ ਚਾਹੁੰਦਾ ਹੋਇਆ ਵੀ ਉਸ ਦੀ ਮਦਦ ਨਹੀਂ ਕਰ ਸਕਦਾ ਤੇ ਇਕ ਬੇਵਸ ਕੁੜੀ ਅੰਦਰ ਛੁਪੀ ਹੋਈ ਪ੍ਰਤਿਭਾ ਸਹਿਕਦੀ ਹੋਈ ਦਮ ਤੋੜ ਜਾਂਦੀ ਹੈ। ‘ਮਾਇਆ’ ਕਹਾਣੀ ਅੱਜ ਦੇ ਭੇਖੀ ਲੋਕਾਂ ਤੇ ਬਾਬਿਆਂ ਦੇ ਪਾਜ ਉਧੇੜਦੀ ਹੈ। ਪੁਸਤਕ ਦੀ ਸ਼ਬਦਾਵਲੀ ਸਰਲ ਤੇ ਸਮਝ ਆਉਣ ਵਾਲੀ ਹੈ। ਕਹਾਣੀ ਪੜ੍ਹਦਿਆਂ ਮਨ ਉਕਤਾਉਂਦਾ ਨਹੀਂ।

• ਪਰਮਜੀਤ ਕੌਰ ਸਰਹਿੰਦ

# ਇੰਦੌਰ ਦੀ ਘਟਨਾ ਇਕ ਸਬਕ, ਦਿੱਲੀ ਵਾਲੇ ਵੀ ਪੀਣ ਦੇ ਪਾਣੀ ਨੂੰ ਲੈ ਕੇ ਰਹਿਣ ਸਾਵਧਾਨ : ਅਨੁਰਾਗ ਢਾਂਡਾ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 4 ਜਨਵਰੀ। ਇੰਦੌਰ ਵਿੱਚ ਦੂਸ਼ਿਤ ਪਾਣੀ ਪੀਣ ਕਾਰਨ ਹੋਈਆਂ ਦੁਖਦਾਈ ਮੌਤਾਂ ਨੇ ਦੇਸ਼ ਵਿੱਚ ਰਾਜਨੀਤਿਕ ਉਥਲ-ਪੁਥਲ ਮਚਾ ਦਿੱਤੀ ਹੈ। ਆਮ ਆਦਮੀ ਪਾਰਟੀ (ਆਪ) ਨੇ ਇਸ ਘਟਨਾ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ (ਭਾਜਪਾ) ’ਤੇ ਤਿੱਖਾ ਹਮਲਾ ਕੀਤਾ ਹੈ ਅਤੇ ਦਿੱਲੀ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਪ੍ਰਤੀ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ ਹੈ। ਆਪ ਦੇ ਰਾਸ਼ਟਰੀ ਮੀਡੀਆ ਇੰਚਾਰਜ ਅਨੁਰਾਗ ਢਾਂਡਾ ਨੇ ਇਸ ਘਟਨਾ ਨੂੰ ਦੇਸ਼ ਭਰ ਦੇ ਵੱਡੇ ਸ਼ਹਿਰਾਂ ਲਈ ਇੱਕ ਗੰਭੀਰ ਚੇਤਾਵਨੀ ਦੱਸਿਆ ਹੈ। ਅਨੁਰਾਗ ਢਾਂਡਾ ਨੇ ਸਵਾਲ ਕੀਤਾ ਕਿ ਇੰਦੌਰ ਵਰਗੇ ਵੱਡੇ ਅਤੇ ਵਿਕਸਤ ਸ਼ਹਿਰ ਵਿੱਚ ਇੰਨੀ ਘੋਰ ਲਾਪਰਵਾਹੀ ਕਿਵੇਂ ਹੋ ਸਕਦੀ ਹੈ, ਜਿੱਥੇ ਭਾਜਪਾ ਦੀ ਟ੍ਰਿਪਲ ਇੰਜਣ ਸਰਕਾਰ (ਸੰਸਦ ਮੈਂਬਰ, ਵਿਧਾਇਕ, ਕੌਂਸਲਰ ਅਤੇ ਰਾਜ ਸਰਕਾਰ) ਹੈ, ਜੋ ਸਾਰੇ ਭਾਜਪਾ ਮੈਂਬਰ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਗੰਭੀਰ ਪ੍ਰਸ਼ਾਸਨਿਕ ਗਲਤੀਆਂ ਕਾਰਨ 14 ਮਾਸੂਮ ਬੱਚਿਆਂ ਅਤੇ ਕਈ ਹੋਰਾਂ ਦੀ ਮੌਤ ਹੋਈ, ਜਦੋਂਕਿ ਸੈਂਕੜੇ ਅਜੇ ਵੀ ਹਸਪਤਾਲਾਂ ਵਿੱਚ ਜ਼ਿੰਦਗੀ ਲਈ ਜੂਝ ਰਹੇ ਹਨ। ਢਾਂਡਾ ਨੇ ਇਹ ਵੀ ਕਿਹਾ ਕਿ ਭਾਜਪਾ ਆਗੂ ਇੰਨੇ ਹੰਕਾਰੀ ਹੋ ਗਏ ਹਨ ਕਿ ਉਨ੍ਹਾਂ ਦੇ ਮੰਤਰੀ ਇਸ ਮੁੱਦੇ ’ਤੇ ਸਵਾਲ ਉਠਾਉਣ ਵਾਲਿਆਂ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰ ਰਹੇ ਹਨ, ਜੋ ਕਿ ਬਹੁਤ ਹੀ ਮੰਦਭਾਗਾ ਹੈ। ਉਨ੍ਹਾਂ ਦਿੱਲੀ ਦੇ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਭਾਜਪਾ ਹੁਣ ਦਿੱਲੀ ਵਿੱਚ ਸੱਤਾ ’ਤੇ ਕਾਬਜ਼ ਹੈ, ਜਿਸ ਵਿੱਚ ਕੇਂਦਰ ਸਰਕਾਰ, ਦਿੱਲੀ ਸਰਕਾਰ ਅਤੇ ਐੱਮਸੀਡੀ ਸ਼ਾਮਲ ਹਨ। ਅਜਿਹੀ ਸਥਿਤੀ ਵਿੱਚ, ਜੇਕਰ




ਪ੍ਰਸ਼ਾਸਨਿਕ ਲਾਪਰਵਾਹੀ ਹੁੰਦੀ ਹੈ, ਤਾਂ ਇੰਦੌਰ ਵਰਗੀ ਘਟਨਾ ਦਿੱਲੀ ਵਿੱਚ ਦੁਹਰਾਈ ਜਾ ਸਕਦੀ ਹੈ। ਇਸ ਲਈ, ਦਿੱਲੀ ਵਾਸੀਆਂ ਨੂੰ ਆਪਣੇ ਘਰਾਂ ਨੂੰ ਸਪਲਾਈ ਕੀਤੇ ਜਾਣ ਵਾਲੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਪ੍ਰਤੀ ਬਹੁਤ ਸਾਵਧਾਨ ਰਹਿਣਾ ਚਾਹੀਦਾ ਹੈ, ਸਿਰਫ਼ ਲੋੜ ਪੈਣ ’ਤੇ ਹੀ ਪਾਣੀ ਉਬਾਲਣਾ ਜਾਂ ਫਿਲਟਰ ਕਰਨਾ ਚਾਹੀਦਾ ਹੈ, ਅਤੇ ਜੇਕਰ ਕੋਈ ਬੇਨਿਯਮੀ ਨਜ਼ਰ ਆਉਂਦੀ ਹੈ ਤਾਂ ਤੁਰੰਤ ਸ਼ਿਕਾਇਤ ਦਰਜ ਕਰਨੀ ਚਾਹੀਦੀ ਹੈ। ਇਸ ਮੁੱਦੇ ’ਤੇ ਆਮ ਆਦਮੀ ਪਾਰਟੀ (ਆਪ) ਦੀ ਮੁੱਖ ਬੁਲਾਰਾ ਪ੍ਰਿਯੰਕਾ ਕੱਕੜ ਨੇ ਵੀ ਭਾਜਪਾ ’ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਨੇ ਭਾਜਪਾ ਦੇ ਹਿੰਦੂਤਵ ਦੇ ਦਾਅਵਿਆਂ ’ਤੇ ਸਵਾਲ ਉਠਾਉਂਦੇ ਹੋਏ ਪੁੱਛਿਆ ਕਿ ਕੀ ਇੰਦੌਰ ਵਿੱਚ ਮਰਨ ਵਾਲੇ ਲੋਕ ਹਿੰਦੂ ਨਹੀਂ ਸਨ। ਉਨ੍ਹਾਂ ਦਾਅਵਾ ਕੀਤਾ ਕਿ ਜਿਸ ਵਾਰਡ ਵਿੱਚ ਇਹ ਘਟਨਾ ਵਾਪਰੀ ਹੈ, ਉਸ ਦੇ ਵਸਨੀਕ ਪਿਛਲੇ ਦੋ ਸਾਲਾਂ ਤੋਂ ਲਿਖਤੀ ਸ਼ਿਕਾਇਤਾਂ ਦਰਜ ਕਰਵਾ ਰਹੇ ਹਨ, ਪੀਣ ਵਾਲੇ ਪਾਣੀ ਵਿੱਚ ਸੀਵਰੇਜ ਅਤੇ ਤੇਜ਼ਾਬ ਵਰਗੀ ਗੰਦਗੀ ਦਾ ਦੋਸ਼ ਲਗਾ ਰਹੇ ਹਨ, ਪਰ ਪ੍ਰਸ਼ਾਸਨ ਨੇ ਕੋਈ ਧਿਆਨ ਨਹੀਂ ਦਿੱਤਾ। ਪ੍ਰਿਯੰਕਾ ਕੱਕੜ ਨੇ ਤਿੱਖਾ ਸਵਾਲ ਕੀਤਾ ਕਿ ਕੀ ਮਰ ਰਹੇ ਹਿੰਦੂਆਂ ਦੀਆਂ ਚੀਕਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਨਹੀਂ ਪਹੁੰਚੀਆਂ। ਉਨ੍ਹਾਂ ਸਵਾਲ ਕੀਤਾ ਕਿ ਇੰਨੀ ਘੋਰ ਲਾਪਰਵਾਹੀ ਦੇ ਬਾਵਜੂਦ ਕਿਸੇ ਵੀ ਅਧਿਕਾਰੀ ਜਾਂ ਜਨ ਪ੍ਰਤੀਨਿਧੀ ਨੂੰ ਜਵਾਬਦੇਹ ਕਿਉਂ ਨਹੀਂ ਠਹਿਰਾਇਆ ਗਿਆ। ਉਨ੍ਹਾਂ ਮੰਗ ਕੀਤੀ ਕਿ ਇਸ ਗੰਭੀਰ ਮਾਮਲੇ ਵਿੱਚ ਜ਼ਿੰਮੇਵਾਰੀ ਤੈਅ ਕੀਤੀ ਜਾਵੇ, ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਸ਼ਾਮਲ ਲੋਕਾਂ ਨੂੰ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

## ਪਾਕਿ ’ਚ ਮਿਲੇ 6ਵੀਂ ਸਦੀ ਈਸਾ ਪੂਰਵ ਦੇ ਮਹਾਰਾਜ ਵਾਸੂਦੇਵ ਦੇ ਸ਼ਾਸਨ ਕਾਲ ਦੇ ਸਿੱਕੇ ਤੇ ਕੀਮਤੀ ਪੱਥਰ

ਗੁਰਦਾਸਪੁਰ/ਤਕਸ਼ਿਲਾ 5 ਜਨਵਰੀ। ਪਾਕਿਸਤਾਨੀ ਪੁਰਾਤੱਤਵ ਵਿਗਿਆਨੀਆਂ ਨੇ ਤਕਸ਼ਿਲਾ ਦੇ ਨੇੜੇ ਇਕ ਸਥਾਨ ’ਤੇ ਭਾਰਤੀ ਸੱਭਿਆਚਾਰ ਅਤੇ ਹਿੰਦੂ ਰਾਜਿਆਂ ਨਾਲ ਸਬੰਧਤ 6ਵੀਂ ਸਦੀ ਈਸਾ ਪੂਰਵ ਦੇ ਦੁਰਲੱਭ ਸੋਨੇ ਤੇ ਚਾਂਦੀ ਦੇ ਸਿੱਕੇ ਅਤੇ ਸਜਾਵਟੀ ਪੱਥਰ ਲੱਭੇ ਹਨ। ਪ੍ਰਾਚੀਨ ਭੀਰ ਟਿੱਲੇ ’ਤੇ ਕੀਤੀਆਂ ਗਈਆਂ ਇਹ ਖੋਜਾਂ ਕ੍ਰਿਸ਼ਨ ਕਾਲ ਦੀ ਕਹਾਣੀ ਦੱਸਦੀਆਂ ਹਨ, ਜਦੋਂ ਵਾਸੂਦੇਵ ਰਾਜ ਕਰਦੇ ਸਨ। ਮਾਹਿਰਾਂ ਨੇ ਰੂਪਾਂਤਰਿਤ ਸਜਾਵਟੀ ਪੱਥਰ ਦੇ ਟੁਕੜੇ ਲੱਭੇ, ਜਿਨ੍ਹਾਂ ਦੀ ਪਛਾਣ ਲੈਪਿਸ ਲਾਜ਼ੁਲੀ ਵਜੋਂ ਕੀਤੀ ਗਈ ਹੈ ਅਤੇ ਨਾਲ ਹੀ ਕੁਸ਼ਾਨ ਰਾਜਵੰਸ਼ ਦੇ ਦੁਰਲੱਭ ਕਾਂਸੀ ਦੇ ਸਿੱਕੇ ਵੀ ਲੱਭੇ ਹਨ, ਜੋ ਕਿ ਪ੍ਰਾਚੀਨ ਗੰਧਾਰ ਦੀ ਭੌਤਿਕ ਕਹਾਣੀ ਨੂੰ ਨਾਟਕੀ ਢੰਗ ਨਾਲ ਅੱਗੇ ਵਧਾਉਂਦੇ ਹਨ।

# ਚੰਡੀਗੜ੍ਹ ’ਚ ਮੇਅਰ ਚੋਣਾਂ ਨੂੰ ਲੈ ਕੇ ਤਿਆਰੀਆਂ ਤੇਜ਼, ਵੋਟਿੰਗ ਸਿਸਟਮ ’ਚ ਕੀਤਾ ਜਾ ਸਕਦੈ ਵੱਡਾ ਬਦਲਾਅ

ਚੰਡੀਗੜ੍ਹ 4 ਜਨਵਰੀ। ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਨੂੰ ਪਾਰਦਰਸ਼ੀ ਤੇ ਨਿਰਪੱਖ ਤਰੀਕੇ ਨਾਲ ਨੇਪਰੇ ਚਾੜ੍ਹਨ ਦੇ ਮਕਸਦ ਨਾਲ ਡੀ. ਸੀ. ਨਿਸ਼ਾਂਤ ਕੁਮਾਰ ਯਾਦਵ ਸ਼ੁੱਕਰਵਾਰ ਨੂੰ ਸੈਕਟਰ-17 ’ਚ ਨਿਗਮ ਅਸੈਂਬਲੀ ਹਾਲ ਦਾ




ਨਿਰੀਖਣ ਕਰਨਗੇ। ਚਰਚਾ ਹੈ ਕਿ ਪ੍ਰਸ਼ਾਸਨ ਇਸ ਵਾਰ ਚੋਣਾਂ ਦੌਰਾਨ ਹੋਣ ਵਾਲੇ ਸੰਭਾਵੀ ਵਿਵਾਦਾਂ ਨੂੰ ਰੋਕਣ ਲਈ ਵੋਟਿੰਗ ਦੀ ਪੁਰਾਣੀ ਪ੍ਰਣਾਲੀ ’ਚ ਵੱਡੀ ਤਬਦੀਲੀ ਕਰ ਸਕਦਾ ਹੈ। ਜਨਵਰੀ ਦੇ ਆਖ਼ਰੀ ਹਫ਼ਤੇ ਹੋਣ ਵਾਲੀਆਂ ਚੋਣਾਂ ਇਸ ਵਾਰ ਗੁਪਤ ਬੈਲਟ ਦੀ ਬਜਾਏ ’ਹੱਥ ਖੜ੍ਹੇ ਕਰਕੇ’ ਕਰਵਾਉਣ ਦੀ ਤਿਆਰੀ ਹੈ। ਪ੍ਰਸ਼ਾਸਨ ਦਾ ਮੰਨਣਾ ਹੈ ਕਿ ਵੋਟਿੰਗ ਪ੍ਰਣਾਲੀ ਨਾਲ ਪਿਛਲੇ ਸਾਲਾਂ ਦੌਰਾਨ ਚੋਣ ਪ੍ਰਕਿਰਿਆ ’ਤੇ ਉੱਠੇ ਸਵਾਲਾਂ ’ਤੇ ਕਾਨੂੰਨੀ ਉਲਝਣਾਂ ਨੂੰ ਨੱਥ ਪਾਈ ਜਾ ਸਕਦੀ ਹੈ। ਪ੍ਰਸ਼ਾਸਨ ਨੇ ਯਕੀਨੀ ਬਣਾਉਣ ਲਈ ਐੱਸ. ਓ. ਪੀ. ਵਿਕਸਤ ਕੀਤੀ ਤਾਂ ਜੋ ਵੋਟਿੰਗ ਦੌਰਾਨ ਬੇਨਿਯਮੀਆਂ ਦੀ ਕੋਈ ਗੁੰਜਾਇਸ਼ ਨਾ ਰਹੇ। ਚੋਣਾਂ ਦੀ ਨਿਗਰਾਨੀ ਲਈ ਉੱਚ-ਤਕਨੀਕੀ ਤਕਨਾਲੋਜੀ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ’ਚ ਹਰ ਵੋਟ ਦੀ ਸਪੱਸ਼ਟ ਰਿਕਾਰਡਿੰਗ ਨੂੰ ਯਕੀਨੀ ਬਣਾਉਣ ਲਈ ਹਾਲ ’ਚ ਲਾਏ ਹਾਈ-ਐਂਗਲ ਸੀ. ਸੀ. ਟੀ. ਵੀ. ਕੈਮਰੇ ਸ਼ਾਮਲ ਹਨ। ਹਾਲ ਅੰਦਰ ਬੈਠਣ ਦੇ ਪ੍ਰਬੰਧਾਂ ਨੂੰ ਬਦਲਿਆ ਜਾ ਰਿਹਾ ਹੈ ਤਾਂ ਜੋ ਨਿਰੀਖਕ ਹਰ ਗਤੀਵਿਧੀ ਦੇਖ ਸਕਣ। ਇਸ ਵਾਰ ਵਿਸ਼ੇਸ਼ ਪੁਲਸ ਫੋਰਸ ਤਾਇਨਾਤ ਕੀਤੀ ਜਾਵੇਗੀ। ਡੀ. ਸੀ. ਵੱਲੋਂ ਰਸਮੀ ਤੌਰ ’ਤੇ ਤਾਰੀਖ਼ਾਂ ਦਾ ਐਲਾਨ ਹੋਣ ਤੋਂ ਬਾਅਦ ਨਿਗਮ ਸਕੱਤਰ ਅਧਿਕਾਰਤ ਨੋਟਿਸ ਜਾਰੀ ਕਰੇਗਾ। ਇਸ ਨਾਲ ਤਿੰਨੇ ਅਹੁਦਿਆਂ ਲਈ ਨਾਮਜ਼ਦਗੀ ਪ੍ਰਕਿਰਿਆ ਸ਼ੁਰੂ ਹੋਵੇਗੀ। ਇਸ ਵਾਰ ਪ੍ਰਸ਼ਾਸਨ ਸੁਰੱਖਿਆ ਤੇ ਪ੍ਰਸ਼ਾਸਕੀ ਪਹਿਲੂਆਂ ’ਤੇ ਨੇੜਿਓਂ ਕੰਮ ਕਰ ਰਿਹਾ ਹੈ ਤਾਂ ਜੋ ਚੋਣਾਂ ਸ਼ਾਂਤੀਪੂਰਵਕ ਤੇ ਬਿਨਾਂ ਵਿਵਾਦ ਕਰਵਾਈਆਂ ਜਾ ਸਕਣ।

## ਸੰਗਰੂਰ ’ਚ ਤਾਇਨਾਤ ਤਹਿਸੀਲਦਾਰ ਜਗਤਾਰ ਸਿੰਘ ਗ੍ਰਿਫ਼ਤਾਰ, ਕੀਤਾ ਸੀ ਵੱਡਾ ਕਾਂਡ

ਚੰਡੀਗੜ੍ਹ 4 ਜਨਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਜ਼ਿਲ੍ਹਾ ਸੰਗਰੂਰ ਵਿਖੇ ਤਾਇਨਾਤ ਤਹਿਸੀਲਦਾਰ ਜਗਤਾਰ ਸਿੰਘ ਨੂੰ 30,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ। ਉਸਦੇ ਸਹਿ-ਦੋਸ਼ੀ ਨੂੰ ਵੀ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਦੋਸ਼ੀ ਤਹਿਸੀਲਦਾਰ ਦੇ ਘਰ ਦੀ ਤਲਾਸ਼ੀ ਦੌਰਾਨ 1,45,000 ਰੁਪਏ ਦੀ ਰਕਮ ਬਰਾਮਦ ਕੀਤੀ ਗਈ। ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਜ਼ਿਲ੍ਹਾ ਸੰਗਰੂਰ ਦੇ ਪਿੰਡ ਮਹਿਲਾਂ ਦੇ ਇਕ ਵਸਨੀਕ ਵੱਲੋਂ ਤਹਿਸੀਲ ਦਫ਼ਤਰ ਸੰਗਰੂਰ ਵਿਖੇ ਤਾਇਨਾਤ ਜਗਤਾਰ ਸਿੰਘ ਤਹਿਸੀਲਦਾਰ ਅਤੇ ਮਾਲਵਿੰਦਰ ਸਿੰਘ ਕਲਰਕ ਵਿਰੁੱਧ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ। ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਹੈ ਕਿ ਉਸਨੇ ਖਰੀਦੀ ਗਈ ਜ਼ਮੀਨ ਦੀ ਰਜਿਸਟਰੀ ਕਰਵਾਉਣ ਲਈ ਮੁਲਜ਼ਮ ਕੋਲ ਪਹੁੰਚ ਕੀਤੀ ਸੀ। ਦੋਵਾਂ ਮੁਲਜ਼ਮਾਂ ਨੇ ਜ਼ਮੀਨ ਦੀ ਰਜਿਸਟਰੀ ਕਰਵਾਉਣ ਲਈ 30,000 ਰੁਪਏ ਦੀ ਰਿਸ਼ਵਤ ਲਈ ਸੀ। ਸ਼ਿਕਾਇਤ ਦੀ ਪੜਤਾਲ ਤੋਂ ਬਾਅਦ ਇਹ ਪਾਇਆ ਗਿਆ ਕਿ ਉਕਤ ਦੋਸ਼ ਦਰਅਸਲ ਸੱਚੇ ਹਨ। ਬੁਲਾਰੇ ਨੇ ਕਿਹਾ ਕਿ ਇਸ ਸਬੰਧ ਵਿਚ ਦੋਵਾਂ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਪੁਲਸ ਰੇਂਜ ਪਟਿਆਲਾ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਮਾਮਲੇ ਦੀ ਹੋਰ ਜਾਂਚ ਜਾਰੀ ਹੈ। ਵਿਜੀਲੈਂਸ ਬਿਊਰੋ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਭ੍ਰਿਸ਼ਟਾਚਾਰ ਦੀ ਅਜਿਹੀ ਕਿਸੇ ਵੀ ਘਟਨਾ ਦੀ ਰਿਪੋਰਟ ਸਾਨੂੰ ਕਰਨ। ਵਿਜੀਲੈਂਸ ਬਿਊਰੋ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਸਾਰੇ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਵਚਨਬੱਧ ਹੈ।

## ਖ਼ੁਦ ਹਨੇਰੇ ’ਚ ਰਹਿ ਕੇ ਦੂਜਿਆਂ ਨੂੰ ਰੌਸ਼ਨੀ ਦੇ ਰਿਹਾ 21 ਸਾਲਾ ਅਮਨ !

ਮੁਜ਼ੱਫਰਨਗਰ 5 ਜਨਵਰੀ। ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਤਾਵਲੀ ’ਚ ਜਨਮੇ 21 ਸਾਲਾ ਅਮਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਇਰਾਦੇ ਮਜ਼ਬੂਤ ਹੋਣ ਤਾਂ ਸਰੀਰਕ ਅਸਮਰੱਥਾ ਕਦੇ ਵੀ ਰੁਕਾਵਟ ਨਹੀਂ ਬਣ ਸਕਦੀ। ਅੱਖਾਂ ਦੀ ਰੋਸ਼ਨੀ ਨਾ ਹੋਣ ਦੇ ਬਾਵਜੂਦ, ਅਮਨ ਨੇ ਆਪਣੀ ਮਿਹਨਤ ਨਾਲ ਨਾ ਸਿਰਫ਼ ਆਪਣੇ ਜੀਵਨ ’ਚ ਰੋਸ਼ਨੀ ਭਰੀ, ਸਗੋਂ ਹੁਣ ਉਹ 800 ਤੋਂ ਵੱਧ ਬੱਚਿਆਂ ਦੇ ਭਵਿੱਖ ਨੂੰ ਵੀ ਰੋਸ਼ਨ ਕਰ ਰਹੇ ਹਨ। ਅਮਨ ਨੇ ਨੌਜਵਾਨਾਂ ਨੂੰ ਆਤਮ-ਨਿਰਭਰ ਬਣਾਉਣ ਲਈ ’ਆਡੀਓ ਟੀਵੀ ਨੈੱਟਵਰਕ’ ਨਾਮ ਦਾ ਇਕ ਪਲੇਟਫਾਰਮ ਤਿਆਰ ਕੀਤਾ ਹੈ। ਇਸ ਰਾਹੀਂ ਉਹ ਨੌਜਵਾਨਾਂ ਨੂੰ ਵੌਇਸ ਓਵਰ, ਆਰਟੀਫੀਸ਼ੀਅਲ ਇੰਟੈਲੀਜੈਂਸ (19), ਕੋਡਿੰਗ, ਬਿਜ਼ਨੈੱਸ ਅਤੇ ਫਾਈਨੈਂਸ਼ੀਅਲ ਐਡਵਾਈਜ਼ਰੀ ਵਰਗੇ ਆਧੁਨਿਕ ਕੋਰਸ ਬਿਲਕੁਲ ਮੁਫ਼ਤ ਕਰਵਾ ਰਹੇ ਹਨ। ਉਨ੍ਹਾਂ ਦੇ ਸਿਖਿਆਰਥੀਆਂ ’ਚ ਲਗਭਗ 250 ਬੱਚੇ ਦਿਵਿਆਂਗ (ਵਿਸ਼ੇਸ਼ ਲੋੜਾਂ ਵਾਲੇ) ਹਨ। ਸੰਘਰਸ਼ ਅਤੇ ਸਿੱਖਿਆ ਦਾ ਸਫ਼ਰ ਅਮਨ ਦਾ ਸਫ਼ਰ ਸੌਖਾ ਨਹੀਂ ਸੀ। ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਦੀ ਪੜ੍ਹਾਈ ਲਈ ਦਿੱਲੀ ਦਾ ਰੁਖ ਕੀਤਾ, ਜਿੱਥੇ ਉਨ੍ਹਾਂ ਨੇ ਬਰੇਲ ਲਿਪੀ ਸਿੱਖੀ। ਇਸ ਤੋਂ ਬਾਅਦ ਉਨ੍ਹਾਂ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਵਿੱਦਿਆ ਪ੍ਰਾਪਤ ਕੀਤੀ। ਅਮਨ ਨੇ ਆਨਲਾਈਨ ਸਰੋਤਾਂ ਦੀ ਮਦਦ ਨਾਲ ਖ਼ੁਦ ਕੋਡਿੰਗ, 19 ਅਤੇ ਪ੍ਰੌਮਪਟ ਇੰਜੀਨੀਅਰਿੰਗ ਵਰਗੇ ਗੁੰਝਲਦਾਰ ਵਿਸ਼ੇ ਸਿੱਖੇ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਸਮਾਜ ਨੇ ਸਾਨੂੰ ਕੁਝ ਦਿੱਤਾ ਹੈ, ਤਾਂ ਉਸ ਨੂੰ ਮੋੜਨਾ ਸਾਡਾ ਫਰਜ਼ ਹੈ। ਅਮਨ ਦੇ ਇਸ ਪ੍ਰਾਜੈਕਟ ਨੇ ਕਈ ਨੌਜਵਾਨਾਂ ਨੂੰ ਵੱਡੀਆਂ ਕੰਪਨੀਆਂ ’ਚ ਰੁਜ਼ਗਾਰ ਦਿਵਾਇਆ ਹੈ, ਜਿਨ੍ਹਾਂ ’ਚ ਜਲੰਧਰ ਦੇ ਨੌਜਵਾਨ ਵੀ ਸ਼ਾਮਲ ਹਨ: ਆਰਿਅਨ (21 ਸਾਲ), ਜਲੰਧਰ: ਆਰਿਅਨ ਨੇ ’ਆਡੀਓ ਟੀਵੀ ਨੈੱਟਵਰਕ’ ਤੋਂ 6 ਮਹੀਨੇ ਦੀ ਮੁਫ਼ਤ ਵੌਇਸ ਓਵਰ ਸਿਖਲਾਈ ਲਈ। ਅੱਜ ਉਹ ਆਦਿਤਿਆ ਬਿਰਲਾ ਗਰੁੱਪ ’ਚ ਇਕ ਚੰਗੇ ਪੈਕੇਜ ’ਤੇ ਕੰਮ ਕਰ ਰਹੇ ਹਨ ਅਤੇ ਕਈ ਇਸ਼ਤਿਹਾਰਾਂ ਨੂੰ ਆਪਣੀ ਆਵਾਜ਼ ਦੇ ਚੁੱਕੇ ਹਨ। ਸਤਿਅਮ (17 ਸਾਲ), ਜਲੰਧਰ: ਸਤਿਅਮ ਖ਼ੁਦ ਵੀ ਦ੍ਰਿਸ਼ਟੀਹੀਣ ਹਨ। ਉਨ੍ਹਾਂ ਨੇ ਅਮਨ ਤੋਂ ਸਿਖਲਾਈ ਲੈ ਕੇ ਕਾਲ ਸੈਂਟਰਾਂ ਲਈ ਵੌਇਸ ਓਵਰ ਕਰਨਾ ਸ਼ੁਰੂ ਕੀਤਾ ਹੈ। ਅੱਜ ਤੁਸੀਂ ਕਈ ਕਾਲ ਸੈਂਟਰਾਂ ’ਚ ਜੋ ਆਵਾਜ਼ ਸੁਣਦੇ ਹੋ-ਹਿੰਦੀ ਲਈ 1 ਦਬਾਓ, ਅੰਗਰੇਜ਼ੀ ਲਈ 2 ਦਬਾਓ—ਉਹ ਸਤਿਅਮ ਦੀ ਹੀ ਆਵਾਜ਼ ਹੈ। ਅਮਨ ਦੀ ਇਹ ਕੋਸ਼ਿਸ਼ ਉਨ੍ਹਾਂ ਨੌਜਵਾਨਾਂ ਲਈ ਉਮੀਦ ਦੀ ਕਿਰਨ ਬਣੀ ਹੈ ਜੋ ਮਹਿੰਗੀ ਫੀਸ ਨਹੀਂ ਭਰ ਸਕਦੇ।

# ਪੰਜਾਬ ’ਚ ਵਧਦੇ ਪਾਣੀ ਪ੍ਰਦੂਸ਼ਣ ’ਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਅਖ਼ਤਿਆਰ ਕੀਤਾ ਸਖ਼ਤ ਰੁਖ਼ !

**ਕੌਮੀ ਪਤ੍ਰਿਕਾ**

ਚੰਡੀਗੜ੍ਹ 4 ਜਨਵਰੀ। ਪੰਜਾਬ ਦੇ ਪਾਣੀ ਦੇ ਸਰੋਤਾਂ ਦੇ ਲਗਾਤਾਰ ਦੂਸ਼ਿਤ ਹੋਣ ’ਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਚਿੰਤਾ ਪ੍ਰਗਟਾਈ ਹੈ ਤੇ ਪੰਜਾਬ ਸਰਕਾਰ ਨੂੰ ਸੂਬੇ ਭਰ ਦੇ ਜਲ ਸਰੋਤਾਂ ਨੂੰ ਦੂਸ਼ਿਤ ਕਰਨ ਵਾਲੇ ਕਾਰਕਾਂ ਬਾਰੇ ਵਿਸਥਾਰਪੂਰਵਕ ਅਤੇ ਜ਼ਿਲ੍ਹਾਵਾਰ ਵੈਰੀਫਾਇਡ ਡਾਟਾ ਪੇਸ਼ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ ਹਨ। ਟ੍ਰਿਬਿਊਨਲ ਅਨੁਸਾਰ ਜ਼ਮੀਨੀ ਹਕੀਕਤ ਨੂੰ ਸਮਝਣ ਅਤੇ ਪ੍ਰਦੂਸ਼ਣ ਰੋਕਣ ਲਈ ਕੀਤੇ ਜਾ ਰਹੇ ਉਪਾਵਾਂ ਦੀ ਪ੍ਰਭਾਵਸ਼ੀਲਤਾ ਦੀ ਜਾਂਚ ਕਰਨ ਲਈ ਛੋਟੀ ਤੋਂ ਛੋਟੀ ਜਾਣਕਾਰੀ ਹੋਣਾ ਲਾਜ਼ਮੀ ਹੈ। ਜਸਟਿਸ ਪ੍ਰਕਾਸ਼ ਸ਼?ਰੀਵਾਸਤਵ ਅਤੇ ਮਾਹਿਰ ਮੈਂਬਰ ਡਾ. ਏ. ਸੇਂਥਿਲ ਵੇਲ ਦੀ ਬੈਂਚ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪੇਸ਼ ਕੀਤੀ 15 ਦਸੰਬਰ ਦੀ ਸਟੇਟਸ ਰਿਪੋਰਟ ਦੀ ਸਮੀਖਿਆ ਕੀਤੀ। ਇਸ ਰਿਪੋਰਟ ਅਨੁਸਾਰ ਸੂਬੇ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਕੁੱਲ 1,511 ਸਰੋਤਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ’ਚੋਂ 692 ਸਰੋਤਾਂ ਨੂੰ ਬੰਦ ਕਰ ਦਿੱਤਾ ਗਿਆ ਹੈ, ਜਦਕਿ 819 ਸਰੋਤਾਂ ਵਿਰੁੱਧ ਅਜੇ ਕੋਈ ਕਾਰਵਾਈ ਨਹੀਂ ਕੀਤੀ ਗਈ। ਇਨ੍ਹਾਂ ’ਚ ਉਦਯੋਗਿਕ ਇਕਾਈਆਂ, ਡੇਅਰੀ ਰਹਿੰਦ-ਖੂੰਹਦ, ਨਗਰ ਨਿਗਮ ਦਾ ਨਿਕਾਸ, ਪਿੰਡਾਂ ਦਾ ਗੰਦਾ ਪਾਣੀ ਆਦਿ ਸ਼ਾਮਲ ਹਨ। ਟ੍ਰਿਬਿਊਨਲ ਨੇ ਸਿਰਫ਼ ਅੰਕੜਿਆਂ ਨਾਲ ਅਸੰਤੁਸ਼ਟੀ ਜ਼ਾਹਰ ਕਰਦਿਆਂ ਪੀ.ਪੀ.ਸੀ.ਬੀ. ਨੂੰ ਇੱਕ ਵਿਆਪਕ




ਰਿਪੋਰਟ ਜਮ?ਹਾਂ ਕਰਾਉਣ ਲਈ ਕਿਹਾ ਹੈ। ਇਸ ਵਿੱਚ ਹਰੇਕ ਜਲ ਸਰੋਤ ਦਾ ਨਾਂ, ਖੇਤਰਫਲ, ਉਨ੍ਹਾਂ ਦੀ ਅਸਲ ਲੋਕੇਸ਼ਨ, ਪਛਾਣੇ ਗਏ ਪ੍ਰਦੂਸ਼ਣ ਦੇ ਸਰੋਤ, ਮੌਜੂਦਾ ਪਾਣੀ ਦੀ ਕੁਆਲਿਟੀ ਅਤੇ ਬਾਕੀ ਬਚੇ ਸਰੋਤਾਂ ਨੂੰ ਬੰਦ ਕਰਨ ਦੀ ਡੈੱਡਲਾਈਨ ਸ਼ਾਮਲ ਹੋਣੀ ਚਾਹੀਦੀ ਹੈ। ਸਰਕਾਰ ਨੇ ਤਾਲਾਬਾਂ ਦੇ ਨਵੀਨੀਕਰਨ, ਸੀਵਰੇਜ ਟ?ਰੀਟਮੈਂਟ ਪਲਾਂਟਾਂ ਦੀ ਸਥਾਪਨਾ ਅਤੇ ਇਨ-ਸੀਟੂ ਰੈਮਿਡੀਏਸ਼ਨ ਪ੍ਰਣਾਲੀਆਂ ਲਈ 2028 ਤੱਕ ਦੀ ਸਮਾਂ-ਸੀਮਾ ਤੈਅ ਕੀਤੀ ਹੈ, ਜੋ ਕਿ ਫੰਡਾਂ ਦੀ ਉਪਲਬਧਤਾ ’ਤੇ ਨਿਰਭਰ ਕਰੇਗੀ। ਪੀ.ਪੀ.ਸੀ.ਬੀ. ਨੇ ਸੋਧੀ ਹੋਈ ਰਿਪੋਰਟ ਪੇਸ਼ ਕਰਨ ਲਈ 8 ਹਫ਼ਤਿਆਂ ਦਾ ਸਮਾਂ ਮੰਗਿਆ ਹੈ, ਜਿਸ ਨੂੰ ਅਦਾਲਤ ਨੇ ਪ੍ਰਵਾਨ ਕਰ ਲਿਆ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 18 ਮਾਰਚ, 2026 ਨੂੰ ਹੋਵੇਗੀ।

# ਲੋਹੜੀ ਦਾ ਤਿਉਹਾਰ ਦੇ ਮੱਦੇਨਜ਼ਰ ਲੋਕਾਂ ਲਈ ਖਜੂਰ ਤੇ ਪੰਜੀਰੀ ਵਾਲੇ ਲੱਡੂ ਬਣੇ ਪਹਿਲੀ ਪਸੰਦ

**ਕੌਮੀ ਪਤ੍ਰਿਕਾ**

ਤਰਨਤਾਰਨ 4 ਜਨਵਰੀ। ਜਿਉਂ-ਜਿਉਂ ਲੋਹੜੀ ਦਾ ਤਿਉਹਾਰ ਨਜ਼ਦੀਕ ਆ ਰਿਹਾ ਹੈ ਤਾਂ ਉਸ ਨੂੰ ਦੇਖਦੇ ਹੋਏ ਖਜੂਰ ਅਤੇ ਪੰਜੀਰੀ ਵਾਲੇ ਲੱਡੂ ਬਣਾਉਣ ਵਾਲੇ ਹਲਵਾਈਆਂ ਨੇ ਆਪਣਾ ਕੰਮ ਵੀ ਜੋਰਾਂ-ਸ਼ੋਰਾਂ ਨਾਲ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਲੋਕਾਂ ਵੱਲੋਂ ਧੜਾਧੜ ਖਜੂਰ ਅਤੇ ਲੱਡੂਆਂ ਦੀ ਖਰੀਦਦਾਰੀ ਕੀਤੀ ਜਾ ਰਹੀ ਹੈ। ਤਰਨਤਾਰਨ ਸ਼ਹਿਰ ਵਿਚ ਖਜੂਰ ਅਤੇ ਲੱਡੂ ਬਣਾਉਣ ਵਿਚ ਹਲਵਾਈ ਲੱਗੇ ਹੋਏ ਹਨ। ਇਸ ਸਬੰਧੀ ਖਜੂਰ ਅਤੇ ਲੱਡੂ ਬਣਾਉਣ ਵਾਲੇ ਹਲਵਾਈਆਂ ਸਵਿੰਦਰ ਸਿੰਘ ਅਰੋੜਾ, ਗੁਰਜੀਤ ਸਿੰਘ ਅਰੋੜਾ ਆਦਿ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਲੋਹੜੀ ਦੇ ਤਿਉਹਾਰ ਮੌਕੇ ਵੱਡੀ ਪੱਧਰ ’ਤੇ ਖਜੂਰ ਅਤੇ ਪੰਜੀਰੀ ਵਾਲੀ ਲੱਡੂਆਂ ਦੀ ਵਿਕਰੀ ਹੁੰਦੀ ਹੈ ਕਿਉਂਕਿ ਲੋਕ ਆਪਣੀਆਂ ਨਵ-ਵਿਆਹੀਆਂ ਲੜਕੀਆਂ ਨੂੰ ਪੰਜੀਰੀ ਵਾਲੀ ਲੱਡੂ ਭੇਜਦੇ ਹਨ ਅਤੇ ਲੜਕਿਆਂ ਦੇ ਲੋਹੜੀ ਮੌਕੇ ਵੀ ਪੰਜੀਰੀ ਵਾਲੇ ਲੱਡੂ ਵੰਡਦੇ ਹਨ, ਜਿਸ ਕਾਰਨ ਲੋਹੜੀ ਤਿਉਹਾਰ ਨਜ਼ਦੀਕ ਇਨ੍ਹਾਂ ਦੀ ਵੱਡੇ ਪੱਧਰ ’ਤੇ ਮੰਗ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜੀਰੀ ਵਾਲੇ ਲੱਡੂਆਂ ਅਤੇ ਖਜੂਰ ਦੀ ਭਾਰੀ ਮੰਗ ਨੂੰ ਦੇਖਦਿਆਂ ਹੋਇਆਂ ਇਨ੍ਹਾਂ ਨੂੰ ਤਿਆਰ ਕਰਨ ਲਈ ਹਲਵਾਈਆਂ ਦੀ ਗਿਣਤੀ ਵੀ ਵਧਾ ਦਿੱਤੀ ਜਾਂਦੀ ਹੈ ਤਾਂ ਜੋ ਲੋਕਾਂ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਇਹ ਸਾਮਾਨ ਮੁਹੱਈਆ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਖਜੂਰ ਜ਼ਿਆਦਾਤਰ ਤਰਨਤਾਰਨ ਸ਼ਹਿਰ ਵਿਚ ਹੀ ਤਿਆਰ ਹੁੰਦੀ ਹੈ, ਬਾਕੀ ਸ਼ਹਿਰਾਂ ਵਿਚ ਨਾ ਦੇ ਬਰਾਬਰ ਇਹ ਤਿਆਰ ਹੁੰਦੀ ਹੈ, ਜਿਸ ਕਾਰਨ ਬਾਹਰਲੇ ਜ਼ਿਲ੍ਹਿਆਂ ਵਿਚੋਂ ਲੋਕ ਆ ਕੇ ਖਜੂਰਾਂ ਖਰੀਦਦੇ ਹਨ ਕਿਉਂਕਿ ਇਹ ਖਾਣ ਵਿਚ ਵੀ ਬਹੁਤ ਹੀ ਸਵਾਦਿਸ਼ਟ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜੀਰੀ ਵਾਲੇ ਲੱਡੂ ਤਿਆਰ ਕਰਨ ਲਈ ਭੁੰਨਿਆ ਹੋਇਆ ਰਵਾ, ਚੈਰੀ, ਸੌਂਫ, ਖੰਡ, ਗਿਰੀ, ਕ੍ਰਿਸਮਿਸ ਆਦਿ ਸਾਮਾਨ ਪਾ ਕੇ ਤਿਆਰ ਕੀਤਾ ਜਾਂਦਾ ਹੈ ਅਤੇ ਖਜੂਰ ਵਿਚ ਮੈਦਾ, ਖੰਡ ਅਤੇ ਘਿਓ ਪਾ ਕੇ ਤਿਆਰ ਕੀਤੀ ਜਾਂਦੀ ਹੈ।



ਉਨ੍ਹਾਂ ਕਿਹਾ ਕਿ ਲੋਹੜੀ ਤਿਉਹਾਰ ਨਜ਼ਦੀਕ ਆ ਰਿਹਾ ਹੈ ਅਤੇ ਖਜੂਰਾਂ ਅਤੇ ਪੰਜੀਰੀ ਵਾਲੇ ਲੱਡੂਆਂ ਦੀ ਮੰਗ ਵੱਧ ਰਹੇ, ਜਿਸ ਕਾਰਨ ਪੰਜੀਰੀ ਵਾਲੇ ਲੱਡੂ ਅਤੇ ਖਜੂਰਾਂ ਤਿਆਰ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਗ੍ਰਾਹਕ ਖ?ਰੀਦ ਰਹੇ ਹਨ। ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਲੋਹੜੀ ਦਾ ਤਿਉਹਾਰ ਨਜ਼ਦੀਕ ਆ ਰਿਹਾ ਹੈ, ਤਿਵੇਂ-ਤਿਵੇਂ ਹੀ ਉਨ੍ਹਾਂ ਵੱਲੋਂ ਵੀ ਵੱਡੀ ਪੱਧਰ ’ਤੇ ਖਜੂਰਾਂ ਅਤੇ ਲੱਡੂਆਂ ਨੂੰ ਬਣਾਇਆ ਜਾ ਰਿਹਾ ਹੈ ਕਿਉਂਕਿ ਇਹ ਲੋਕਾਂ ਦੀ ਪਹਿਲੀ ਪਸੰਦ ਹੈ ਕਿਉਂਕਿ ਇਹ ਖਾਣ ਵਿਚ ਇੰਨੀਆਂ ਸਵਾਦਿਸ਼ਟ ਹੁੰਦੀਆਂ ਹਨ ਕਿ ਇਸ ਨੂੰ ਹਰ ਕੋਈ ਵਿਅਕਤੀ ਪਸੰਦ ਕਰਦਾ ਹੈ, ਉਥੇ ਇਸ ਨੂੰ ਬੱਚੇ-ਬਜ਼ੁਰਗ ਬਹੁਤ ਜ਼ਿਆਦਾ ਪਸੰਦ ਕਰਦੇ ਹਨ। ਇਥੇ ਦੱਸਣਾ ਪੈਂਦਾ ਹੈ ਕਿ ਪੰਜੀਰੀ ਵਾਲੇ ਲੱਡੂ ਅਤੇ ਮੈਦੇ ਤੋਂ ਬਣੀਆਂ ਖਜੂਰਾਂ ਨੂੰ ਲੋਹੜੀ ਦੇ ਤਿਉਹਾਰ ਮੌਕੇ ਜਿੱਥੇ ਬਹੁਤ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ, ਉਥੇ ਬਾਹਰਲੇ ਜ਼ਿਲ੍ਹਿਆਂ ਤੋਂ ਵੀ ਲੋਕ ਤਰਨਤਾਰਨ ਆ ਕੇ ਇਸ ਦੀ ਖਰੀਦਦਾਰੀ ਕਰਦੇ ਹਨ ਕਿਉਂਕਿ ਪੰਜਾਬ ਵਿਚ ਉਨ੍ਹਾਂ ਜ਼ਿਲ੍ਹਿਆਂ ਵਿਚ ਬਹੁਤ ਹੀ ਘੱਟ ਮੈਦੇ ਤੋਂ ਖਜੂਰਾਂ ਬਣਾਉਣ ਦਾ ਕੰਮ ਹੁੰਦਾ ਹੈ।

## ਬੇਅਦਬੀ ’ਚ ਸ਼ਾਮਲ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ : ਪੰਨੂ

ਚੰਡੀਗੜ੍ਹ 4 ਜਨਵਰੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ ਵਿੱਚ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਵੱਡੀ ਸਫਲਤਾ ਹਾਸਲ ਕਰਦੇ ਹੋਏ ਮੁੱਖ ਮੁਲਜ਼ਮ ਚਾਰਟਰਡ ਅਕਾਊਂਟੈਂਟ (ਸੀਏ) ਸਤਿੰਦਰ ਸਿੰਘ ਕੋਹਲੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਜਾਣਕਾਰੀ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਅਤੇ ਆਪ ਪੰਜਾਬ ਦੇ ਸੀਨੀਅਰ ਆਗੂ ਬਲਤੇਜ ਪੰਨੂ ਨੇ ਦਿੱਤੀ। ’ਆਪ’ ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅੱਜ ਸਿੱਖ ਸੰਗਤਾਂ ਲਈ ਇਹ ਬਹੁਤ ਵੱਡੀ ਪ੍ਰਾਪਤੀ ਹੈ, ਜਿਸ ਦਾ ਪਿਛਲੇ ਚਾਰ-ਪੰਜ ਸਾਲਾਂ ਤੋਂ ਇੰਤਜ਼ਾਰ ਕੀਤਾ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਹਾਈ ਕੋਰਟ ਦੇ ਨਿਰਦੇਸ਼ਾਂ ’ਤੇ ਦਰਜ ਮਾਮਲੇ ਵਿੱਚ ਅੱਜ ਐੱਸਆਈਟੀ ਨੇ ਚੰਡੀਗੜ੍ਹ ਦੇ ਇੱਕ ਹੋਟਲ ਤੋਂ ਸਤਿੰਦਰ ਸਿੰਘ ਕੋਹਲੀ ਨੂੰ ਗ੍ਰਿਫ਼ਤਾਰ ਕੀਤਾ ਹੈ। ਕੋਹਲੀ ਐਸਜੀਪੀਸੀ ਦਾ ਚਾਰਟਰਡ ਅਕਾਊਂਟੈਂਟ ਰਿਹਾ ਹੈ ਅਤੇ ਲਾਪਤਾ ਸਰੂਪਾਂ ਦੇ ਮਾਮਲੇ ਵਿੱਚ ਮੁੱਖ ਮੁਲਜ਼ਮ ਹੈ। ਵਿਧਾਇਕ ਧਾਲੀਵਾਲ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਸਿੱਖ ਸੰਗਤਾਂ ਇਸ ਮਾਮਲੇ ਵਿੱਚ ਇਨਸਾਫ਼ ਦੀ ਮੰਗ ਨੂੰ ਲੈ ਕੇ ਵੱਡੀ ਲਾਮਬੰਦੀ ਕਰਦੀਆਂ ਰਹੀਆਂ ਹਨ ਅਤੇ ਧਰਨੇ-ਪ੍ਰਦਰਸ਼ਨ ਕੀਤੇ ਗਏ ਹਨ। ਸਿੱਖ ਪੰਥ ਦੇ ਪ੍ਰਸਿੱਧ ਕੀਰਤਨਕਾਰ ਭਾਈ ਬਲਦੇਵ ਸਿੰਘ ਵਡਾਲਾ ਦੀ ਅਗਵਾਈ ਵਿੱਚ ਵੀ ਵੱਡੀ ਲਾਮਬੰਦੀ ਹੋਈ ਸੀ। ਉਨ੍ਹਾਂ ਕਿਹਾ ਕਿ ਇਸ ਕੇਸ ਵਿੱਚ ਇਹ ਪਹਿਲੀ ਗ੍ਰਿਫ਼ਤਾਰੀ ਹੈ ਅਤੇ ਉਹ ਵੀ ਮੁੱਖ ਮੁਲਜ਼ਮ ਦੀ। ਧਾਲੀਵਾਲ ਨੇ ਸਿੱਖ ਸੰਗਤਾਂ ਨੂੰ ਵਿਸ਼ਵਾਸ ਦਿਵਾਇਆ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਲਾਪਤਾ ਕਰਨ ਵਾਲੇ ਸਾਰੇ 16 ਦੋਸ਼ੀਆਂ ਨੂੰ ਫੜ ਕੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜਿਆ ਜਾਵੇਗਾ। ਇਹ ਪੰਜਾਬ ਸਰਕਾਰ ਦੀ ਵਚਨਬੱਧਤਾ ਹੈ। ਦੂਜੇ ਪਾਸੇ ਆਪ ਪੰਜਾਬ ਦੇ ਸੀਨੀਅਰ ਆਗੂ ਬਲਤੇਜ ਪੰਨੂ ਨੇ ਦੱਸਿਆ ਕਿ ਮਾਨਯੋਗ ਪੰਜਾਬ-ਹਰਿਆਣਾ ਹਾਈ ਕੋਰਟ ਨੇ ਪਿਛਲੇ ਦਿਨੀਂ 328 ਪਾਵਨ ਸਰੂਪਾਂ ਦੀ ਗੁੰਮਸ਼ੁਦਗੀ ਨਾਲ ਸਬੰਧਤ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਜਾਂਚ ਦੇ ਨਿਰਦੇਸ਼ ਦਿੱਤੇ ਸਨ। ਇਸ ਤੋਂ ਬਾਅਦ ਪੰਜਾਬ ਪੁਲਸ ਨੇ 16 ਲੋਕਾਂ ਖ਼?ਲਾਫ਼ ਐਫਆਈਆਰ ਦਰਜ ਕੀਤੀ ਅਤੇ ਐਸਆਈਟੀ ਦਾ ਗਠਨ ਕੀਤਾ ਗਿਆ। ਪੰਨੂ ਨੇ ਦੱਸਿਆ ਕਿ ਸਾਰੇ 16 ਨਾਮਜ਼ਦ ਮੁਲਜ਼ਮਾਂ ਖ਼?ਲਾਫ਼ ਲੁੱਕ ਆਊਟ ਸਰਕੂਲਰ ਜਾਰੀ ਕੀਤਾ ਗਿਆ ਹੈ। ਸਤਿੰਦਰ ਸਿੰਘ ਕੋਹਲੀ ਦੇ ਗ੍ਰਿਫ਼ਤਾਰੀ ਵਾਰੰਟ ਪਹਿਲਾਂ ਹੀ ਜਾਰੀ ਸਨ, ਜੋ ਪੁਲਿਸ ਤੋਂ ਬਚਦੇ ਹੋਏ ਚੰਡੀਗੜ੍ਹ ਦੇ ਇੱਕ ਹੋਟਲ ਵਿੱਚ ਰੁਕਿਆ ਹੋਇਆ ਸੀ।

## ਸਰਕਾਰ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ’ਚ ਦਖਲ ਦੇ ਕੇ ਲੋਕਾਂ ਦਾ ਧਿਆਨ ਭਟਕਾਉਣ ਦੀ ਕਰ ਰਹੀ ਕੋਸ਼ਿਸ਼: ਐਡਵੋਕੇਟ ਧਾਮੀ

**ਏਜੰਸੀਆਂ**

ਅੰਮ੍ਰਿਤਸਰ 4 ਜਨਵਰੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਗੁਰੂ



ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਨਾਲ ਸਬੰਧਤ ਮਾਮਲੇ ’ਤੇ ਸਰਕਾਰ ਵੱਲੋਂ ਕੀਤੀ ਜਾ ਰਹੀ ਸਿਆਸਤ ’ਤੇ ਗੰਭੀਰ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਸਰਕਾਰ ਦੋਹਰੀ ਨੀਤੀ ਅਪਣਾ ਕੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਮਾਨ ਸਰਕਾਰ ਦੇ ਕਾਰਜਕਾਲ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਨਿਰੰਤਰ ਸਾਹਮਣੇ ਆ ਰਹੀਆਂ ਹਨ, ਜਦਕਿ ਦੂਜੇ ਪਾਸੇ ਇਨ੍ਹਾਂ ਗੰਭੀਰ ਮਾਮਲਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਪ੍ਰਬੰਧਕੀ ਮਾਮਲਿਆਂ ਵਿਚ ਜਾਣਬੁੱਝ ਕੇ ਦਖਲ ਦਿੱਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਸਰਕਾਰ ਬਰਗਾੜੀ ਬੇਅਦਬੀ ਮਾਮਲੇ ਸਮੇਤ ਹੋਰ ਬੇਅਦਬੀ ਦੀਆਂ ਘਟਨਾਵਾਂ ’ਚ ਇਨਸਾਫ਼ ਦੇਣ ਵਿਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਨਾ ਸਿਰਫ਼ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿਚ ਸਰਕਾਰ ਅਸਫਲ ਰਹੀ ਹੈ, ਸਗੋਂ ਬੇਅਦਬੀ ਦੀਆਂ ਘਟਨਾਵਾਂ ਰੋਕਣ ਵਿਚ ਵੀ ਕੋਈ ਠੋਸ ਅਤੇ ਪ੍ਰਭਾਵਸ਼ਾਲੀ ਕਦਮ ਨਹੀਂ ਚੁੱਕੇ ਗਏ ਐਡਵੋਕੇਟ ਧਾਮੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ 328 ਪਾਵਨ ਸਰੂਪਾਂ ਦੇ ਸ਼੍ਰੋਮਣੀ ਕਮੇਟੀ ਵੱਲੋਂ ਨਜਿੱਠੇ ਜਾ ਚੁੱਕੇ ਮਾਮਲੇ ਵਿਚ ਪੰਜਾਬ ਸਰਕਾਰ ਸਿਆਸਤ ਕਰਨ ਤੋਂ ਬਾਜ ਆਵੇ ਅਤੇ ਇਸ ਸਬੰਧੀ ਕਰੜੇ ਸੰਘਰਸ਼ ਲਈ ਮਜ਼ਬੂਰ ਨਾ ਕਰੇ।

# ਪੰਜਾਬ ਪੁਲਸ ’ਚ ਫੇਰਬਦਲ, ਥਾਣਾ ਮੁਖੀਆਂ ਸਣੇ 50 ਕਰਮਚਾਰੀਆਂ ਦੇ ਤਬਾਦਲੇ

**ਕੌਮੀ ਪਤ੍ਰਿਕਾ**

ਤਰਨਤਾਰਨ 4 ਜਨਵਰੀ। ਜ਼ਿਲ੍ਹੇ ਦੇ ਐੱਸ.ਐੱਸ.ਪੀ ਸੁਰਿੰਦਰ ਲਾਂਬਾ ਵੱਲੋਂ ਨਵੇਂ ਸਾਲ ਦੇ ਪਹਿਲੇ ਦਿਨ ਚੜ੍ਹਦੇ ਸਾਰ ਹੀ ਵੱਖ-ਵੱਖ ਥਾਣਿਆਂ ਦੇ ਮੁਖੀਆਂ ਸਮੇਤ ਪੰਜਾਬ ਪੁਲਸ ਕਰਮਚਾਰੀਆਂ ਨੂੰ ਇਧਰੋਂ-ਉਧਰ ਕਰਨ ਦਾ ਫ਼ੁਰਮਾਨ ਜਾਰੀ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਲੰਮੇਂ ਸਮੇਂ ਤੋਂ ਇਲੈਕਸ਼ਨ ਸੈੱਲ ਵਿਚ ਤੈਨਾਤ ਇੰਸਪੈਕਟਰ ਪ੍ਰਭਜੀਤ ਸਿੰਘ ਨੂੰ ਥਾਣਾ ਗੋਇੰਦਵਾਲ ਸਾਹਿਬ ਦਾ ਮੁਖੀ, ਸਬ ਇੰਸਪੈਕਟਰ ਰਾਜ ਕੁਮਾਰ ਨੂੰ ਥਾਣਾ ਚੋਹਲਾ ਸਾਹਿਬ, ਸਬ ਇੰਸਪੈਕਟਰ ਅਵਤਾਰ ਸਿੰਘ ਨੂੰ ਥਾਣਾ ਖੇਮਕਰਨ ਅਤੇ ਸਬ ਇੰਸਪੈਕਟਰ ਬਲਜਿੰਦਰ ਸਿੰਘ ਨੂੰ ਥਾਣਾ ਸਰਾਏ ਅਮਾਨਤ ਖਾਂ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਜ਼ਿਲ੍ਹੇ ਦੇ ਐੱਸ.ਐੱਸ.ਪੀ ਸੁਰਿੰਦਰ ਲਾਂਬਾ ਵੱਲੋਂ ਵੀਰਵਾਰ ਸਵੇਰੇ ਜਾਰੀ ਕੀਤੀ ਗਈ ਸੂਚੀ ਵਿਚ ਇੰਸਪੈਕਟਰ, ਸਬ ਇੰਸਪੈਕਟਰ, ਏ.ਐੱਸ.ਆਈ, ਹੈੱਡ ਕਾਂਸਟੇਬਲ ਅਤੇ ਕਾਂਸਟੇਬਲ ਸਣੇ ਕੁੱਲ 50 ਪੁਲਸ ਕਰਮਚਾਰੀਆਂ ਨੂੰ ਜ਼ਿਲ੍ਹੇ ਵਿਚ ਇਧਰੋਂ-ਉਧਰ ਕਰਨ ਦੀ ਸੂਚੀ ਜਾਰੀ ਕੀਤੀ ਗਈ ਹੈ। ਇਸ ਜਾਰੀ ਕੀਤੀ ਗਈ ਸੂਚੀ ਵਿਚ ਇਲੈਕਸ਼ਨ ਸੈੱਲ ’ਚ ਤੈਨਾਤ ਇੰਸਪੈਕਟਰ ਪ੍ਰਭਜੀਤ ਸਿੰਘ ਨੂੰ ਥਾਣਾ ਗੋਇੰਦਵਾਲ ਸਾਹਿਬ ਦਾ ਮੁਖੀ, ਸਬ ਇੰਸਪੈਕਟਰ ਰਾਜ ਕੁਮਾਰ ਨੂੰ ਥਾਣਾ ਚੋਹਲਾ ਸਾਹਿਬ, ਸਬ ਇੰਸਪੈਕਟਰ ਅਵਤਾਰ ਸਿੰਘ ਸੋਨਾ ਨੂੰ ਥਾਣਾ ਖੇਮਕਰਨ, ਸਬ ਇੰਸਪੈਕਟਰ ਬਲਜਿੰਦਰ ਸਿੰਘ ਨੂੰ ਥਾਣਾ ਸਰਾਏ ਅਮਾਨਤ ਖਾਂ, ਸਬ ਇੰਸਪੈਕਟਰ ਬਲਬੀਰ ਸਿੰਘ ਨੂੰ ਥਾਣਾ ਹਰੀਕੇ ਅਤੇ ਸਬ ਇੰਸਪੈਕਟਰ ਬਲਰਾਜ ਸਿੰਘ ਨੂੰ ਥਾਣਾ ਵਲਟੋਹਾ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਥਾਣਾ ਚੋਹਲਾ ਸਾਹਿਬ ਦੇ ਮੁਖੀ ਸਬ ਇੰਸਪੈਕਟਰ ਬਲਜਿੰਦਰ ਸਿੰਘ ਨੂੰ ਪੁਲਸ ਲਾਈਨ, ਥਾਣਾ ਹਰੀਕੇ ਦੇ ਮੁਖੀ ਸਬ ਇੰਸਪੈਕਟਰ ਬਲਰਾਜ ਸਿੰਘ ਨੂੰ ਸੀ.ਆਈ.ਏ ਸਟਾਫ ਤਰਨਤਾਰਨ, ਪੁਲਸ ਲਾਈਨ ਵਿਚ ਤੈਨਾਤ ਸਬ ਇੰਸਪੈਕਟਰ ਬਲਜੀਤ ਕੌਰ ਨੂੰ




ਸੀ.ਆਈ.ਏ ਸਟਾਫ ਤਰਨਤਾਰਨ ਭੇਜ ਦਿੱਤਾ ਗਿਆ ਹੈ। ਜਦ ਕਿ ਪੁਲਸ ਚੌਂਕੀ ਫਤਿਆਬਾਦ ਦੇ ਇੰਚਾਰਜ ਏ.ਐੱਸ.ਆਈ ਹਰਜਿੰਦਰ ਸਿੰਘ ਨੂੰ ਉਸੇ ਚੌਂਕੀ ਵਿਚ ਤੈਨਾਤ ਕੀਤਾ ਗਿਆ ਹੈ ਜਦਕਿ ਉਨ੍ਹਾਂ ਦੀ ਜਗ?ਹਾ ਹੁਣ ਇੰਸਪੈਕਟਰ ਬਲਵਿੰਦਰ ਸਿੰਘ ਨੂੰ ਚੌਂਕੀ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੁਲਸ ਲਾਈਨ ਵਿਚ ਤੈਨਾਤ ਏ.ਐੱਸ.ਆਈ ਜਸਪ੍ਰੀਤ ਸਿੰਘ ਨੂੰ ਥਾਣਾ ਸਰਹਾਲੀ, ਏ.ਐੱਸ.ਆਈ ਦਿਲਬਾਗ ਸਿੰਘ ਨੂੰ ਥਾਣਾ ਸਿਟੀ ਪੱਟੀ, ਏ.ਐੱਸ.ਆਈ ਗੁਰਮੀਤ ਸਿੰਘ ਨੂੰ ਥਾਣਾ ਵੈਰੋਵਾਲ, ਏ.ਐੱਸ.ਆਈ ਅਮਰਜੀਤ ਸਿੰਘ ਨੂੰ ਥਾਣਾ ਝਬਾਲ, ਹੈੱਡ ਕਾਂਸਟੇਬਲ ਸੁਖਬੀਰ ਸਿੰਘ ਨੂੰ ਥਾਣਾ ਸਦਰ ਤਰਨਤਾਰਨ, ਹੈੱਡ ਕਾਂਸਟੇਬਲ ਗੁਰਪ੍ਰੀਤ ਸਿੰਘ ਨੂੰ ਥਾਣਾ ਸਦਰ ਪੱਟੀ, ਹੈੱਡ ਕਾਂਸਟੇਬਲ ਅਰਸ਼ਦੀਪ ਸਿੰਘ ਨੂੰ ਮੁੱਖ ਮੁਨਸ਼ੀ ਥਾਣਾ ਸਰਹਾਲੀ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਥਾਣਾ ਸਿਟੀ ਤਰਨਤਾਰਨ ਵਿਖੇ ਤੈਨਾਤ ਏ.ਐੱਸ.ਆਈ ਮਨਜਿੰਦਰ ਸਿੰਘ ਨੂੰ ਥਾਣਾ ਵੈਰੋਵਾਲ, ਹੈੱਡ ਕਾਂਸਟੇਬਲ ਅਮਨਜੀਤ ਸਿੰਘ ਨੂੰ ਥਾਣਾ ਸਿਟੀ ਤਰਨਤਾਰਨ ਤੋਂ ਥਾਣਾ ਵੈਰੋਵਾਲ, ਹੈੱਡ ਕਾਂਸਟੇਬਲ ਅੰਗਰੇਜ਼ ਸਿੰਘ ਨੂੰ ਮੁੱਖ ਮੁਨਸ਼ੀ ਥਾਣਾ ਹਰੀਕੇ ਅਤੇ ਏ.ਐੱਸ.ਆਈ ਸੁਖਬੀਰ ਕੌਰ ਨੂੰ ਥਾਣਾ ਗੋਇੰਦਵਾਲ ਸਾਹਿਬ ਤੋਂ ਥਾਣਾ ਸਿਟੀ ਤਰਨਤਾਰਨ ਵਿਖੇ ਨਿਯੁਕਤ ਕੀਤਾ ਗਿਆ ਹੈ।